

ਵ. ਇ. ਲੈਨਿਨ

# ਦੂਜੀ ਇੰਟਰਨੈਸ਼ਨਲ ਦਾ ਪਤਣ

ਸਭਨਾਂ ਦੇਸ਼ਾਂ ਦੇ ਮਜ਼ਦੂਰੋ, ਇੱਕ ਹੋ ਜਾਓ!

*ਵ. ਇ. ਲੈਨਿਨ*

# ਦੂਜੀ ਇੰਟਰਨੈਸ਼ਨਲ ਦਾ ਪਤਨ

**ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ**

**(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)**

**ਸੋਵੀਅਤ ਪ੍ਰਕਾਸ਼ਕ ਵਲੋਂ**

ਇਸ ਪੁਸਤਕ ਦਾ ਅਨੁਵਾਦ ਸੋਵੀਅਤ ਯੂਨੀਅਨ ਦੇ ਮਾਰਕਸਵਾਦ-ਲੈਨਿਨਵਾਦ ਇੰਸਟੀਚਿਊਟ ਵੱਲੋਂ ਰੂਸੀ ਵਿੱਚ ਪ੍ਰਕਾਸ਼ਿਤ ਕੀਤੀਆਂ ਲੈਨਿਨ ਦੀਆਂ ਸੰਗ੍ਰਹਿਤ ਰਚਨਾਵਾਂ ਦੀ ਪੰਜਵੀਂ ਛਾਪ ਦੀ 26ਵੀਂ ਸੈਂਚੀ ਤੋਂ ਕੀਤਾ ਗਿਆ ਹੈ।

ਪਹਿਲੀ ਵਾਰ ਪੰਜਾਬੀ ਅਨੁਵਾਦ, ਪ੍ਰਗਤੀ ਪ੍ਰਕਾਸ਼ਨ, ਮਾਸਕੋ, ਸੋਵੀਅਤ ਯੂਨੀਅਨ, 1977 ਵਿੱਚ ਛਪਿਆ।

ਇਹ ਐਡੀਸ਼ਨ — ਸਤੰਬਰ 2011

ਟਾਈਟਲ ਕਵਰ — ਅਜੇ ਪਾਲ

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ, ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 45 ਰੁਪਏ**

ਦੂਜੀ ਇੰਟਨੈਸ਼ਨਲ ਦੇ ਪਤਣ ਦਾ ਅਰਥ ਕਈ ਵਾਰ ਮਾਮਲੇ ਦੇ ਰਸਮੀ ਪੱਖ ਨੂੰ ਹੀ ਸਮਝ ਲਿਆ ਜਾਂਦਾ ਹੈ, ਅਰਥਾਤ ਯੁੱਧ ਵਿੱਚ ਸ਼ਾਮਲ ਦੇਸ਼ਾਂ ਦੀਆਂ ਸੋਸ਼ਲਿਸਟ ਪਾਰਟੀਆਂ ਵਿਚਕਾਰ ਕੌਮਾਂਤਰੀ ਸੰਚਾਰ ਵਿੱਚ ਰੋਕ, ਇੱਕ ਕੌਮਾਂਤਰੀ ਕਾਨਫਰੰਸ ਜਾਂ ਕੌਮਾਂਤਰੀ ਸੋਸ਼ਲਿਸਟ ਬਿਊਰੋ[1] ਦੀ ਇਤ੍ਰਤਾ ਸੱਦਣ ਦੀ ਅਸਭੰਵਤਾ ਆਦਿ। ਨਿੱਕੇ ਨਿਰਪੱਖ ਦੇਸ਼ਾਂ ਦੇ ਕੁਝ ਸੋਸ਼ਲਿਸਟ, ਸ਼ਾਇਦ ਉਹਨਾਂ ਦੇਸ਼ਾਂ ਦੀ ਪ੍ਰਵਾਨਤ ਸੋਸ਼ਲਿਸਟ ਪਾਰਟੀਆਂ ਦੀ ਬਹੁ-ਗਿਣਤੀ ਵੀ ਅਤੇ ਮੌਕਾ-ਪ੍ਰਸਤ ਅਤੇ ਉਹਨਾਂ ਦੇ ਰੱਖਿਅਕ ਵੀ ਇਹੋ ਵਿਚਾਰ ਰੱਖਦੇ ਹਨ। ਡੂੰਘੀ ਸਤਿਕਾਰਯੋਗ-ਨਿਰਛਲਤਾ ਨਾਲ਼ ਰੂਸੀ ਅਖ਼ਬਾਰਾਂ ਵਿੱਚ ਸ਼੍ਰੀ ਵ. ਕੋਸੋਵਸਕੀ ਨੇ ਬੁੰਦ ਦੇ "ਸੂਚਨਾ ਬੁਲੇਟਨ" ਦੇ ਅੰਕ 8 ਵਿੱਚ ਇਸ ਵਿਚਾਰ ਦੀ ਹਮਾਇਤ ਕੀਤੀ ਹੈ ਅਤੇ ਰਸਾਲੇ ਦੇ ਸੰਪਾਦਕਾਂ ਨੇ ਇਸ ਗੱਲ ਦਾ ਕੋਈ ਸੰਕੇਤ ਨਹੀਂ ਦਿੱਤਾ ਕਿ ਉਹ ਲੇਖਕ ਨਾਲ਼ ਅਸਹਿਮਤ ਹਨ। ਸਾਨੂੰ ਆਸ ਹੈ ਕਿ ਸ਼੍ਰੀ ਕੋਸੋਵਸਕੀ ਦੀ ਕੌਮਪ੍ਰਸਤੀ ਦੀ ਹਮਾਇਤ, ਜਿਸ ਵਿੱਚ ਉਹ ਯੁੱਧ ਲਈ ਰਕਮਾਂ ਦੇ ਹੱਕ ਵਿੱਚ ਵੋਟ ਦੇਣ ਵਾਲ਼ੇ ਜਰਮਨ ਸੋਸ਼ਲ-ਡੈਮੋਕਰੈਟਾਂ ਦੀ ਹਮਾਇਤ ਤੱਕ ਚਲਾ ਗਿਆ, ਅੰਤ ਅਨੇਕ ਕਾਮਿਆਂ ਨੂੰ ਬੁੰਦ[2] ਦਾ ਬੁਰਜੂਆ-ਕੌਮਪ੍ਰਸਤ ਖ਼ਾਸਾ ਸਮਝਣ ਵਿੱਚ ਸਹਾਇਤਾ ਦੇਵੇਗੀ।

ਸ਼੍ਰੇਣੀ ਚੇਤੰਨ ਕਾਮਿਆਂ ਲਈ ਸੋਸ਼ਲਿਜ਼ਮ ਇੱਕ ਗੰਭੀਰ ਨਿਸ਼ਚਾ ਹੈ ਅਤੇ ਨਿੱਕ-ਬੁਰਜੂਆ ਸਮਝੌਤਾਵਾਦੀ ਅਤੇ ਕੌਮਪ੍ਰਸਤ-ਵਿਰੋਧੀ ਜਤਨਾਂ ਨੂੰ ਲੁਕਾਉਣ ਲਈ ਸੌਖੇ ਹੀ ਕੰਮ ਆਉਣ ਵਾਲ਼ਾ ਪਰਦਾ ਨਹੀਂ। ਇੰਟਰਨੈਸ਼ਨਲ ਦੇ ਨਿਘਾਰ ਦੇ ਅਰਥ ਉਹ ਵਧੇਰੇ ਪ੍ਰਵਾਨਤ ਸੋਸ਼ਲ-ਡੈਮੋਕਰੈਟਕ ਪਾਰਟੀਆਂ ਵੱਲੋਂ ਆਪਣੇ ਨਿਸ਼ਚਿਆਂ ਨਾਲ਼ ਕੀਤੇ ਨੀਚ ਵਿਸਾਹ-ਘਾਤ ਨੂੰ, ਸਟੁਟਗਾਰਟ ਅਤੇ ਬਾਸਲ ਦੀਆਂ ਕੌਮਾਂਤਰੀ ਕਾਂਗਰਸਾਂ ਵਿੱਚ ਕੀਤੀਆਂ ਉਹਨਾਂ ਦੀਆਂ ਅਤਿ ਗੰਭੀਰ ਤਕਰੀਰਾਂ ਨਾਲ਼ ਅਤੇ ਉਹਨਾਂ ਕਾਂਗਰਸਾਂ[3] ਦੇ ਪ੍ਰਸਤਾਵਾਂ ਨਾਲ਼, ਵਿਸਾਹ-ਘਾਤ, ਆਦਿ, ਨੂੰ ਸਮਝਦੇ ਹਨ। ਕੇਵਲ ਉਹੋ ਲੋਕ ਇਸ ਵਿਸਾਹ-ਘਾਤ ਨੂੰ ਵੇਖਣੋਂ ਅਸਮਰੱਥ ਰਹਿ ਸਕਦੇ ਹਨ ਜਿਹੜੇ ਇਹਨੂੰ ਵੇਖਣਾ ਨਹੀਂ ਚਾਹੁੰਦੇ ਜਾਂ ਇਹਨੂੰ ਵੇਖਣਾ ਜਿਨ੍ਹਾਂ ਲਈ ਲਾਹੇਵੰਦਾ ਨਹੀਂ। ਜੇ ਅਸੀਂ ਇਸ ਸਵਾਲ ਨੂੰ ਵਿਗਿਆਨਕ ਢੰਗ ਨਾਲ਼ ਅਰਥਾਤ ਸਮਕਾਲੀ ਸਮਾਜ ਵਿੱਚ ਸ਼੍ਰੇਣੀ ਸਬੰਧਾਂ ਦੇ ਦ੍ਰਿਸ਼ਟੀਕੋਣ ਤੋਂ ਸੂਤਰਤ ਕਰੀਏ ਤਾਂ ਅਸੀਂ ਇਹ ਕਹਿ ਸਕਦੇ ਹਾਂ ਕਿ ਵਧੇਰੇ ਸੋਸ਼ਲ-ਡੈਮੋਕਰੈਟਕ ਪਾਰਟੀਆਂ ਅਤੇ ਉਹਨਾਂ ਦੇ ਅੱਗੇ ਅੱਗੇ ਲੱਗ ਕੇ ਜਰਮਨ ਪਾਰਟੀ—ਜੋ ਦੂਜੀ ਇੰਟਰਨੈਸ਼ਨਲ ਵਿੱਚ ਸਭ ਤੋਂ ਵੱਡੀ ਅਤੇ ਸਭ ਤੋਂ ਵੱਧ ਅਸਰ ਵਾਲ਼ੀ ਪਾਰਟੀ ਹੈ—ਆਪਣੇ ਦੇਸ਼ ਦੀਆਂ ਫ਼ੌਜਾਂ ਦੇ ਜਰਮਨ ਸਟਾਫ਼ਾਂ, ਆਪਣੇ ਦੇਸ਼ਾਂ ਦੀਆਂ ਹਕੂਮਤਾਂ ਅਤੇ ਆਪਣੀਆਂ ਬੁਰਜੂਆਜ਼ੀਆਂ ਦੇ ਹੱਕ ਵਿੱਚ ਅਤੇ ਪ੍ਰੋਲੇਤਾਰੀ ਦੇ ਵਿਰੁੱਧ ਹੋ ਗਈਆਂ

ਹਨ। ਇਹ ਇੱਕ ਸੰਸਾਰ-ਇਤਿਹਾਸਕ ਮਹੱਤਤਾ ਵਾਲ਼ੀ ਘਟਨਾ ਹੈ ਜਿਹੜੀ ਅਤਿ-ਅੰਤ ਵਿਸਥਾਰ-ਪੂਰਵਕ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ। ਇੱਕ ਗੱਲ ਲੰਮੇ ਸਮੇਂ ਤੋਂ ਮੰਨੀ ਹੋਈ ਹੈ ਕਿ ਯੁੱਧ ਜਿਹੜੀ ਸਾਰੀ ਭਿਆਨਕਤਾ ਅਤੇ ਸਾਰੇ ਦੁੱਖ ਲਿਆਉਂਦਾ ਹੈ, ਉਹਨਾਂ ਸਭਨਾਂ ਦੇ ਬਾਵਜੂਦ ਉਹ ਹੇਠ ਲਿਖਿਆ, ਘੱਟ ਵੱਧ ਮਹੱਤਵਪੂਰਨ ਲਾਭ ਵੀ ਲਿਆਉਂਦਾ ਹੈ—ਇਹ ਬੜੀ ਬੇਕਿਰਕੀ ਨਾਲ਼ ਮਨੁੱਖੀ ਸੰਸਥਾਵਾਂ ਵਿੱਚ ਹਰ ਉਸ ਚੀਜ਼ ਨੂੰ ਪ੍ਰਗਟ ਕਰਦਾ ਹੈ, ਉਹਦਾ ਪਰਦਾ ਉਘੇੜਾ ਅਤੇ ਉਹਨੂੰ ਤਬਾਹ ਕਰਦਾ ਹੈ ਜਿਹੜੀ ਭ੍ਰਿਸ਼ਟ, ਅਧੋਗਾਣੀ ਅਤੇ ਮੁਰਦਾ ਹੈ। ਨਿਰਸੰਦੇਹ ਸੱਭਿਆ ਦੇਸ਼ਾਂ ਦੀ ਉੱਨਤ ਸ਼੍ਰੇਣੀ ਲਈ ਇਹ ਪ੍ਰਗਟ ਕਰਕੇ ਕਿ ਉਹਦੀਆਂ ਪਾਰਟੀਆਂ ਵਿੱਚ ਕਿੰਨਾਂ ਪਾਂ ਪਿਆ ਅਤੇ ਗੰਦਾ ਗੜ੍ਹ ਬਣ ਗਿਆ ਹੈ ਅਤੇ ਉਸੇ ਸ੍ਰੋਤ ਵਿੱਚੋਂ ਕਿੰਨੀ ਅਸਿਹ ਸੜ੍ਹੀ ਹੋਈ ਬੋ ਆ ਰਹੀ ਹੈ 1914-1915 ਦਾ ਯੂਰਪੀ ਯੁੱਧ ਕੁਝ ਚੰਗਾ ਕੰਮ ਕਰਨਾ ਸ਼ੁਰੂ ਕਰ ਰਿਹਾ ਹੈ।

## I

ਕੀ ਇਹ ਤੱਥ ਹੈ ਕਿ ਯੂਰਪ ਦੀਆਂ ਮੁੱਖ ਸੋਸ਼ਲਿਸਟ ਪਾਰਟੀਆਂ ਨੇ ਆਪਣੇ ਸਾਰੇ ਨਿਸ਼ਚਿਆਂ ਅਤੇ ਕੰਮਾਂ ਨਾਲ਼ ਗ਼ੱਦਾਰੀ ਕੀਤੀ ਹੈ ? ਨਿਰਸੰਦੇਹ ਇਹ ਇੱਕ ਅਜਿਹੀ ਗੱਲ ਹੈ ਜਿਸ ਸਬੰਧੀ ਨਾ ਤਾਂ ਗ਼ੱਦਾਰ ਵਿਚਾਰ ਕਰਦੇ ਹਨ ਅਤੇ ਨਾ ਉਹ ਜਿਨ੍ਹਾਂ ਨੂੰ ਇਸ ਗੱਲ ਦੀ ਪੂਰੀ ਸੋਝੀ ਹੈ—ਜਾਂ ਜਿਹੜੇ ਕਿਆਸ ਕਰਦੇ ਹਨ—ਕਿ ਉਹਨਾਂ ਨੂੰ ਇਹਨਾਂ ਵੱਲ ਮਿੱਤਰਤਾ ਅਤੇ ਸਹਿਣ ਦਾ ਵਤੀਰਾ ਅਖ਼ਤਿਆਰ ਕਰਨਾ ਪਵੇਗਾ। ਇਹ ਗੱਲ ਦੂਜੀ ਇੰਟਰਨੈਸ਼ਨਲ ਅੰਦਰ ਵੱਖ ਵੱਖ ਪ੍ਰਮਾਣਿਕ ਵਿਅਕਤੀਆਂ ਅਤੇ ਰੂਸੀ ਸੋਸ਼ਲ-ਡੈਮੋਕਰੈਟਾਂ ਵਿੱਚ ਉਹਨਾਂ ਜਿਹੇ ਹੀ ਵਿਚਾਰ ਰੱਖਣ ਵਾਲ਼ਿਆਂ ਨੂੰ ਕਿੰਨੀ ਅਸੁਖਾਵੀਂ ਕਿਉਂ ਨਾ ਲੱਗੇ, ਸਾਨੂੰ ਤੱਥਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ ਅਤੇ ਹਰ ਚੀਜ਼ ਦਾ ਅਸਲੀ ਨਾ ਲੈਣਾ ਚਾਹੀਦਾ ਹੈ; ਇਹ ਲਾਜ਼ਮੀ ਹੈ ਕਿ ਅਸੀਂ ਕਿਰਤੀਆਂ ਨੂੰ ਸੱਚ ਦੱਸੀਏ।

ਕੀ ਇਹ ਦੱਸਣ ਵਾਲ਼ੇ ਕੁਝ ਤੱਥ ਹਨ ਕਿ ਇਸ ਯੁੱਧ ਤੋਂ ਪਹਿਲਾਂ ਅਤੇ ਇਹਦੇ ਛਿੜਨ ਦੀ ਸੰਭਾਵਨਾ ਨੂੰ ਮੁੱਖ ਰੱਖਦੇ ਹੋਏ ਸੋਸ਼ਲਿਸਟ ਪਾਰਟੀਆਂ ਆਪਣੇ ਕੰਮਾਂ ਅਤੇ ਦਾਅ-ਪੇਚਾਂ ਸਬੰਧੀ ਕੀ ਵਿਚਾਰ ਰੱਖਦੀਆਂ ਸਨ ? ਨਿਰਸੰਦੇਹ ਅਜਿਹੇ ਤੱਥ ਹਨ। ਇਸ ਸਬੰਧੀ 1912 ਦੀ ਬਾਸਲ ਦੀ ਕੌਮਾਂਤਰੀ ਸੋਸ਼ਲਿਸਟ ਕਾਂਗਰਸ ਦਾ ਪ੍ਰਸਤਾਵ ਹੈ। ਅਸੀਂ ਸੋਸ਼ਲਿਜ਼ਮ ਦੇ "ਭੁਲਾ ਦਿੱਤੇ ਗਏ ਸਬਦਾਂ" ਦੀ ਚਿਤਾਉਣੀ ਵਜੋਂ ਇਹ ਪ੍ਰਸਤਾਵ ਅਤੇ ਉਸੇ ਵਰ੍ਹੇ ਹੋਈ ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦੀ ਹੇਮਨਿਤਸ[4] ਕਾਂਗਰਸ ਦਾ ਪ੍ਰਸਤਾਵ ਮੁੜ ਛਾਪ ਰਹੇ ਹਾਂ। ਇਹ ਪ੍ਰਸਤਾਵ ਸਭਨਾਂ ਦੇਸ਼ਾਂ ਵਿੱਚ ਵਿਸ਼ਾਲ ਯੁੱਧ-ਵਿਰੋਧੀ ਪ੍ਰਚਾਰਕੀ ਅਤੇ ਐਜੀਟੇਸ਼ਨੀ ਸਹਿਤ ਦਾ ਸਾਰ ਪੇਸ਼ ਕਰਦਾ ਹੈ ਅਤੇ ਇਹ ਯੁੱਧ ਅਤੇ ਯੁੱਧ ਸਬੰਧੀ ਦਾਅ-ਪੇਚਾਂ ਬਾਰੇ ਸੋਸ਼ਲਿਸਟ ਵਿਚਾਰਾਂ ਦੀ ਅਤਿ-ਅੰਤ ਮੁੰਕਮਲ ਅਤੇ ਸੰਖੇਪ, ਅਤਿ-ਅੰਤ ਗੰਭੀਰ ਅਤੇ ਰਸਮੀ ਵਿਆਖਿਆ ਹੈ। ਇਸ ਗੱਲ ਨੂੰ ਕਿ ਕੱਲ ਦੇ ਦੂਜੀ ਇੰਟਰਨੈਸ਼ਨਲ ਦੇ ਅਤੇ ਅੱਜ ਦੇ ਸਮਾਜੀ-ਅੰਧਰਾਸ਼ਟਰਵਾਦ ਦੇ ਅਧਿਕਾਰੀ ਨੇਤਾਵਾਂ ਵਿੱਚੋਂ ਕੋਈ ਵੀ—ਨਾ ਹੀ ਹਿੰਡਮੈਨ

ਅਤੇ ਗੇਦ ਅਤੇ ਨਾ ਹੀ ਕਾਊਟਸਕੀ ਅਤੇ ਪਲੈਖ਼ਾਨੋਵ—ਆਪਣੇ ਪਾਠਕਾਂ ਨੂੰ ਇਹ ਪ੍ਰਸਤਾਵ ਯਾਦ ਕਰਾਉਣ ਦੀ ਹਿੰਮਤ ਨਹੀਂ ਕਰਦਾ, ਬੰਦਾ ਵਿਸਾਹ-ਘਾਤ ਤੋਂ ਬਿਨਾਂ ਹੋਰ ਕੋਈ ਨਾਂ ਨਹੀਂ ਦੇ ਸਕਦਾ। ਜਾਂ ਤਾਂ ਉਹ ਇਸ ਸਬੰਧੀ ਚੁੱਪ ਹਨ ਅਤੇ ਜਾਂ (ਕਾਊਟਸਕੀ ਵਾਂਗ) ਦੂਜੈਲੀ ਮਹੱਤਤਾ ਵਾਲ਼ੀਆਂ ਟੂਕਾਂ ਦੇਂਦੇ ਹਨ ਅਤੇ ਹਰ ਉਸ ਚੀਜ਼ ਤੋਂ ਕੰਨੀਂ ਕਤਰਾਉਂਦੇ ਹਨ ਜਿਹੜੀ ਸੱਚਮੁੱਚ ਮਹੱਤਵਪੂਰਨ ਹੈ। ਇੱਕ ਹੱਥ ਅਤਿ-ਅੰਤ "ਖੱਬੇ-ਪੱਖੀ" ਅਤੇ ਪਰਲੇ ਦਰਜੇ ਦੇ ਇਨਕਲਾਬੀ ਪ੍ਰਸਤਾਵ ਅਤੇ ਦੂਜੇ ਹੱਥ ਅਤਿ-ਅੰਤ ਬੇਸ਼ਰਮੀ ਨਾਲ਼ ਇਹਨਾਂ ਪ੍ਰਸਤਾਵਾਂ ਨੂੰ ਭੁੱਲ ਜਾਣਾ ਜਾਂ ਤਿਆਗ ਦੇਣਾ—ਇਹ ਇੰਟਰਨੈਸ਼ਨਲ ਦੇ ਪਤਨ ਦੇ ਅਤਿ-ਅੰਤ ਉਘੜਵੇਂ ਪ੍ਰਗਟਾਵਾਂ ਵਿੱਚੋਂ ਇੱਕ ਹੈ ਅਤੇ ਇਹਦੇ ਨਾਲ਼ ਹੀ ਨਾਲ਼ ਇਸ ਗੱਲ ਦਾ ਇੱਕ ਅਤਿ-ਅੰਤ ਮਨਾਉਣਾ ਸਬੂਤ ਹੈ ਕਿ ਅੱਜ ਕੇਵਲ ਉਹੋ ਲੋਕ ਹੀ ਜਿਨ੍ਹਾਂ ਦਾ ਸਿਧੜ-ਪੁਣਾ ਪਹਿਲੀਆਂ ਦੇ ਪਖੰਡ ਨੂੰ ਕਾਇਮ ਰੱਖਣ ਦੀ ਹੱਦ ਤੱਕ ਅਪੜਦਾ ਹੈ ਇਹ ਮੰਨ ਸਕਦੇ ਹਨ ਕਿ ਕੇਵਲ ਪ੍ਰਸਤਾਵਾਂ ਰਾਹੀਂ ਸੋਸ਼ਲਿਜ਼ਮ "ਸੋਧਿਆ ਜਾ ਸਕਦਾ ਹੈ" ਅਤੇ "ਇਹਦੀ ਸੇਧ ਸਿੱਧੀ ਕੀਤੀ ਜਾ ਸਕਦੀ ਹੈ"।

ਬੰਦਾ ਕਹਿ ਸਕਦਾ ਹੈ ਕਿ ਇਹ ਅਜੇ ਕੱਲ ਦੀ ਗੱਲ ਹੈ ਕਿ ਜਦੋਂ ਹਿੰਡਮੈਨ ਨੇ ਸਾਮਰਾਜ ਦੀ ਹਮਾਇਤ ਦਾ ਵਤੀਰਾ ਅਪਣਾ ਲਿਆ ਤਾਂ ਸਭੇ "ਸਾਊ" ਸੋਸ਼ਲਿਸਟ ਉਹਨੂੰ ਇੱਕ ਸਿਰਫਿਰਿਆ ਖ਼ਬਤੀ ਸਮਝਦੇ ਸਨ ਅਤੇ ਘਿਰਣਾ ਦੇ ਰੌਂ ਤੇ ਬਿਨਾਂ ਕੋਈ ਵੀ ਉਹਦੀ ਗੱਲ ਨਹੀਂ ਸੀ ਕਰਦਾ। ਅੱਜ ਸਭਨਾਂ ਦੇਸ਼ਾਂ ਦੇ ਸਭ ਤੋਂ ਉੱਘੇ ਸੋਸ਼ਲ-ਡੈਮੋਕਰੈਟ ਲੀਡਰ ਹਿੰਡਮੈਨ ਦੀ ਥਾਂ ਤੱਕ ਡਿੱਗ ਗਏ ਹਨ ਅਤੇ ਉਹਨਾਂ ਵਿੱਚ ਫ਼ਰਕ ਕੇਵਲ ਵਿਚਾਰਾਂ ਅਤੇ ਸੁਭਾਅ ਦੀਆਂ ਭਾਹਾਂ ਦਾ ਹੀ ਹੈ। ਸਾਨੂੰ ਅਜਿਹੇ ਲੋਕਾਂ ਦੀ, ਜਿਹੋ ਜਿਹੇ ਮਿਸਾਲ ਵਜੋਂ "ਨਾਸ਼ੇ ਸਲੋਵੋ"[5] ਦੇ ਲੇਖਕ ਹਨ, ਸ਼ਹਿਰੀ ਦਲੇਰੀ ਨੂੰ ਜੋਖਣ ਜਾਂ ਉਹਦਾ ਲੱਛਣੀਕਰਨ ਕਰਨ ਲਈ ਕੋਈ ਲਗਭਗ ਯੋਗ ਪਾਰਲੀਮਾਨੀ ਸ਼ਬਦ ਨਹੀਂ ਮਿਲ ਰਹੇ, ਜਿਹੜੇ "ਸ੍ਰੀ" ਹਿੰਡਮੈਨ ਸਬੰਧੀ ਤਾਂ ਬੜੀ ਘਿਰਣਾ ਨਾਲ਼ ਲਿਖਦੇ ਹਨ ਪਰ ਜੋ "ਸਾਥੀ" ਕਾਊਟਸਕੀ ਸਬੰਧੀ ਬੜੇ ਸਤਿਕਾਰ (ਜਾਂ ਖੁਸ਼ਾਮਦੀ) ਭਰੇ ਢੰਗ ਨਾਲ਼ ਗੱਲ ਕਰਦੇ ਹਨ—ਜਾਂ ਚੁੱਪ ਰਹਿੰਦੇ ਹਨ। ਕੀ ਅਜਿਹੇ ਵਤੀਰੇ ਨੂੰ ਸੋਸ਼ਲਿਜ਼ਮ ਲਈ ਜਾਂ ਆਮ ਤੌਰ 'ਤੇ ਮਨੁੱਖ ਦੇ ਆਪਣੇ ਵਿਚਾਰਾਂ ਲਈ ਸਤਿਕਾਰ ਨਾਲ਼ ਸੁਮੇਲਿਆ ਜਾ ਸਕਦਾ ਹੈ ? ਜੇ ਤਹਾਨੂੰ ਨਿਸ਼ਚਾ ਹੈ ਕਿ ਹਿੰਡਮੈਨ ਦਾ ਅੰਧਰਾਸ਼ਟਰਵਾਦ ਮਕਰੀ ਅਤੇ ਤਬਾਹਕਰੂ ਹੈ ਤਾਂ ਕਿ ਇਸ ਤੋਂ ਇਹ ਸਿੱਟਾ ਨਹੀਂ ਨਿਕਲਦਾ ਕਿ ਤੁਸੀਂ ਆਪਣੀ ਪੜਚੋਲ ਅਤੇ ਹਮਲਿਆਂ ਦਾ ਰੁਖ਼ ਕਾਊਟਸਕੀ ਵੱਲ ਕਰੋ, ਜਿਹੜਾ ਅਜਿਹੇ ਵਿਚਾਰਾਂ ਦਾ **ਵਧੇਰੇ ਰਸੂਖ਼ ਵਾਲ਼ਾ** ਅਤੇ ਵਧੇਰੇ ਖ਼ਤਰਨਾਕ ਹਾਮੀ ਹੈ ?

ਸ਼ਾਇਦ ਕਿਸੇ ਹੋਰ ਥਾਂ ਨਾਲ਼ੋਂ ਵਧੇਰੇ ਵਿਸਥਾਰ ਨਾਲ਼ ਗੇਦ ਦੇ ਵਿਚਾਰ ਗੇਦਵਾਦੀ ਚਾਰਲਸ ਦੂਮਾ ਨੇ "ਅਸੀਂ ਕਿਹੋ ਜਿਹਾ ਅਮਨ ਚਾਹੁੰਦੇ ਹਾਂ ?" ਪੈਂਫਲਟ ਵਿੱਚ ਪ੍ਰਗਟ ਕੀਤੇ ਹਨ। ਇਹ "ਚੈਫ਼ ਦੂ ਕੈਬੀਨਤ ਦੇ ਜੁਲੇ ਗੇਦ" (ਜੁਲੇ ਗੇਦ ਦੀ ਕੈਬਿਨਟ ਦਾ ਮੁਖੀ), ਜਿਵੇਂ ਕਿ ਉਹ ਆਪਣੇ ਆਪ ਪੈਂਫ਼ਲਟ ਦੇ ਉੱਤਲੇ ਵਰਕੇ ਉੱਤੇ ਕਹਿੰਦਾ ਹੈ, ਸੁਭਾਵਕ ਹੀ ਸੋਸ਼ਲਿਸਟਾਂ ਦੇ ਪਹਿਲੀਆਂ ਦੇ ਦੇਸ਼-ਭਗਤਕ ਐਲਾਨਾਂ ਵਿੱਚੋਂ "ਟੂਕਾਂ ਪੇਸ਼ ਕਰਦਾ ਹੈ" (ਜਰਮਨ ਸਮਾਜ-

ਅੰਧਰਾਸ਼ਟਰਵਾਦੀ ਡੇਵਿਡ ਪਿੱਤਰੀ-ਭੂਮੀ ਦੀ ਰੱਖਿਆ ਸਬੰਧੀ ਆਪਣੇ ਤਾਜ਼ਾ ਪੈਂਫ਼ਲਟ ਵਿੱਚ ਐਨ ਇਹੋ ਕੁਝ ਕਰਦਾ ਹੈ), ਪਰ ਉਹ ਬਾਸਲ ਮੈਨੀਫ਼ੈਸਟੋ ਦਾ ਜ਼ਿਕਰ ਤੱਕ ਨਹੀਂ ਕਰਦਾ! ਐਨ ਇਸੇ ਤਰ੍ਹਾਂ ਪਲੈਖ਼ਾਨੋਵ, ਜਿਹੜਾ ਅਸਾਧਾਰਣ ਤੌਰ 'ਤੇ ਸਵੈ-ਮਗਨ ਰੌਂ ਵਿੱਚ ਅੰਧਰਾਸ਼ਟਰਵਾਦੀ ਯਭਲੀਆਂ ਮਾਰਦਾ ਹੈ, ਮੈਨੀਫ਼ੈਸਟੋ ਸਬੰਧੀ ਚੁੱਪ ਹੈ। ਕਾਊਟਸਕੀ ਦਾ ਵਤੀਰਾ ਐਨ ਪਲੈਖ਼ਾਨੋਵ ਜਿਹਾ ਹੈ: ਬਾਸਲ ਮੈਨੀਫ਼ੈਸਟੋ ਵਿੱਚੋਂ ਟੂਕ ਦੇਣ ਲੱਗਿਆਂ ਉਹ ਸਭੇ ਇਨਕਲਾਬੀ ਹਿੱਸੇ (ਅਰਥਾਤ ਇਹਦਾ ਬੁਨਿਆਦੀ ਤੱਤ) **ਛੱਡ ਦੇਂਦਾ ਹੈ**, ਸ਼ਾਇਦ ਸੈਂਸਰਸ਼ਿਪ ਦੇ ਨਿਯਮਾਂ ਦੇ ਬਹਾਨੇ। ਪੁਲਸ ਅਤੇ ਫ਼ੌਜ ਦੇ ਅਧਿਕਾਰੀਆਂ ਨੇ, ਜਿਨ੍ਹਾਂ ਦੇ ਨਿਯਮ ਸ਼੍ਰੇਣੀ ਘੋਲ਼ ਜਾਂ ਇਨਕਲਾਬ ਦਾ ਜ਼ਿਕਰ ਕਰਨ ਦੀ ਵੀ ਮਨਾਹੀ ਕਰਦੇ ਹਨ, ਸੋਸ਼ਲਿਜ਼ਮ ਦੇ ਗ਼ੱਦਾਰਾਂ ਦੀ ਬੜੇ ਸਮੇਂ ਸਿਰ ਸਹਾਇਤਾ ਕੀਤੀ ਹੈ।

ਸ਼ਾਇਦ ਬਾਸਲ ਦਾ ਮੈਨੀਫ਼ੈਸਟੋ ਇੱਕ ਥੋਥੀ ਸੱਦ ਹੈ, ਜਿਹੜੀ ਅਜੋਕੇ ਸਥੂਲ ਯੁੱਧ ਸਬੰਧੀ ਕਿਸੇ ਇਤਿਹਾਸਕ ਜਾਂ ਦਾਅ-ਪੇਚਾਂ ਸਬੰਧੀ ਨਿਸ਼ਚਿਤ ਤੱਤ ਤੋਂ ਖਾਲੀ ਹੈ?

ਇਹਦਾ ਉਲਟ ਸੱਚ ਹੈ। ਬਾਸਲ ਮੈਨੀਫ਼ੈਸਟੋ ਵਿੱਚ ਹੋਰਨਾਂ ਪ੍ਰਸਤਾਵਾਂ ਤੋਂ ਘੱਟ ਵਿਹਲੀ ਫ਼ਿਰਕਰੇਬਾਜ਼ੀ ਅਤੇ ਵਧੇਰੇ ਨਿਸ਼ਚਿਤ ਤੱਤ ਹੈ। ਬਾਸਲ ਦਾ ਪ੍ਰਸਤਾਵ ਐਨ **ਉਸੇ** ਯੁੱਧ ਦੀ ਗੱਲ ਕਰਦਾ ਹੈ ਜਿਹੜਾ ਹੁਣ ਛਿੜ ਪਿਆ, ਉਹਨਾਂ **ਸਾਮਰਾਜੀ** ਟੱਕਰਾਂ ਦੀ ਗੱਲ ਕਰਦਾ ਹੈ ਜਿਹੜੀਆਂ 1914-1915 ਵਿੱਚ ਭੜਕ ਉੱਠੀਆਂ। ਆਸਟਰੀਆ ਅਤੇ ਸਰਬੀਆ ਵਿਚਕਾਰ ਬਲਕਾਨ ਸਬੰਧੀ ਟੱਕਰਾਂ, ਆਸਟਰੀਆ ਅਤੇ ਇਟਲੀ ਵਿਚਕਾਰ ਅਲਬਾਨੀਆ ਸਬੰਧੀ, ਆਦਿ, ਬਰਤਾਨੀਆ ਅਤੇ ਜਰਮਨੀ ਵਿਚਕਾਰ ਆਮ ਤੌਰ 'ਤੇ ਮੰਡੀਆਂ ਅਤੇ ਬਸਤੀਆਂ ਲਈ ਟੱਕਰਾਂ, ਰੂਸ ਅਤੇ ਤੁਰਕੀ, ਆਦਿ ਵਿਚਕਾਰ ਆਰਮੀਨੀਆ ਅਤੇ ਕਸਤਨਤੁਨੀਆਂ ਸਬੰਧੀ ਟੱਕਰਾਂ—ਵਰਤਮਾਨ ਯੁੱਧ ਨੂੰ ਮੁੱਖ ਰੱਖਦੇ ਹੋਏ ਬਾਸਲ ਦਾ ਪ੍ਰਸਤਾਵ ਇਸੇ ਸਭ ਕੁਝ ਸਬੰਧੀ ਗੱਲ ਕਰਦਾ ਹੈ। ਇਸ ਪ੍ਰਸਤਾਵ ਤੋਂ ਇਹ ਸਿੱਟਾ ਨਿਕਲਦਾ ਹੈ ਕਿ "ਯੂਰਪ ਦੀਆਂ ਮਹਾਨ ਸ਼ਕਤੀਆਂ" ਵਿਚਕਾਰ **ਵਰਤਮਾਨ** ਯੁੱਧ ਨੂੰ **"ਘੱਟ ਤੋਂ ਘੱਟ ਹੱਦ ਤੱਕ ਵੀ ਜਨਤਾ ਦੇ ਹਿੱਤਾਂ ਵਿੱਚ ਹੋਣ ਵਾਲ਼ਾ ਕਹਿਣ ਲਈ ਤੁੱਛ ਤੋਂ ਤੁੱਛ ਕਾਰਨ ਵੀ ਨਹੀਂ ਮਿਲਦਾ।"**

ਜੇ ਪਲੈਖ਼ਾਨੋਵ ਅਤੇ ਕਾਊਟਸਕੀ—ਦੋ ਸਭ ਤੋਂ ਵੱਧ ਮਿਸਾਲੀ ਅਤੇ ਪ੍ਰਮਾਣਿਕ ਸੋਸ਼ਲਿਸਟਾਂ ਨੂੰ ਲੈਂਦੇ ਹੋਏ, ਜਿਨ੍ਹਾਂ ਨੂੰ ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਅਤੇ ਜਿਨ੍ਹਾਂ ਵਿੱਚੋਂ ਇੱਕ ਰੂਸੀ ਵਿੱਚ ਲਿਖਦਾ ਹੈ ਅਤੇ ਦੂਜੇ ਦਾ ਖ਼ਾਤਮੇਵਾਦੀ[6] ਰੂਸੀ ਵਿੱਚ ਅਨੁਵਾਦ ਕਰਦੇ ਹਨ—ਅੱਜ (ਐਕਸਲਰੋਦ ਦੀ ਸਹਾਇਤਾ ਨਾਲ਼) ਯੁੱਧ ਲਈ ਹਰ ਤਰ੍ਹਾਂ ਦੇ "ਹੱਕੀ ਹੋਣ ਲਈ ਜਨਤਕ" ਦਲੀਲਾਂ ਢੂੰਡ ਰਹੇ ਹਨ (ਜਾਂ ਇਉਂ ਕਹੋ ਕਿ ਘਟੀਆ ਬੁਰਜੂਆ ਅਖ਼ਬਾਰਾਂ ਵਿੱਚੋਂ ਲਈਆਂ ਅਸਭਿਅਕ ਦਲੀਲਾਂ ਪੇਸ਼ ਕਰ ਰਹੇ ਹਨ); ਜੇ ਬੜੇ ਆਲਮਾਨਾ ਭੇਖ ਵਿੱਚ ਮਾਰਕਸ ਤੋਂ ਝੂਠੀਆਂ ਟੂਕਾਂ ਦੇ ਕੇ ਉਹ "ਪਹਿਲਾਂ ਦੀਆਂ ਮਿਸਾਲਾਂ" ਦਾ ਜ਼ਿਕਰ ਕਰਦੇ ਹਨ, 1813 ਅਤੇ 1870 ਦੇ ਯੁੱਧਾਂ ਦਾ (ਪਲੈਖ਼ਾਨੋਵ) ਜਾਂ 1854-1871, 1876-1877, 1897 ਦੇ ਯੁੱਧਾਂ ਦਾ (ਕਾਊਟਸਕੀ) ਜ਼ਿਕਰ ਕਰਦੇ ਹਨ ਤਾਂ ਸੱਚ ਇਹ ਹੈ ਕਿ ਕੇਵਲ ਉਹੋ ਲੋਕ

ਅਜਿਹੀਆਂ ਦਲੀਲਾਂ ਨੂੰ ਗੰਭੀਰਤਾ ਨਾਲ਼ ਲੈ ਸਕਦੇ ਹਨ, ਇਹਨੂੰ ਬੇਮਿਸਾਲ ਯਸੂਹੀਵਾਦ, ਪਖੰਡ ਅਤੇ ਸੋਸ਼ਲਿਜ਼ਮ ਦੀ ਕੁਵਰਤੋਂ ਤੋਂ ਬਿਨਾਂ ਕੁਝ ਹੋਰ ਕਹਿਣੋਂ **ਅਸਮਰੱਥ** ਰਹਿ ਸਕਦੇ ਹਨ ਜਿਨ੍ਹਾਂ ਵਿੱਚ ਰੁਮਕ ਬਰਾਬਰ ਵੀ ਸੋਸ਼ਲਿਸਟ ਨਿਸ਼ਚਾ ਨਹੀਂ। ਕਾਊਟਸਕੀ ਵਿਰੁੱਧ ਇਮਾਨਦਾਰ ਪੜਚੋਲ ਲਈ ਜਰਮਨ ਪਾਰਟੀ ਦੀ ਕਾਰਜ-ਕਾਰਨੀ (Vorstand) ਮੇਹਰਿੰਗ ਅਤੇ ਰੋਜ਼ਾ ਲੁਕਸਮਬਰਗ ਦੇ ਨਵੇਂ ਅਖਬਾਰ ´Die Internationale[a7] ਨੂੰ ਪਈ ਸਰਾਪੇ; "ਇਤਿਹਾਦੀ ਸ਼ਕਤੀਆਂ"[8] ਦੀ ਪੁਲਸ ਦੀ ਸਹਾਇਤਾ ਨਾਲ਼ ਵਾਂਡਰਵੈਲਡੇ, ਪਲੈਖ਼ਾਨੋਵ, ਹਿੰਡਮੈਨ ਅਤੇ ਉਹਨਾਂ ਦੇ ਸਾਥੀ ਆਪਣੇ ਵਿਰੋਧੀਆਂ ਵਿਰੁੱਧ ਅਜਿਹਾ ਹੀ ਸਲੂਕ ਪਏ ਕਰਨ। ਅਸੀਂ ਕੇਵਲ ਬਾਸਲ ਮੈਨੀਫ਼ੈਸਟੋ ਮੁੜ ਛਾਪ ਕੇ ਉਹਨਾਂ ਨੂੰ ਜਵਾਬ ਦਿਆਂਗੇ, ਜਿਹੜਾ ਇਹ ਸਪੱਸ਼ਟ ਕਰਦਾ ਹੈ ਕਿ ਲੀਡਰਾਂ ਨੇ ਇੱਕ ਅਜਿਹਾ ਰਾਹ ਚੁਣਿਆ ਹੈ ਜਿਸਨੂੰ ਕੇਵਲ ਵਿਸਾਹ-ਘਾਤ ਹੀ ਕਿਹਾ ਜਾ ਸਕਦਾ ਹੈ।

ਬਾਸਲ ਦਾ ਪ੍ਰਸਤਾਵ ਕੌਮੀ ਜਾਂ ਜਨਤਕ ਯੁੱਧ ਦੀ ਗੱਲ ਨਹੀਂ ਕਰਦਾ—ਜਿਸ ਦੀਆਂ ਮਿਸਾਲਾਂ ਯੂਰਪ ਵਿੱਚ ਮਿਲਦੀਆਂ ਹਨ, ਅਜਿਹੇ ਯੁੱਧ ਜਿਹੜੇ 1789-1871 ਦੇ ਸਮੇਂ ਦੇ ਲੱਛਣੀ ਸਨ—ਜਾਂ ਇਹ ਇਨਕਲਾਬੀ ਯੁੱਧ ਦੀ ਗੱਲ ਨਹੀਂ ਕਰਦਾ, ਜਿਸਨੂੰ ਸੋਸ਼ਲ-ਡੈਮੋਕਰੈਟਾਂ ਨੇ ਕਦੇ ਨਹੀਂ ਤਿਆਗਿਆ, ਸਗੋਂ ਇਹ **ਵਰਤਮਾਨ** ਯੁੱਧ ਦੀ ਗੱਲ ਕਰਦਾ ਹੈ, ਜਿਹੜਾ ਸਿੱਟਾ ਹੈ "ਸਰਮਾਏਦਾਰ ਸਾਮਾਰਾਜ" ਅਤੇ "ਵੰਸ਼ਕ ਹਿੱਤਾਂ" ਦਾ, ਜਿਹੜਾ ਸਿੱਟਾ ਹੈ "ਜਿੱਤ ਦੀ ਨੀਤੀ ਦਾ" ਜਿਸ ਉੱਤੇ ਲੜ ਰਹੇ ਦੇਸ਼ਾਂ ਦੀਆਂ **ਦੋਵੇਂ** ਟੋਲੀਆਂ—ਆਸਟਰੀਆ-ਜਰਮਨੀ ਅਤੇ ਬਰਤਾਨੀਆ-ਫ਼ਰਾਂਸ-ਰੂਸ ਚੱਲ ਰਹੇ ਹਨ। ਸਭਨਾਂ ਦੇਸ਼ਾਂ ਦੀ ਬੁਰਜੂਆਜ਼ੀ ਆਪਣੇ ਪੂਰੇ ਬਲ ਨਾਲ਼ ਬਸਤੀਆਂ ਲਈ ਲੜੇ ਜਾ ਰਹੇ ਇਸ ਸਾਮਰਾਜੀ ਅਤੇ ਲੋਟੂ ਯੁੱਧ ਨੂੰ ਜਨਤਕ ਯੁੱਧ, ਰੱਖਿਆ ਦਾ ਯੁੱਧ (ਕਿਸੇ ਵੀ ਧਿਰ ਲਈ) ਸਾਬਤ ਕਰਨ ਦਾ ਯਤਨ ਕਰ ਰਹੀ ਹੈ; ਜਦੋਂ ਪਲੈਖ਼ਾਨੋਵ, ਕਾਊਟਸਕੀ ਅਤੇ ਉਹਨਾਂ ਦੇ ਸਾਥੀ **ਗ਼ੈਰ**-ਸਾਮਰਾਜੀ ਯੁੱਧਾਂ ਦੀਆਂ ਮਿਸਾਲਾਂ ਦੇਕੇ ਇਸ ਯੁੱਧ ਨੂੰ ਹੱਕੀ ਠਹਿਰਾਉਣ ਦਾ ਯਤਨ ਕਰਦੇ ਹਨ ਤਾਂ ਉਹ ਸਭਨਾਂ ਦੇਸ਼ਾਂ ਦੀ ਬੁਰਜੂਆਜ਼ੀ ਦਾ ਖੁਦ-ਗ਼ਰਜ਼ ਝੂਠ ਦੁਹਰਾਕੇ ਜਨਤਾ ਨੂੰ ਖੁੱਲ੍ਹੇ ਤੌਰ 'ਤੇ ਧੋਖਾ ਦੇ ਰਹੇ ਹਨ।

ਵਰਤਮਾਨ ਯੁੱਧ ਦੇ ਸਾਮਰਾਜੀ, ਲੋਟੂ ਅਤੇ ਪ੍ਰੋਲੇਤਾਰੀ-ਦੁਸ਼ਮਣ ਖ਼ਾਸੇ ਦਾ ਸਵਾਲ ਲੰਮੇ ਸਮੇਂ ਤੋਂ ਖਾਲਸ ਸਿਧਾਂਤਕ ਪੱਧਰ ਤੋਂ ਲੰਘ ਚੁੱਕਾ ਹੈ। ਸਾਮਰਾਜ ਦੇ ਸਭੇ ਲੱਛਣ ਖੌਂਢੀ ਅਤੇ ਮਰਨ-ਮਰਾਂਦ ਬੁਰਜੂਆਜ਼ੀ ਵਲੋਂ ਸੰਸਾਰ ਦੀ ਵੰਡ ਅਤੇ "ਨਿੱਕੀਆਂ" ਕੌਮਾਂ ਨੂੰ ਗ਼ੁਲਾਮ ਬਣਾਉਣ ਲਈ ਲੜੇ ਜਾ ਰਹੇ ਘੋਲ਼ ਵਜੋਂ ਸਿਧਾਂਤਕ ਤੌਰ 'ਤੇ ਜੋਖੇ ਜਾ ਚੁੱਕੇ ਹਨ; **ਸਭਨਾਂ** ਦੇਸ਼ਾਂ ਦੀਆਂ ਅਨੇਕ ਸੋਸ਼ਲਿਸਟ ਅਖ਼ਬਾਰਾਂ ਵਿੱਚ ਇਹ ਤੱਥ ਹਜ਼ਾਰਾਂ ਵਾਰ ਦੁਹਰਾਇਆ ਜਾ ਚੁੱਕਾ ਹੈ; ਮਿਸਾਲ ਵਜੋਂ "ਇਤਿਹਾਦੀ" ਕੌਮਾਂ ਵਿੱਚੋਂ ਇੱਕ ਦੇ ਪ੍ਰਤਿਨਿਧ ਫ਼ਰਾਂਸੀਸੀ ਦੀਲਾਇਸੀ ਨੇ ਆਪਣੇ ਪੈਂਫ਼ਲਟ "ਆਉਣ ਵਾਲ਼ਾ ਯੁੱਧ" (**1911 !**) ਵਿੱਚ ਸਾਦੇ ਸ਼ਬਦਾਂ ਵਿੱਚ ਵਰਤਮਾਨ ਫ਼ਰਾਂਸੀਸੀ ਬੁਰਜੂਆਜ਼ੀ ਦੇ ਸਬੰਧ ਵਿੱਚ ਵੀ ਵਰਤਮਾਨ ਯੁੱਧ ਦੇ ਲੋਟੂ ਖ਼ਾਸੇ ਦੀ ਵਿਆਖਿਆ ਕੀਤੀ ਹੈ। ਪਰ ਕੇਵਲ ਇਹੋ ਕੁਝ ਨਹੀਂ, ਬਾਸਲ ਵਿਖੇ ਸਭਨਾਂ ਦੇਸ਼ਾਂ ਦੀਆਂ ਪ੍ਰੋਲੇਤਾਰੀ ਪਾਰਟੀਆਂ ਦੇ ਪ੍ਰਤਿਨਿਧਾਂ ਨੇ ਇਸ ਪੱਕੇ ਨਿਸ਼ਚੇ ਨੂੰ ਸਰਬ-ਸੰਮਤੀ ਨਾਲ਼ ਅਤੇ ਵਿਧੀ-ਵਤ

ਪ੍ਰਗਟ ਕੀਤਾ ਸੀ ਕਿ ਇੱਕ ਸਾਮਰਾਜੀ ਖ਼ਾਸੇ ਵਾਲ਼ਾ ਯੁੱਧ ਛਿੜਨ ਵਾਲ਼ਾ ਹੈ ਅਤੇ ਇਸ ਤੋਂ **ਦਾਅ-ਪੇਚਾਂ** ਸਬੰਧੀ ਨਿਰਣੇ ਕੱਢੇ ਸਨ। ਇਸ ਲਈ, ਹੋਰਨਾਂ ਸਮੇਤ ਸਾਨੂੰ ਕੌਮੀ ਅਤੇ ਕੌਮਾਂਤਰੀ ਦਾਅ-ਪੇਚਾਂ ਸਬੰਧੀ ਫ਼ਰਕ ਦੇ ਸਭ ਜ਼ਿਕਰਾਂ (ਵੇਖੋ "ਨਾਸ਼ੇ ਸਲੋਵੋ", ਅੰਕ 87 ਅਤੇ 90 ਵਿੱਚ ਐਕਸਲਰੋਦ ਦਾ ਤਾਜ਼ਾ ਇੰਟਰਵਿਊ) ਨੂੰ ਭੁਲਾਂਦਰਾਵਾਦ ਵਜੋਂ ਉੱਕਾ ਹੀ ਰੱਦ ਕਰ ਦੇਣਾ ਚਾਹੀਦਾ ਹੈ ਇਤਿ ਆਦੀ। ਇਹ ਭੁਲਾਂਦਰਾਵਾਦ ਹੈ ਕਿਉਂਕਿ ਸਾਮਾਰਾਜ ਦਾ ਵਿਆਪਕ ਵਿਗਿਆਨਕ ਵਿਸ਼ਲੇਸ਼ਣ ਇੱਕ ਗੱਲ ਹੈ—ਇਹ ਵਿਸ਼ਲੇਸ਼ਣ ਹੋ ਰਿਹਾ ਹੈ ਅਤੇ ਇਹ ਆਪਣੇ ਤੱਤ ਵਿੱਚ ਵਿਗਿਆਨ ਵਾਂਗ ਹੀ ਅੰਤ-ਹੀਣ ਹੈ। ਸਰਮਾਏਦਾਰ ਸਾਮਰਾਜ ਵਿਰੁੱਧ ਸੋਸ਼ਲਿਸਟ ਦਾਅ-ਪੇਚਾਂ ਦੇ ਨਿਯਮ, ਜਿਹੜੇ ਸੋਸ਼ਲ-ਡੈਮੋਕਰੈਟਕ ਅਖ਼ਬਾਰਾਂ ਦੀਆਂ ਲਖੂਖਾ ਪ੍ਰਤੀਆਂ ਵਿੱਚ ਅਤੇ ਇੰਟਰਨੈਸ਼ਨਲ ਦੇ ਨਿਰਣਿਆਂ ਵਿੱਚ ਅੰਕਤ ਕੀਤੇ ਜਾ ਚੁੱਕੇ ਹਨ, ਇੱਕ ਉੱਕਾ ਹੀ ਵੱਖਰੀ ਗੱਲ ਹੈ। ਸੋਸ਼ਲਿਸਟ ਪਾਰਟੀਆਂ ਬਹਿਸ ਦੇ ਕਲੱਬ ਨਹੀਂ ਸਗੋਂ ਜੁਝਾਰੂ ਪ੍ਰੋਲੇਤਾਰੀ ਦੀਆਂ ਜਥੇਬੰਦੀਆਂ ਹਨ; ਜਦੋਂ ਕੁਝ ਬਟਾਲੀਅਨਾਂ ਦੁਸ਼ਮਣ ਨਾਲ਼ ਰਲ ਗਈਆਂ ਹਨ ਤਾਂ ਇਹ ਲਾਜ਼ਮੀ ਹੈ ਕਿ ਉਹਨਾਂ ਦਾ ਨਾਂ ਲਿਆ ਜਾਵੇ ਅਤੇ ਉਹਨਾਂ ਨੂੰ ਗ਼ੱਦਾਰਾਂ ਵਜੋਂ ਦਾਗ਼ਿਆ ਜਾਵੇ; ਸਾਨੂੰ ਇਹਨਾਂ ਧੋਖੇ-ਭਰੀਆਂ ਦਲੀਲਾਂ ਕਾਰਨ ਭੁਲੇਖੇ ਵਿੱਚ ਨਹੀਂ ਪੈ ਜਾਣਾ ਚਾਹੀਦਾ ਕਿ "ਹਰ ਕੋਈ ਸਾਮਾਰਾਜ ਨੂੰ ਇੱਕੋ ਢੰਗ ਨਾਲ਼ ਨਹੀਂ ਸਮਝਦਾ", ਜਾਂ ਇਸ ਗੱਲੋਂ ਕਿ ਅੰਧਰਾਸ਼ਟਰਵਾਦੀ ਕਾਊਟਸਕੀ ਅਤੇ ਅੰਧਰਾਸ਼ਟਰਵਾਦੀ ਕੁਨੋਵ ਇਸ ਸਬੰਧੀ ਗ੍ਰੰਥਾਂ ਦੇ ਗ੍ਰੰਥ ਲਿਖ ਸਕਦੇ ਹਨ ਜਾਂ ਇਸ ਗੱਲੋਂ ਕਿ ਅਜੇ ਇਸ ਮਸਲੇ ਉੱਤੇ "ਪੂਰੀ ਤਰ੍ਹਾਂ ਵਿਚਾਰ" ਨਹੀਂ ਹੋਇਆ, ਇਤਿ ਆਦਿ। ਇਹਦੇ ਲੋਟੂ ਖ਼ਾਸੇ ਦੇ **ਸਭਨਾਂ** ਪ੍ਰਗਟਾਵਾਂ ਸਹਿਤ, ਇਹਦੇ ਇਤਿਹਾਸਕ ਵਿਕਾਸ ਅਤੇ ਕੌਮੀ ਲੱਛਣਾਂ ਦੇ ਨਿੱਕੇ ਤੋਂ ਨਿੱਕੇ ਖਿਲਾਰ ਸਹਿਤ ਸਰਮਾਏਦਾਰੀ ਦਾ ਪੂਰਾ ਅਤੇ ਅਤਿ ਵਿਸਥਾਰ-ਪੂਰਵਕ ਅਧਿਐਨ **ਕਦੇ ਨਹੀਂ** ਹੋਵੇਗਾ। ਆਲਮ (ਅਤੇ ਖ਼ਾਸ ਤੌਰ 'ਤੇ ਵਿਦਿਆ-ਅਭਿਮਾਨੀ) ਵਿਸਥਾਰਾਂ ਸਬੰਧੀ ਬਹਿਸ ਕਰਦੇ ਹੀ ਰਹਿਣਗੇ। "ਅਜਿਹੇ ਕਾਰਨਾਂ ਕਰਕੇ" ਸਰਮਾਏਦਾਰੀ ਵਿਰੁੱਧ ਸੋਸ਼ਲਿਸਟ ਘੋਲ਼ ਤਿਆਗ ਦੇਣਾ ਅਤੇ ਜਿਨ੍ਹਾਂ ਨੇ ਘੋਲ਼ ਨਾਲ਼ ਵਿਸਾਹ-ਘਾਤ ਕੀਤਾ ਹੈ ਉਹਨਾਂ ਦਾ ਵਿਰੋਧ ਨਾ ਕਰਨਾ ਹਾਸੋ-ਹੀਣੀ ਗੱਲ ਹੋਵੇਗੀ। ਪਰ ਕਾਊਟਸਕੀ, ਕੁਨੋਵ, ਐਕਸਲਰੋਦ ਅਤੇ ਉਹਨਾਂ ਜਿਹੇ ਲੋਕ ਸਾਨੂੰ ਹੋਰ ਕੀ ਕਰਨ ਲਈ ਕਹਿ ਰਹੇ ਹਨ?

ਹੁਣ ਜਦੋਂ ਯੁੱਧ ਛਿੜ ਪਿਆ ਹੈ ਕਿਸੇ ਨੇ ਬਾਸਲ ਦੇ ਪ੍ਰਸਤਾਵ ਨੂੰ ਪਰਖਣ ਅਤੇ ਇਹ ਸਾਬਤ ਕਰਨ ਦਾ ਯਤਨ ਨਹੀਂ ਕੀਤਾ ਕਿ ਉਹ ਗ਼ਲਤ ਹੈ।

## II

ਪਰ ਸ਼ਾਇਦ ਸੋਸ਼ਲਿਸਟਾਂ ਨੇ ਇਸ ਆਸ ਨਾਲ਼ ਬਾਸਲ ਪ੍ਰਸਤਾਵ ਦੀ ਹਮਾਇਤ ਕੀਤੀ ਸੀ ਕਿ ਯੁੱਧ ਇਨਕਲਾਬੀ ਪ੍ਰਸਥਿਤੀ ਪੈਦਾ ਕਰ ਦੇਵੇਗਾ, ਘਟਨਾਵਾਂ ਨੇ ਉਹਨਾਂ ਨੂੰ ਗ਼ਲਤ ਸਾਬਤ ਕੀਤਾ ਹੈ, ਕਿਉਂਕਿ ਇਨਕਲਾਬ ਅਸੰਭਵ ਸਾਬਤ ਹੋਇਆ ਹੈ?

ਅਜਿਹੇ ਭੁਲਾਂਦਰਾਵਾਦ ਰਾਹੀ ਹੀ ਕੁਨੋਵ ਨੇ ("ਪਾਰਟੀ ਦਾ ਪਤਨ?" ਨਾਂ ਦੇ

ਪੈਂਫਲਟ ਅਤੇ ਲੇਖਾਂ ਦੀ ਇੱਕ ਲੜੀ ਵਿੱਚ) ਆਪਣੇ ਪਿੱਠ ਵਿਖਾਕੇ ਬੁਰਜੂਆਜ਼ੀ ਨਾਲ਼ ਰਲ ਜਾਣ ਨੂੰ ਹੱਕੀ ਠਹਿਰਾਉਣ ਦਾ ਯਤਨ ਕੀਤਾ ਹੈ। ਲਗਭਗ ਬਾਕੀ ਸਭਨਾਂ ਸਮਾਜੀ-ਅੰਧਰਾਸ਼ਟਰਵਾਦੀਆਂ ਦੀਆਂ ਲਿਖਤਾਂ ਵਿੱਚ, ਜਿਨ੍ਹਾਂ ਵਿੱਚੋਂ ਕਾਊਟਸਕੀ ਸਭ ਤੋਂ ਅੱਗੇ ਹੈ, ਅਜਿਹੀਆਂ ਹੀ "ਦਲੀਲਾਂ" ਦਾ ਇਸ਼ਾਰਾ ਮਿਲਦਾ ਹੈ। ਕੁਨੋਵ ਦਲੀਲ ਦੇਂਦਾ ਹੈ ਕਿ ਇਨਕਲਾਬ ਦੀ ਆਸ ਭੁਲੇਖਾ ਸਾਬਤ ਹੋਈ ਹੈ ਅਤੇ ਭੁਲੇਖਿਆਂ ਲਈ ਲੜਨਾ ਮਾਰਕਸਵਾਦੀ ਦਾ ਕੰਮ ਨਹੀਂ। ਪਰ ਇਹ ਸਤਰੂਵੇਵਾਦੀ[9] ਉਹਨਾਂ "ਭੁਲੇਖਿਆਂ" ਸਬੰਧੀ ਇੱਕ ਸ਼ਬਦ ਵੀ ਨਹੀਂ ਕਹਿੰਦਾ ਜਿਹੜੇ ਬਾਸਲ ਮੈਨੀਫ਼ੈਸਟੋ ਉੱਤੇ ਦਸਖ਼ਤ ਕਰਨ ਵਾਲ਼ੇ ਸਭਨਾਂ ਲੋਕਾਂ ਵਿੱਚ ਸਾਂਝੇ ਸਨ। ਇੱਕ ਈਮਾਨਦਾਰ ਮਨੁੱਖ ਵਾਂਗ ਉਹ ਦੋਸ਼ ਅਤਿ ਖੱਬੇ-ਪੱਖੀਆਂ ਪਾਨੇਕੁਕ ਅਤੇ ਰਾਦੇਕ ਦੇ ਸਿਰ ਥੋਪਣ ਦਾ ਯਤਨ ਕਰਦਾ ਹੈ।

ਆਓ ਅਸੀਂ ਗੰਭੀਰਤਾ ਨਾਲ਼ ਇਸ ਦਲੀਲ ਦੇ ਤੱਤ ਨੂੰ ਵਿਚਾਰੀਏ ਕਿ ਬਾਸਲ ਮੈਨੀਫ਼ੈਸਟੋ ਦੇ ਲੇਖਕਾਂ ਨੂੰ ਸੱਚੇ ਦਿਲੋਂ ਇਨਕਲਾਬ ਸ਼ੁਰੂ ਹੋ ਜਾਣ ਦੀ ਆਸ ਸੀ, ਪਰ ਘਟਨਾਵਾਂ ਨੇ ਉਹਨਾਂ ਨੂੰ ਗ਼ਲਤ ਸਾਬਤ ਕਰ ਦਿੱਤਾ ਹੈ। ਬਾਸਲ ਮੈਨੀਫ਼ੈਸਟੋ ਕਹਿੰਦਾ ਹੈ: (1) ਕਿ ਯੁੱਧ ਇੱਕ ਆਰਥਕ ਅਤੇ ਰਾਜਸੀ ਸੰਕਟ ਪੈਦਾ ਕਰੇਗਾ; (2) ਕਿ ਕਿਰਤੀ ਯੁੱਧ ਵਿੱਚ ਆਪਣੀ ਸ਼ਮੂਲੀ ਨੂੰ ਇੱਕ ਜ਼ੁਰਮ ਸਮਝਣਗੇ, ਕਿ "ਸਰਮਾਏਦਾਰਾਂ ਦੇ ਨਫ਼ਿਆਂ ਲਈ, ਵੰਸ਼ਕ ਮਾਣ ਲਈ, ਗੁਪਤ ਰਾਜਨੀਤਕ ਸੰਧੀਆਂ ਲਈ ਇੱਕ ਦੂਜੇ ਉੱਤੇ ਗੋਲ਼ੀ ਚਲਾਉਣ ਨੂੰ" ਜ਼ੁਰਮੀ ਸਮਝਣਗੇ, ਅਤੇ ਇਹ ਕਿ ਯੁੱਧ ਕਿਰਤੀਆਂ ਵਿੱਚ "ਗੁੱਸਾ ਅਤੇ ਬਗ਼ਾਵਤ" ਪੈਦਾ ਕਰਦਾ ਹੈ; (3) ਕਿ ਇਹ ਸੋਸ਼ਲਿਸਟਾਂ ਦਾ ਫ਼ਰਜ਼ ਹੈ ਕਿ ਉਹ ਇਸ ਸੰਕਟ ਅਤੇ ਕਿਰਤੀਆਂ ਦੇ ਰੌਂ ਦਾ ਲਾਭ ਉਠਾਉਣ ਅਤੇ "ਜਨਤਾ ਨੂੰ ਉਭਾਰਨ ਅਤੇ ਸਰਮਾਏਦਾਰੀ ਦੇ ਢਹਿ-ਢੇਰੀ ਹੋਣ ਦਾ ਸਮਾਂ ਨੇੜੇ ਲਿਆਉਣ", (4) ਕਿ ਬਿਨਾਂ ਛੋਟ "ਸਭੇ ਹਕੂਮਤਾਂ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ ਹੀ" ਯੁੱਧ ਸ਼ੁਰੂ ਕਰ ਸਕਦੀਆਂ ਨ; (5) ਕਿ ਹਕੂਮਤਾਂ "ਪ੍ਰੋਲੇਤਾਰੀ ਇਨਕਲਾਬ" ਤੋਂ ਡਰਦੀਆਂ ਹਨ; (6) ਕਿ ਹਕੂਮਤਾਂ ਨੂੰ ਪੈਰਿਸ ਕਮਿਊਨ (ਅਰਥਾਤ ਖ਼ਾਨਾ-ਜੰਗੀ), ਰੂਸ ਵਿੱਚ 1905 ਦੇ ਇਨਕਲਾਬ, ਆਦਿ ਨੂੰ "ਯਾਦ ਰੱਖਣਾ ਚਾਹੀਦਾ ਹੈ।" ਇਹ ਸਭ ਉੱਕਾ ਹੀ ਸਪੱਸ਼ਟ ਵਿਚਾਰ ਹਨ; ਉਹ ਇਸ ਗੱਲ ਦੀ **ਜ਼ਾਮਨੀ** ਨਹੀਂ ਦੇਂਦੇ ਕਿ ਇਨਕਲਾਬ ਹੋਵੇਗਾ ਸਗੋਂ **ਤੱਥਾਂ ਅਤੇ ਮੁਹਾਣਾਂ** ਦੇ ਸ਼ੁੱਧ ਲੱਛਣੀਕਰਨ ਉੱਤੇ ਜ਼ੋਰ ਦੇਂਦੇ ਹਨ। ਜੋ ਕੋਈ ਇਹਨਾਂ ਵਿਚਾਰਾਂ ਅਤੇ ਦਲੀਲਾਂ ਸਬੰਧੀ ਇਹ ਕਹਿੰਦਾ ਹੈ ਕਿ ਉਹਨਾਂ ਵਿੱਚ ਇਨਕਲਾਬ ਹੋਣ ਦੀ ਆਸ ਪ੍ਰਗਟ ਕੀਤੀ ਗਈ ਹੈ, ਕਿ ਜਿਸ ਇਨਕਲਾਬ ਦੀ ਆਸ ਸੀ ਕਿ ਉਹ ਭੁਲੇਖਾ ਸਾਬਤ ਹੋਇਆ ਹੈ ਉਹ ਇਨਕਲਾਬ ਵੱਲ ਮਾਰਕਸਵਾਦੀ ਨਹੀਂ ਸਗੋਂ ਸਤਰੂਵੇਵਾਦੀ ਅਤੇ ਗ਼ੱਦਾਰੀ ਕਰਕੇ ਪੁਲਸ ਦਾ ਦਲਾਲ ਬਣ ਗਏ ਬੰਦੇ ਜਿਹਾ ਵਤੀਰਾ ਪ੍ਰਗਟ ਕਰ ਰਿਹਾ ਹੈ।

ਮਾਰਕਸਵਾਦੀਆਂ ਲਈ ਇਹ ਗੱਲ ਅਵਿਵਾਦੀ ਹੈ ਕਿ ਇਨਕਲਾਬੀ ਪ੍ਰਸਥਿਤੀ ਤੋਂ ਬਿਨਾਂ ਇਨਕਲਾਬ ਨਹੀਂ ਹੋ ਸਕਦਾ; ਨਾਲ਼ੇ ਹਰ ਇਨਕਲਾਬੀ ਪ੍ਰਸਥਿਤੀ ਦਾ ਸਿੱਟਾ ਇਨਕਲਾਬ ਨਹੀਂ ਹੁੰਦਾ। ਆਮ ਤੌਰ 'ਤੇ ਗੱਲ ਕਰਦਿਆਂ ਇਨਕਲਾਬੀ ਪ੍ਰਸਥਿਤੀ ਦੀਆਂ ਨਿਸ਼ਾਨੀਆਂ ਕੀ ਹਨ ? ਜੇ ਹੇਠ ਲਿਖੀਆਂ ਤਿੰਨ ਮੁੱਖ ਨਿਸ਼ਾਨੀਆਂ ਦੱਸੀਏ ਤਾਂ ਨਿਸ਼ਚੇ ਹੀ

ਗ਼ਲਤ ਨਹੀਂ ਹੋਵਾਂਗੇ: (1) ਜਦੋਂ ਹਾਕਮ ਸ਼੍ਰੇਣੀਆਂ ਲਈ ਇਹ ਅਸੰਭਵ ਹੋ ਜਾਂਦਾ ਹੈ ਕਿ ਉਹ ਤਬਦੀਲੀ ਤੋਂ ਬਿਨਾਂ ਆਪਣੀ ਹਕੂਮਤ ਕਾਇਮ ਰੱਖ ਸਕਣ; ਜਦੋਂ, ਇਕ ਜਾਂ ਦੂਜੇ ਰੂਪ ਵਿੱਚ "ਉਪਰਲੀਆਂ ਸ਼੍ਰੇਣੀਆਂ" ਵਿੱਚ ਸੰਕਟ ਪੈਦਾ ਹੋ ਗਿਆ ਹੁੰਦਾ ਹੈ, ਹਾਕਮ ਸ਼੍ਰੇਣੀ ਦੀ ਨੀਤੀ ਵਿੱਚ ਸੰਕਟ ਪੈਦਾ ਹੋ ਗਿਆ ਹੁੰਦਾ ਹੈ, ਜਿਸਦੇ ਸਿੱਟੇ ਵਜੋਂ ਇੱਕ ਦਰਾੜ ਪੈਦਾ ਹੁੰਦੀ ਹੈ ਜਿਸ ਵਿੱਚੋਂ ਪਸਿੱਤੀਆਂ ਸ਼੍ਰੇਣੀਆਂ ਦੀ ਬੇਚੈਨੀ ਅਤੇ ਗੁੱਸਾ ਫ਼ੁੱਟ ਨਿਕਲਦੇ ਹਨ। ਇਨਕਲਾਬ ਹੋਣ ਲਈ ਆਮ ਤੌਰ 'ਤੇ "ਨੀਵੀਂਆਂ ਸ਼੍ਰੇਣੀਆਂ ਵਿੱਚ" ਪੁਰਾਣੇ ਢੰਗ ਨਾਲ਼ ਜਿਉਂਦੇ ਰਹਿਣਾ "ਨਾ ਚਾਹੁਣਾ" ਨਾਕਾਫ਼ੀ ਹੁੰਦਾ ਹੈ; ਇਹ ਵੀ ਜ਼ਰੂਰੀ ਹੈ ਕਿ "ਉਪਰਲੀਆਂ ਸ਼੍ਰੇਣੀਆਂ" ਪੁਰਾਣੇ ਢੰਗ ਨਾਲ਼ ਜਿਉਂਦੇ ਰਹਿਣ ਦੇ "ਨਿਰਯੋਗ ਹੋਣ"; (2) ਜਦੋਂ ਪਸਿੱਤੀਆਂ ਸ਼੍ਰੇਣੀਆਂ ਦੇ ਦੁੱਖ ਅਤੇ ਥੁੜਾਂ ਵਧੇਰੇ ਤਿੱਖੀਆਂ ਹੋ ਗਈਆਂ ਹੋਣ; (3) ਜਦੋਂ ਉਪਰੋਕਤ ਯਤਨਾਂ ਦੇ ਸਿੱਟੇ ਵਜੋਂ ਜਨਤਾ ਦੀ ਸਰਗਰਮੀ ਚੋਖੀ ਵਧ ਗਈ ਹੋਵੇ, ਜਨਤਾ ਜਿਹੜੀ "ਅਮਨ ਦੇ ਸਮੇਂ" ਲੁੱਟਿਆ ਜਾਣਾ ਚੁੱਪ ਚਾਪ ਸਹਾਰੀ ਜਾਂਦੀ ਹੈ ਪਰ ਗੜਬੜ ਦੇ ਦਿਨਾਂ ਵਿੱਚ ਸੰਕਟ ਦੀਆਂ ਸਭੇ ਪ੍ਰਸਥਿਤੀ ਅਤੇ **ਖ਼ੁਦ "ਉਪਰਲੀਆਂ ਸ਼੍ਰੇਣੀਆਂ"** ਉਹਨੂੰ ਸੁਤੰਤਰ ਇਤਿਹਾਸਕ ਅਮਲ ਵਿੱਚ ਖਿੱਚ ਲਿਆਉਂਦੀਆਂ ਹਨ।

ਆਮ ਤੌਰ 'ਤੇ ਇਹਨਾਂ ਬਾਹਰਮੁਖੀ ਤਬਦੀਲੀਆਂ ਤੋਂ ਬਿਨਾਂ ਜਿਹੜੀਆਂ ਨਾ ਕੇਵਲ ਵਿਕੋਲਤ੍ਰੀਆਂ ਟੋਲੀਆਂ ਅਤੇ ਪਾਰਟੀਆਂ ਸਗੋਂ ਵਿਕੋਲਤ੍ਰੀਆਂ ਸ੍ਰੇਣੀਆਂ ਦੀ ਇੱਛਾ ਤੋਂ ਵੀ ਸੁੰਤਤਰ ਹਨ, ਇਨਕਲਾਬ ਨਹੀਂ ਹੋ ਸਕਦਾ। ਇਹਨਾਂ ਸਭਨਾਂ ਬਾਹਰਮੁੱਖੀ ਤਬਦੀਲੀਆਂ ਦੇ ਸਮੂਹ ਨੂੰ ਇਨਕਲਾਬੀ ਪ੍ਰਸਥਿਤੀ ਕਿਹਾ ਜਾਂਦਾ ਹੈ। ਅਜਿਹੀ ਪ੍ਰਸਥਿਤੀ 1905 ਵਿੱਚ ਰੂਸ ਵਿੱਚ ਅਤੇ ਸਭਨਾਂ ਇਨਕਲਾਬੀ ਸਮਿਆਂ ਵਿੱਚ ਪੱਛਮ ਵਿੱਚ ਮੌਜੂਦ ਸੀ; ਪਿਛਲੀ ਸਦੀ ਦੇ ਸੱਤਵੇਂ ਦਹਾਕੇ ਵਿੱਚ ਇਹ ਜਰਮਨੀ ਵਿੱਚ ਮੌਜੂਦ ਸੀ ਅਤੇ 1858-1861 ਅਤੇ 1879-1880 ਵਿੱਚ ਰੂਸ ਵਿੱਚ ਵੀ ਮੌਜੂਦ ਸੀ, ਭਾਵੇਂ ਕੋਈ ਇਨਕਲਾਬ ਨਾ ਹੋਇਆ। ਅਜਿਹਾ ਕਿਉਂ ਨਾ ਹੋਇਆ ? ਇਹਦਾ ਕਾਰਨ ਇਹ ਹੈ ਕਿ ਹਰ ਇਨਕਲਾਬੀ ਪ੍ਰਸਥਿਤੀ ਇਨਕਲਾਬ ਨਹੀਂ ਲਿਆ ਸਕਦੀ; ਇਨਕਲਾਬ ਉਦੋਂ ਹੁੰਦਾ ਹੈ ਜਦੋਂ ਉਪਰੋਕਤ ਬਾਹਰਮੁਖੀ ਤਬਦੀਲੀਆਂ ਦੇ ਨਾਲ਼ ਇੱਕ ਅੰਤਰਮੁਖੀ ਤਬਦੀਲੀ ਵੀ ਹੁੰਦੀ ਹੈ, ਅਰਥਾਤ, ਇਨਕਲਾਬੀ **ਸ਼੍ਰੇਣੀ** ਦੀ ਜਨਤਕ ਪੱਧਰ 'ਤੇ ਅਮਲ ਕਰ ਸਕਣ ਦੀ ਯੋਗਤਾ, ਜਿਹੜੀ ਏਨੀ **ਬਲਵਾਨ** ਹੋਵੇ ਕਿ ਉਹ ਪੁਰਾਣੀ ਹਕੂਮਤ ਨੂੰ ਤੋੜ (ਜਾਂ ਹਟਾ) ਸਕੇ, ਹਕੂਮਤ ਜਿਹੜੀ ਕਦੇ ਵੀ, ਸੰਕਟ ਦੇ ਸਮੇਂ ਵੀ "ਡਿੱਗਦੀ" ਨਹੀਂ, ਜੇ ਉਹਦਾ ਤਖ਼ਤਾ ਨਾ ਉਲਟਾਇਆ ਜਾਵੇ।

ਅਜਿਹੇ ਹਨ ਇਨਕਲਾਬ ਸਬੰਧੀ ਮਾਰਕਸਵਾਦੀ ਵਿਚਾਰ, ਵਿਚਾਰ ਜਿਨ੍ਹਾਂ ਦਾ ਅਨੇਕਾਂ ਵਾਰ ਵਿਕਾਸ ਕੀਤਾ ਗਿਆ ਹੈ, ਜਿਨ੍ਹਾਂ ਨੂੰ ਸਭੇ ਮਾਰਕਸਵਾਦੀ ਅਵਿਵਾਦੀ ਤੌਰ 'ਤੇ ਕਬੂਲ ਕਰਦੇ ਹਨ ਅਤੇ ਜਿਨ੍ਹਾਂ ਦੀ ਸਾਡੇ, ਰੂਸੀਆਂ, ਲਈ 1905 ਦੇ ਤਜ਼ਰਬੇ ਨੇ ਵਿਸ਼ੇਸ਼ ਤੌਰ 'ਤੇ ਉਘੜਵੇਂ ਢੰਗ ਨਾਲ਼ ਪੁਸ਼ਟੀ ਕਰ ਦਿੱਤੀ। ਸੋ 1912 ਵਿੱਚ ਬਾਸਲ ਮੈਨੀਫੈਸਟੋ ਨੇ ਇਸ ਸਬੰਧੀ ਕੀ ਧਾਰਨਾ ਧਾਰੀ ਸੀ ਅਤੇ 1914-1915 ਵਿੱਚ ਕੀ ਵਾਪਰਿਆ ?

ਇਹਨੇ ਇਹ ਧਾਰਨਾ ਧਾਰੀ ਕਿ ਇੱਕ ਇਨਕਲਾਬੀ ਪ੍ਰਸਥਿਤੀ ਪੈਦਾ ਹੋਵੇਗੀ

ਜਿਸਨੂੰ ਇਸਨੇ ਸੰਖੇਪ ਤੌਰ ’ਤੇ “ਇੱਕ ਆਰਥਕ ਅਤੇ ਰਾਜਸੀ ਸੰਕਟ” ਕਿਹਾ। ਕੀ ਅਜਿਹੀ ਪ੍ਰਸਥਿਤੀ ਪੈਦਾ ਹੋਈ ਹੈ ? ਸਮਾਜੀ-ਅੰਧਰਾਸ਼ਟਰਵਾਦੀ ਲੈਂਚ, ਜਿਸਨੇ ਕੁਨੋਵ, ਕਾਊਟਸਕੀ, ਪਲੈਖਾਨੋਵ ਅਤੇ ਉਸਦੇ ਸਾਥੀਆਂ ਨਾਲੋਂ ਵਧੇਰੇ ਸਪੱਸ਼ਟਤਾ ਨਾਲ਼, ਖੁੱਲੇ ਤੌਰ ’ਤੇ ਅਤੇ ਈਮਾਨਦਾਰੀ ਨਾਲ਼ ਅੰਧਰਾਸ਼ਟਰਵਾਦ ਦੀ ਹਮਾਇਤ ਕੀਤੀ, ਇਹ ਕਹਿਣ ਤੱਕ ਚਲਾ ਗਿਆ: “ਅਸੀ ਜੋ ਕੁਝ ਵਾਪਰਦਾ ਦੇਖ ਰਹੇ ਹਾਂ, ਉਹ ਇੱਕ ਤਰ੍ਹਾਂ ਦਾ **ਇਨਕਲਾਬ** ਹੈ” (ਉਹਦੇ ਪੈਂਫਲਟ “ਜਰਮਨ ਸੋਸ਼ਲ-ਡੈਮੋਕਰੈਸੀ ਅਤੇ ਯੁੱਧ”, ਬਰਲਨ, 1915 ਦਾ ਪੰਨਾ 6)। ਇਕ ਰਾਜਸੀ ਸੰਕਟ ਪੈਦਾ ਹੋ ਗਿਆ ਹੈ, ਕਿਸੇ ਹਕੂਮਤ ਨੂੰ ਭਲਕ ਸਬੰਧੀ ਨਿਸ਼ਚਾ ਨਹੀਂ, ਕੋਈ ਵੀ ਆਰਥਕ ਤਬਾਹੀ, ਇਲਾਕਾ ਖੁੱਸ ਜਾਣ, ਆਪਣੇ ਦੇਸ਼ ਵਿੱਚੋਂ ਬਾਹਰ ਕੱਢ ਦਿੱਤੇ ਜਾਣ (ਜਿਵੇਂ ਬੈਲਜੀਅਮ ਦੀ ਹਕੂਮਤ ਕੱਢੀ ਗਈ) ਵਿਰੁੱਧ ਸੁਰੱਖਿਅਤ ਨਹੀਂ। ਸਭ ਹਕੂਮਤਾਂ ਜਵਾਲਾਮੁੱਖੀ ਉੱਤੇ ਸੁੱਤੀਆਂ ਹੋਈਆਂ ਹਨ; ਸਾਰੀਆਂ **ਖੁਦ** ਜਨਤਾ ਨੂੰ ਸੱਦਾ ਦੇ ਰਹੀਆਂ ਹਨ ਕਿ ਉਹ ਪਹਿਲ-ਕਦਮੀ ਅਤੇ ਬਹਾਦਰੀ ਦਿਖਾਵੇ। ਯੂਰਪ ਦੀ ਸਾਰੀ ਰਾਜਸੀ ਬਣਤਰ ਹਿੱਲ ਗਈ ਹੈ, ਅਤੇ ਇਸ ਗੱਲੋਂ ਕੋਈ ਵੀ ਇਨਕਾਰ ਨਹੀਂ ਕਰੇਗਾ ਕਿ ਅਸੀਂ ਮਹਾਨ ਰਾਜਸੀ ਉਥਲਾਂ-ਪੁਥਲਾਂ ਦੇ ਸਮੇਂ ਵਿੱਚ ਦਾਖਲ ਹੋ ਗਏ ਹਾਂ (ਅਤੇ ਇਹਦੇ ਵਿੱਚ ਹੋਰ ਡੂੰਘੇਰਾ ਘੁੱਸਦੇ ਜਾ ਰਹੇ ਹਾਂ—ਮੈਂ ਇਹ ਸਤਰ੍ਹਾਂ ਉਸ ਦਿਨ ਲਿਖ ਰਿਹਾ ਹਾਂ ਜਿਸ ਦਿਨ ਇਟਲੀ ਨੇ ਯੁੱਧ ਦਾ ਐਲਾਨ ਕੀਤਾ)। ਜਦੋਂ ਯੁੱਧ ਦਾ ਐਲਾਨ ਹੋਣ ਤੋਂ ਦੋ ਮਹੀਨੇ ਪਿੱਛੋਂ ਕਾਊਟਸਕੀ ਨੇ (2 ਅਕਤੂਬਰ 1914, «Die Neue Zeit» ਵਿੱਚ[10]) ਲਿਖਿਆ ਕਿ “ਹਕੂਮਤ ਕਦੇ ਏਨੀ ਬਲਵਾਨ ਨਹੀਂ ਹੁੰਦੀ ਜਿੰਨੀ ਉਹ ਯੁੱਧ ਛਿੜਨ ਸਮੇਂ ਹੁੰਦੀ ਹੈ, ਪਾਰਟੀਆਂ ਕਦੇ ਏਨੀਆਂ ਕਮਜ਼ੋਰ ਨਹੀਂ ਹੁੰਦੀਆਂ ਜਿੰਨੀਆਂ ਉਹ ਯੁੱਧ ਛਿੜਨ ’ਤੇ ਹੁੰਦੀਆਂ ਹਨ”, ਤਾਂ ਇਹ ਇਤਿਹਾਸਿਕ ਵਿਗਿਆਨ ਨੂੰ ਤੋੜ ਮਰੋੜ ਕੇ ਪੇਸ਼ ਕਰਨ ਦੀ ਇੱਕ ਵੰਨਗੀ ਸੀ ਜੋ ਕਾਊਟਸਕੀ ਨੇ ਜ਼ੂਦੇਕੁਮਾਂ ਨੂੰ ਖੁਸ਼ ਕਰਨ ਲਈ ਘੜੀ। ਪਹਿਲੀ ਗੱਲ ਤਾਂ ਇਹ ਕਿ ਹਕੂਮਤਾਂ ਨੂੰ ਹਾਕਮ ਸ਼੍ਰੇਣੀਆਂ ਵਿਚਕਾਰ ਸਮਝੌਤੇ ਅਤੇ ਪਸਿਤੀ ਸ਼੍ਰੇਣੀ ਦੇ “ਅਮਨ-ਭਰੇ ਢੰਗ ਨਾਲ਼” ਇਸ ਹਕੂਮਤ ਦੀ ਅਧੀਨਗੀ ਕਬੂਲਣ ਦੀ ਅਜਿਹੀ ਲੋੜ ਪਹਿਲਾਂ ਕਦੇ ਨਹੀਂ ਹੋਈ ਜਿੰਨੀ ਯੁੱਧ ਸਮੇਂ ਹੁੰਦੀ ਹੈ। ਦੂਜੀ ਭਾਵੇਂ “ਯੁੱਧ ਛਿੜਨ ਸਮੇਂ” ਅਤੇ ਵਿਸ਼ੇਸ਼ ਤੌਰ ’ਤੇ ਉਹਨਾਂ ਦੇਸ਼ਾਂ ਵਿੱਚ ਜਿਨ੍ਹਾਂ ਨੂੰ ਛੇਤੀ ਹੀ ਜਿੱਤ ਪ੍ਰਾਪਤ ਹੋ ਜਾਣ ਦੀ ਆਸ ਹੁੰਦੀ ਹੈ, ਹਕੂਮਤ ਸਰਬ-ਸ਼ਕਤੀਮਾਨ **ਜਾਪਦੀ** ਹੈ, ਪਰ ਕਿਸੇ ਨੇ ਵੀ ਇਨਕਲਾਬੀ ਪ੍ਰਸਥਿਤੀ ਦੀਆਂ ਆਸਾਂ ਨੂੰ ਕੇਵਲ ਯੁੱਧ ਦੇ “ਛਿੜਨ” ਨਾਲ਼ ਨਹੀਂ ਜੋੜਿਆ ਅਤੇ ਇਸ ਤੋਂ ਘੱਟ ਕਿਸੇ ਨੇ ਕਦੇ “ਜਾਪਦੇ” ਨੂੰ **ਅਸਲ** ਨਾਲ਼ ਇੱਕੋ ਜਿਹਾ ਦੱਸਿਆ ਹੈ।

ਇਹ ਗੱਲ ਆਮ ਤੌਰ ’ਤੇ ਜਾਣੀ, ਸਮਝੀ ਅਤੇ ਮੰਨੀ ਜਾਂਦੀ ਸੀ ਕਿ ਇੱਕ ਯੂਰਪੀ ਯੁੱਧ ਬੀਤੇ ਦੇ ਕਿਸੇ ਵੀ ਯੁੱਧ ਨਾਲੋਂ ਵਧੇਰੇ ਤੀਬਰ ਹੋਵੇਗਾ। ਯੁੱਧ ਦਾ ਅਨੁਭਵ ਇਸ ਗੱਲ ਦੀ ਸਦਾ ਵਧੇਰੇ ਪੁਸ਼ਟੀ ਕਰੀ ਜਾ ਰਿਹਾ ਹੈ। ਭਾਂਬੜ ਫੈਲ ਰਹੇ ਹਨ; ਯੂਰਪ ਦੀਆਂ ਰਾਜਸੀ ਨੀਹਾਂ ਸਦਾ ਵਧੇਰੇ ਹਿੱਲ ਰਹੀਆਂ ਹਨ; ਜਨਤਾ ਦੇ ਦੁੱਖ ਭੈ-ਭੀਤ ਕਰਨ ਵਾਲ਼ੇ ਹਨ; ਹਕੂਮਤਾਂ, ਬੁਰਜੂਆਜ਼ੀ ਅਤੇ ਮੌਕਾ-ਪ੍ਰਸਤਾਂ ਦੇ ਇਹਨਾਂ ਦੁੱਖਾਂ ਉੱਤੇ ਪਰਦਾ ਪਾਉਣ ਦੇ ਯਤਨ ਸਦਾ

ਵਧੇਰੇ ਅਸਫ਼ਲ ਸਾਬਤ ਹੋ ਰਹੇ ਹਨ। ਸਰਮਾਏਦਾਰਾਂ ਦੀਆਂ ਕੁਝ ਟੋਲੀਆਂ ਜਿਹੜੇ ਨਫ਼ੇ ਕਮਾ ਰਹੀਆਂ ਹਨ ਉਹ ਬੇਹੱਦ ਵੱਡੇ ਹਨ ਅਤੇ ਵਿਰੋਧ ਅਤਿ–ਅੰਤ ਤੀਬਰ ਹੁੰਦੇ ਜਾ ਰਹੇ ਹਨ। ਜਨਤਾ ਦਾ ਧੁਖ਼ ਰਿਹਾ ਗੁੱਸਾ, ਸਮਾਜ ਦੀ ਪਸਿਤੀ ਅਤੇ ਬੇਸਮਝ ਪਰਤ ਦੀ ਦਿਆਲ ("ਜਮਹੂਰੀ") ਅਮਨ ਲਈ ਧੁੰਦਲੀ ਤਾਂਘ, "ਨੀਵੀਆਂ ਸ਼੍ਰੇਣੀਆਂ" ਵਿੱਚ ਬੈਚੇਨੀ ਦਾ ਸ਼ੁਰੂ ਹੋਣਾ, —ਇਹ ਸਭ ਤੱਥ ਹਨ। ਯੁੱਧ ਜਿਨ੍ਹਾਂ ਲੰਮਾਂ ਸਮਾਂ ਚਲਦਾ ਰਹਿੰਦਾ ਹੈ ਅਤੇ ਇਹ ਜਿੰਨਾਂ ਵਧੇਰੇ ਤੀਬਰ ਹੁੰਦਾ ਜਾਂਦਾ ਹੈ ਉਨਾਂ ਵਧੇਰੇ ਹਕੂਮਤਾਂ ਖ਼ੁਦ ਜਨਤਾ ਦੀ ਸਰਗਰਮੀ ਨੂੰ ਵਧਾਉਣਗੀਆਂ—ਅਤੇ ਇਹ ਲਾਜ਼ਮੀ ਹੈ ਕਿ ਉਹ ਵਧਾਉਣ—ਜਨਤਾ, ਜਿਸਨੂੰ ਉਹ ਅਸਧਾਰਣ ਯਤਨ ਅਤੇ ਆਪਾ–ਵਾਰਨ ਲਈ ਕਹਿ ਰਹੀਆਂ ਹਨ। ਯੁੱਧ ਦਾ ਅਨੁਭਵ, ਇਤਿਹਾਸ ਵਿੱਚ ਕਿਸੇ ਵੀ ਸੰਕਟ ਦਾ ਅਨੁਭਵ, ਕਿਸੇ ਧੜਵੈਲ ਮੁਸੀਬਤ ਅਤੇ ਮਨੁੱਖੀ ਜੀਵਨ ਵਿੱਚ ਕਿਸੇ ਤਬਦੀਲੀ ਦਾ ਅਨੁਭਵ, ਕੁਝ ਲੋਕਾਂ ਨੂੰ ਡੌਰ ਭੌਰ ਕਰਦਾ ਅਤੇ ਤੋੜ ਕੇ ਰੱਖ ਦੇਂਦਾ ਹੈ ਪਰ ਹੋਰਨਾਂ ਦਾ **ਬੁੱਧੀ-ਪ੍ਰਕਾਸ਼ ਕਰਦਾ** ਅਤੇ ਉਹਨਾਂ ਨੂੰ **ਪਾਣ ਚਾੜ੍ਹਦਾ ਹੈ।** ਸਮੁੱਚੇ ਮੋਟੇ ਤੌਰ 'ਤੇ ਲਿਆਂ ਅਤੇ ਸੰਸਾਰ ਦੇ ਇਤਿਹਾਸ ਉੱਤੇ ਸਮੁੱਚੇ ਤੌਰ 'ਤੇ ਵਿਚਾਰ ਕਰਦਿਆਂ ਦੂਜੀ ਕਿਸਮ ਦੇ ਲੋਕਾਂ ਦੀ ਗਿਣਤੀ ਅਤੇ ਸ਼ਕਤੀ ਪਹਿਲੀ ਕਿਸਮ ਦੇ ਲੋਕਾਂ ਨਾਲ਼ੋਂ ਵਧੇਰੇ ਰਹੀ ਹੈ— ਇੱਕ ਜਾਂ ਦੂਜੀ ਰਿਆਸਤ ਦੇ ਪਤਨ ਅਤੇ ਢਹਿਣ ਦੇ ਵਿਕੋਲਤ੍ਰੇ ਉਦਾਹਰਣਾਂ ਨੂੰ ਛੱਡ ਕੇ।

ਇਹਨਾਂ ਸਭਨਾਂ ਦੁੱਖਾਂ ਅਤੇ ਵਿਰੋਧਾਂ ਦੇ ਵਧਣ ਦਾ "ਇੱਕਦਮ" ਖ਼ਤਮ ਹੋਣਾ ਤਾਂ ਇੱਕ ਪਾਸੇ ਰਿਹਾ, ਅਮਨ ਦੀ ਸਥਾਪਤੀ ਪਿੱਛੋਂ ਵਸੋਂ ਦੇ ਅਤਿ–ਪਿੱਛੜੇ ਹਿੱਸੇ ਅਨੇਕ ਪੱਖਾਂ ਦੇ ਇਹਨਾਂ ਦੁੱਖਾਂ ਨੂੰ ਵਧੇਰੇ ਤਿੱਖੀ ਤਰ੍ਹਾਂ ਅਤੇ ਫ਼ੌਰੀ ਤੌਰ 'ਤੇ ਅਨੁਭਵ ਕਰਨ ਲੱਗ ਜਾਣਗੇ।

ਮੁੱਕਦੀ ਗੱਲ, ਯੂਰਪ ਦੇ ਵਧੇਰੇ ਉੱਨਤ ਦੇਸ਼ਾਂ ਅਤੇ ਵੱਡੀਆਂ ਸ਼ਕਤੀਆਂ ਵਿੱਚ ਇੱਕ ਇਨਕਲਾਬੀ ਪ੍ਰਸਥਿਤੀ ਮੌਜੂਦ ਹੈ। ਇਸ ਪੱਖੋਂ ਬਾਸਲ ਮੈਨੀਫ਼ੈਸਟੋ ਦੀ ਭਵਿੱਖਬਾਣੀ ਦੀ **ਪੂਰੀ ਤਰ੍ਹਾਂ** ਤਸਦੀਕ ਹੋ ਗਈ ਹੈ। ਇਸ ਸੱਚ ਤੋਂ ਇਨਕਾਰ ਕਰਨ, ਜਾਂ ਇਸਨੂੰ ਛੁਪਾਉਣ, ਜਿਵੇਂ ਕੁਨੋਵ, ਪਲੈਖ਼ਾਨੋਵ, ਕਾਊਟਸਕੀ ਅਤੇ ਉਹਨਾਂ ਵਰਗੇ ਲੋਕ ਕਰ ਰਹੇ ਹਨ, ਦੇ ਅਰਥ ਹਨ ਇੱਕ ਵੱਡਾ ਝੂਠ ਬੋਲਣਾ, ਕਿਰਤੀ ਸ਼੍ਰੇਣੀ ਨੂੰ ਧੋਖਾ ਦੇਣਾ, ਬੁਰਜੂਆਜ਼ੀ ਦੀ ਸੇਵਾ ਕਰਨਾ। "ਸੋਤਸਿਆਲ ਦੇਮੋਕਰਾਤ"[11] (ਅੰਕ 34, 40 ਅਤੇ 41) ਵਿੱਚ ਅਸੀਂ ਇਹ ਸਾਬਤ ਕਰਨ ਲਈ ਤੱਥ ਪੇਸ਼ ਕੀਤੇ ਕਿ ਉਹ ਲੋਕ ਇਨਕਲਾਬ ਤੋਂ **ਡਰਦੇ ਹਨ—**ਨਿੱਕ–ਬੁਰਜੂਆ ਇਸਾਈ ਪਾਦਰੀ, ਫ਼ੌਜਾਂ ਦੇ ਜਨਰਲ ਸਟਾਫ਼ ਅਤੇ ਕਰੋੜਪਤੀਆਂ ਦੇ ਅਖ਼ਬਾਰ—ਇਹ ਮੰਨਣ 'ਤੇ ਮਜ਼ਬੂਰ ਹੋ ਗਏ ਹਨ ਕਿ ਯੂਰਪ ਵਿੱਚ ਇਨਕਲਾਬੀ ਪ੍ਰਸਥਿਤੀ ਦੇ ਚਿੰਨ੍ਹ ਮੌਜੂਦ ਹਨ।

ਕੀ ਇਹ ਪ੍ਰਸਥਿਤੀ ਲੰਮੇਂ ਸਮੇਂ ਤੱਕ ਜਾਰੀ ਰਹੇਗੀ, ਇਹ ਹੋਰ ਕਿੰਨੀ ਤੀਬਰ ਹੋਵੇਗੀ ? ਕੀ ਇਹਦਾ ਸਿੱਟਾ ਇਨਕਲਾਬ ਹੋਵੇਗਾ ? ਇਸਦਾ ਉੱਤਰ ਕੇਵਲ ਉਸ **ਅਨੁਭਵ** ਰਾਹੀਂ ਹੀ ਕੀਤਾ ਜਾ ਸਕਦਾ ਹੈ ਜਿਹੜਾ ਇਨਕਲਾਬੀ ਭਾਵਨਾ ਦੇ ਵਿਕਾਸ ਅਤੇ ਉੱਨਤ ਸ਼੍ਰੇਣੀ, ਪ੍ਰੋਲੇਤਾਰੀ ਦੀ ਇਨਕਲਾਬੀ ਅਮਲਾਂ ਵੱਲ ਤਬਦੀਲੀ ਦੇ ਦੌਰਾਨ ਪ੍ਰਾਪਤ ਕੀਤਾ ਜਾਵੇਗਾ। ਇਸ ਸਬੰਧ ਵਿੱਚ "ਭੁਲੇਖਿਆਂ" ਜਾਂ ਉਹਨਾਂ ਦੇ ਗ਼ਲਤ ਸਾਬਤ ਹੋਣ ਸਬੰਧੀ ਕੋਈ

ਗ਼ੱਲ ਨਹੀਂ ਹੋ ਸਕਦੀ ਕਿਉਂਕਿ ਕਿਸੇ ਸੋਸ਼ਲਿਸਟ ਨੇ ਇਹ ਜ਼ਾਮਨੀ ਨਹੀਂ ਦਿੱਤੀ ਕਿ ਇਹ ਯੁੱਧ (ਅਤੇ ਅਗਲਾ ਨਹੀਂ), ਕਿ ਅੱਜ ਦੀ ਇਨਕਲਾਬੀ ਪ੍ਰਸਥਿਤੀ (ਅਤੇ ਕੱਲ ਦੀ ਨਹੀਂ) ਇਨਕਲਾਬ ਲਿਆਵੇਗੀ। ਅਸੀਂ ਜਿਸ ਗੱਲ ਉੱਤੇ ਵਿਚਾਰ ਕਰ ਰਹੇ ਹਾਂ ਉਹ ਹੈ ਸਭਨਾਂ ਸੋਸ਼ਲਿਸਟਾਂ ਦਾ ਅਵਿਵਾਦੀ ਅਤੇ ਬੁਨਿਆਦੀ ਫ਼ਰਜ਼-ਜਨਤਾ ਸਾਹਮਣੇ ਇਨਕਲਾਬੀ ਪ੍ਰਸਥਿਤੀ ਦੇ ਹੋਣ ਨੂੰ ਪ੍ਰਗਟ ਕਰਨਾ, ਇਹਦੀ ਵਿਸ਼ਾਲਤਾ ਅਤੇ ਡੂੰਘਾਈ ਦੀ ਵਿਆਖਿਆ ਕਰਨਾ ਪ੍ਰੋਲੇਤਾਰੀ ਦੀ ਇਨਕਾਲਬੀ ਚੇਤਨਤਾ ਅਤੇ ਇਨਕਲਾਬੀ ਦ੍ਰਿੜਤਾ ਨੂੰ ਉਭਾਰਨਾ, ਇਨਕਲਾਬੀ ਅਮਲ ਵੱਲ ਜਾਣ ਵਿੱਚ ਇਹਦੀ ਸਹਾਇਤਾ ਕਰਨਾ ਅਤੇ ਇਸ ਮੰਤਵ ਲਈ ਇਨਕਲਾਬੀ ਪ੍ਰਸਥਿਤੀ ਦੇ ਯੋਗ ਜਥੇਬੰਦੀਆਂ ਸਥਾਪਤ ਕਰਨਾ।

ਕੀ ਕਿਸੇ ਬਾਰਸੂਖ਼ ਜਾਂ ਜ਼ਿੰਮੇਵਾਰ ਸੋਸ਼ਲਿਸਟ ਨੇ ਕਦੇ ਇਸ ਸਬੰਧੀ ਕੋਈ ਸ਼ੱਕ ਪ੍ਰਗਟ ਕੀਤਾ ਹੈ ਕਿ ਅਜਿਹਾ ਕਰਨਾ ਸੋਸ਼ਲਿਸਟ ਪਾਰਟੀਆਂ ਦਾ ਫ਼ਰਜ਼ ਹੈ। ਕੋਈ ਵੀ "ਭਰਮ" ਰੱਖਣ ਜਾਂ ਫ਼ੈਲਾਉਣ ਤੋ ਬਿਨਾਂ ਬਾਸਲ ਮੈਨੀਫ਼ੈਸਟੋ ਨੇ ਸਪੱਸ਼ਟ ਤੌਰ 'ਤੇ ਸੋਸ਼ਲਿਸਟਾਂ ਦੇ ਇਸ ਫ਼ਰਜ਼ ਦਾ ਜ਼ਿਕਰ ਕੀਤਾ—ਜਨਤਾ ਨੂੰ ਉਭਾਰਨਾ ਅਤੇ ਉਤੇਜਤ ਕਰਨਾ (ਨਾ ਕਿ ਅੰਧਰਾਸ਼ਟਰਵਾਦ ਦੀਆਂ ਲੋਰੀਆਂ ਦੇ ਕੇ ਉਹਨਾਂ ਨੂੰ ਸੰਵਾਣਾ ਜਿਵੇਂ ਪਲੈਖਾਨੋਵ, ਐਕਸਲਰੋਦ ਅਤੇ ਕਾਊਟਸਕੀ ਕਰ ਰਹੇ ਹਨ), ਸੰਕਟ ਦਾ ਇਉਂ "ਲਾਭ ਉਠਾਉਣਾ" ਕਿ ਸਰਮਾਏਦਾਰੀ ਦਾ ਅੰਤ **"ਛੇਤੀ ਹੋ ਜਾਵੇ"** ਅਤੇ ਕਮਿਊਨ ਅਤੇ ਅਕਤੂਬਰ-ਦਸੰਬਰ 1905 ਦੇ **ਉਦਾਹਰਣਾਂ** ਤੋਂ ਅਗਵਾਈ ਲਈ ਜਾਵੇ"। ਅਜੋਕੀਆਂ ਪਾਰਟੀਆਂ ਦੀ ਇਹ ਫ਼ਰਜ਼ ਪੂਰਾ ਕਰਨ ਵਿੱਚ ਅਸਫ਼ਲਤਾ ਦੇ ਅਰਥ ਸਨ ਉਹਨਾਂ ਵੱਲੋਂ ਵਿਸਾਹ-ਘਾਤ, ਉਹਨਾਂ ਦੀ ਮੌਤ, ਉਹਨਾਂ ਵੱਲੋਂ ਆਪਣਾ ਰੋਲ ਤਿਆਗਣਾ ਅਤੇ ਗ਼ੱਦਾਰੀ ਕਰਕੇ ਬੁਰਜੂਆਜ਼ੀ ਵੱਲ ਚਲੇ ਜਾਣਾ।

## III

ਪਰ ਅਜਿਹਾ **ਕਿਵੇਂ ਹੋ ਸਕਿਆ** ਕਿ ਦੂਜੀ ਇੰਟਰਨੈਸ਼ਨਲ ਦੇ ਸਭ ਤੋਂ ਉੱਘੇ ਪ੍ਰਤਿਨਿਧਾਂ ਅਤੇ ਲੀਡਰਾਂ ਨੇ ਸੋਸ਼ਲਿਜ਼ਮ ਨਾਲ਼ ਵਿਸਾਹ-ਘਾਤ ਕੀਤਾ ਹੈ? ਅਸੀਂ ਇਸ ਸਵਾਲ ਨੂੰ ਵਿਸਥਾਰ ਨਾਲ਼ ਅੱਗੇ ਜਾ ਕੇ, ਇਸ ਵਿਸਾਹ-ਘਾਤ ਨੂੰ ਹੱਕੀ ਠਹਿਰਾਉਣ ਲਈ "ਸਿਧਾਂਤਕ" ਤੌਰ 'ਤੇ ਹੱਕੀ ਠਹਿਰਾਉਣ ਦੇ ਜਤਨਾਂ ਨੂੰ ਪਰਖ਼ ਲੈਣ ਪਿੱਛੋਂ ਲਵਾਂਗੇ। ਅਸੀਂ ਸਮਾਜੀ-ਅੰਧਰਾਸ਼ਟਰਵਾਦ ਦੇ ਵੱਖ ਵੱਖ ਸਿਧਾਂਤਾਂ ਦਾ ਲੱਛਣੀਕਰਨ ਕਰਨ ਦਾ ਯਤਨ ਕਰਾਂਗੇ। ਪਲੈਖ਼ਾਨੋਵ ਨੂੰ (ਜਿਹੜਾ ਮੁੱਖ ਤੌਰ 'ਤੇ ਬਰਤਾਨਵੀ-ਫਰਾਂਸੀਸੀ ਅੰਧਰਾਸ਼ਟਰਵਾਦੀਆਂ, ਹਿੰਡਮੈਨ ਅਤੇ ਉਹਦੇ ਨਵੇਂ ਸਾਥੀਆਂ ਦੀਆਂ ਦਲੀਲਾਂ ਹੀ ਦੁਹਰਾਉਂਦਾ ਹੈ) ਅਤੇ ਕਾਊਟਸਕੀ (ਜਿਹੜਾ ਵਧੇਰੇ "ਸੂਖ਼ਮ" ਦਲੀਲਾਂ ਪੇਸ਼ ਕਰਦਾ ਹੈ ਆਪਣੀ ਜਾਪਣ ਨੂੰ ਕਿਤੇ ਵਧੇਰੇ ਸਿਧਾਂਤਕ ਡੂੰਘਾਈ ਸਮੇਤ) ਇਹਨਾਂ ਸਿਧਾਂਤਾਂ ਦਾ ਪ੍ਰਤਿਨਿਧ ਸਮਝਿਆ ਜਾ ਸਕਦਾ ਹੈ।

ਸ਼ਾਇਦ ਇਹਦੇ ਵਿੱਚ ਸਭ ਤੋਂ ਪੱਛੜਿਆ ਸਿਧਾਂਤ "ਇਹ ਕਿਸਨੇ ਸ਼ੁਰੂ ਕੀਤਾ" ਦਾ ਹੈ, ਜੋ ਇਹਨਾਂ ਸ਼ਬਦਾਂ ਵਿੱਚ ਪੇਸ਼ ਕੀਤਾ ਜਾ ਸਕਦਾ ਹੈ: ਸਾਡੇ ਉੱਤੇ ਹਮਲਾ ਕੀਤਾ

ਗਿਆ ਹੈ, ਅਤੇ ਅਸੀਂ ਆਪਣੀ ਰੱਖਿਆ ਕਰ ਰਹੇ ਹਾਂ; ਪ੍ਰੋਲੇਤਾਰੀ ਦੇ ਹਿੱਤ ਮੰਗ ਕਰਦੇ ਹਨ ਕਿ ਯੂਰਪ ਵਿੱਚ ਅਮਨ ਭੰਗ ਕਰਨ ਵਾਲ਼ਿਆਂ ਨਾਲ਼ ਚੰਗੀ ਤਰ੍ਹਾਂ ਨਜਿੱਠਿਆ ਜਾਵੇ। ਇਹ ਕੇਵਲ ਸਭਨਾਂ ਹਕੂਮਤਾਂ ਵਲੋਂ ਕੀਤੇ ਐਲਾਨਾਂ ਅਤੇ ਸੰਸਾਰ ਭਰ ਵਿੱਚ ਘਟੀਆ ਅਖ਼ਬਾਰਾਂ ਵਲੋਂ ਪਾਏ ਚੀਕ ਚਿਹਾੜੇ ਨੂੰ ਹੀ ਇੱਕ ਹੋਰ ਢੰਗ ਨਾਲ਼ ਪੇਸ਼ ਕਰਨਾ ਹੈ। ਪਲੈਖ਼ਾਨੋਵ ਤਾਂ ਬਜ਼ਾਰੀ ਦਲੀਲ ਨੂੰ "ਦਵੰਦਵਾਦ" ਵੱਲ ਆਪਣੇ ਅਟੱਲ ਯਸੂਹੀ ਸੰਕਟ ਰਾਹੀਂ ਸ਼ਿੰਗਾਰਦਾ ਵੀ ਹੈ; ਉਹ ਕਹਿੰਦਾ ਹੈ ਠੋਸ ਪ੍ਰਸਥਿਤੀ ਨੂੰ ਜੋਖਣ ਯੋਗ ਹੋਣ ਲਈ ਇਹ ਲਾਜ਼ਮੀ ਹੈ ਕਿ ਸਭ ਤੋਂ ਪਹਿਲਾਂ ਇਹ ਪਤਾ ਲਾਇਆ ਜਾਵੇ ਕਿ ਇਹ ਕਿਸਨੇ ਸ਼ੁਰੂ ਕੀਤੀ ਅਤੇ ਉਹਨੂੰ ਦੰਡ ਦਿੱਤਾ ਜਾਵੇ; ਬਾਕੀ ਸਭ ਮਸਲੇ ਉਸ ਸਮੇਂ ਤੱਕ ਪਿੱਛੇ ਪਾ ਦਿੱਤੇ ਜਾਣਗੇ ਜਿਸ ਸਮੇਂ ਕੋਈ ਹੋਰ ਪ੍ਰਸਥਿਤੀ ਪੈਦਾ ਹੋ ਜਾਵੇ। (ਵੇਖੋ ਪਲੈਖਾਨੋਵ ਦਾ ਪੈਂਫ਼ਲਟ "ਯੁੱਧ", ਪੈਰਿਸ, 1914 ਅਤੇ ਐਕਸਲਰੋਦ ਵਲੋਂ "ਗੋਲੋਸ"[12], ਅੰਕ 86 ਅਤੇ 87 ਵਿੱਚ ਇਹਨਾਂ ਦਲੀਲਾਂ ਦਾ ਦੁਹਰਾਇਆ ਜਾਣਾ।) ਪਲੈਖ਼ਾਨੋਵ ਨੇ ਦਵੰਦਵਾਦ ਦੀ ਥਾਂ ਭੁਲਾਂਦਰਾਵਾਦ ਨੂੰ ਦੇਣ ਦੀ ਸ਼ਾਨਦਾਰ ਖੇਡ ਵਿੱਚ ਨਵੇਂ ਰਿਕਾਰਡ ਕਾਇਮ ਕੀਤੇ ਹਨ। ਭੁਲਾਂਦਰਾਵਾਦੀ ਅਨੇਕ "ਦਲੀਲਾਂ" ਵਿੱਚੋਂ ਇੱਕ ਨੂੰ ਫੜ ਲੈਂਦਾ ਹੈ; ਹੀਗਲ ਨੇ ਬਹੁਤ ਸਮਾਂ ਹੋਇਆ ਇਹ ਕਿਹਾ ਸੀ ਕਿ ਦੁਨੀਆਂ ਵਿੱਚ ਕੁਝ ਵੀ ਸਾਬਤ ਕਰਨ ਲਈ "ਦਲੀਲਾਂ" ਲੱਭੀਆਂ ਜਾ ਸਕਦੀਆਂ ਹਨ। ਦਵੰਦਵਾਦ ਇਸ ਗੱਲ ਦੀ ਮੰਗ ਕਰਦਾ ਹੈ ਕਿ ਕਿਸੇ ਸਮਾਜੀ ਵਰਤਾਰੇ ਦੇ ਵਿਕਾਸ ਦੇ ਅਮਲ ਵਿੱਚ ਇਹਦੀ ਬਹੁ-ਪੱਖੀ ਖੋਜ ਕੀਤੀ ਜਾਵੇ, ਅਤੇ ਬਾਹਰਲੀਆਂ ਅਤੇ ਵੇਖਣ ਵਿੱਚ ਬੁਨਿਆਦੀ ਹੱਦ ਤੱਕ, ਉਪਜਾਊ ਸ਼ਕਤੀਆਂ ਤੱਕ, ਸ਼੍ਰੇਣੀ ਘੋਲ਼ ਤੱਕ ਘਟਾ ਦਿੱਤੀਆਂ ਚਾਲਕ ਸ਼ਕਤੀਆਂ ਦੀ ਖੋਜ ਕੀਤੀ ਜਾਵੇ। ਪਲੈਖ਼ਾਨੋਵ ਨੇ ਜਰਮਨ ਸੋਸ਼ਲ-ਡੈਮੋਕਰੈਟਕ ਅਖ਼ਬਾਰਾਂ ਵਿੱਚੋਂ ਟੂਕਾਂ ਫੜ ਲਈਆਂ ਹਨ: ਯੁੱਧ ਤੋਂ ਪਹਿਲਾਂ ਖ਼ੁਦ ਜਰਮਨਾਂ ਨੇ ਕਬੂਲ ਕੀਤਾ ਕਿ ਆਸਟਰੀਆ ਅਤੇ ਜਰਮਨੀ ਨੇ ਇਹ ਯੁੱਧ "ਸ਼ੁਰੂ ਕੀਤਾ ਹੈ", ਉਹ ਕਹਿੰਦਾ ਹੈ, ਸੋ ਤੁਸੀਂ ਆਪੇ ਸਮਝ ਲਓ। ਉਹ ਇਸ ਤੱਥ ਦਾ ਜ਼ਿਕਰ ਨਹੀਂ ਕਰਦਾ ਕਿ ਰੂਸੀ ਸੋਸ਼ਲਿਸਟਾਂ ਨੇ ਘੜੀ ਮੁੜੀ ਜ਼ਾਰਸ਼ਾਹੀ ਹਕੂਮਤ ਦੀਆਂ ਗਲੀਸ਼ੀਆ, ਆਰਮੀਨੀਆ, ਆਦਿ, ਉੱਤੇ ਕਬਜ਼ਾ ਕਰਨ ਦੀਆਂ ਯੋਜਨਾਵਾਂ ਨੂੰ ਨੰਗਾ ਕੀਤਾ। ਉਹ ਪਿਛਲੇ ਤਿੰਨਾਂ ਦਹਾਕਿਆਂ ਦੇ ਆਰਥਕ ਅਤੇ ਕੂਟਨੀਤਕ ਇਤਿਹਾਸ ਦਾ ਰਤੀ ਜਿੰਨਾਂ ਵੀ ਜ਼ਿਕਰ ਨਹੀਂ ਕਰਦਾ। ਇਤਿਹਾਸ ਇਹ ਸਾਬਤ ਕਰਦਾ ਹੈ ਕਿ ਬਸਤੀਆਂ ਜਿੱਤਣਾਂ, ਹੋਰਨਾਂ ਦੇਸ਼ਾਂ ਨੂੰ ਲੁੱਟਣਾਂ, ਵਧੇਰੇ ਸਫ਼ਲ ਵਿਰੋਧੀਆਂ ਨੂੰ ਬਾਹਰ ਕੱਢਣਾ ਅਤੇ ਤਬਾਹ ਕਰਨਾ ਯੁੱਧ ਵਿੱਚ ਜੁਟੀਆਂ ਦੁਹਾਂ ਧਿਰਾਂ ਦੀ ਰਾਜਨੀਤੀ ਦੀ ਰੀੜ੍ਹ ਦੀ ਹੱਡੀ ਰਹੀ ਹੈ।*

---

* ਬਰਤਾਨਵੀ ਸ਼ਾਂਤੀਵਾਦੀ ਬ੍ਰੇਲਜ਼ਫ਼ੋਰਡ ਦੀ, ਜਿਹੜਾ ਸੋਸ਼ਲਿਸਟ ਹੋਣ ਦਾ ਭੇਸ ਭਰਨ ਦੇ ਵੀ ਵਿਰੁੱਧ ਨਹੀਂ, ਪੁਸਤਕ "ਅਸਪਾਤ ਅਤੇ ਸੋਨੇ ਦੀ ਜੰਗ" (ਲੰਡਨ, 1914, ਇੱਕ ਅਜਿਹੀ ਪੁਸਤਕ ਜਿਸਦੀ ਪ੍ਰਕਾਸ਼ਨ ਤਿਥੀ ਮਾਰਚ 1914 ਹੈ!) ਬੜੀ ਸਿੱਖਿਆਦਾਇਕ ਹੈ। ਲੇਖਕ ਸਪੱਸ਼ਟ ਤੌਰ 'ਤੇ ਅਨੁਭਵ ਕਰਦਾ ਹੈ ਕਿ ਕੌਮੀ ਮਸਲੇ ਹੁਣ ਪਿਛੋਕੜ ਵਿੱਚ ਹਨ ਅਤੇ ਹੱਲ ਹੋ ਚੁੱਕੇ ਹਨ (ਪੰਨਾ 35), ਕਿ ਅੱਜ ਇਹ ਮੁੱਖ ਮਸਲੇ ਨਹੀਂ, ਕਿ "ਨਵੀਨ ਕੁਟਲ-ਨੀਤੀ ਦਾ ਲਖਣਾਇਕ ਸਵਾਲ" ➪

ਯੁੱਧਾਂ ਦੇ ਸਬੰਧ ਵਿੱਚ ਦਵੰਦਵਾਦ ਦਾ ਮੁੱਖ ਥੀਸਸ, ਜਿਸਨੂੰ ਬੁਰਜੂਆਜ਼ੀ ਨੂੰ ਖੁਸ਼

---

⇨ (ਪੰਨਾ 36) ਬਗ਼ਦਾਦ ਰੇਲਵੇ ਹੈ, ਇਹਦੇ ਲਈ ਰੇਲ ਦੀ ਪਟੜੀ ਦੇ ਠੇਕੇ, ਮਰਾਕੋ ਦੀਆਂ ਖਾਣਾਂ, ਅਤੇ ਅਜਿਹੇ ਹੋਰ ਸਵਾਲ ਹਨ। ਇਸ ਤੱਥ ਨੂੰ ਕਿ ਫ਼ਰਾਂਸੀਸੀ ਜਮਹੂਰੀਅਤ-ਪਸੰਦਾਂ ਅਤੇ ਬਰਤਾਨਵੀ ਸਾਮਰਾਜੀ ਕਾਇਓ ਦੇ ਬਸਤੀਵਾਦੀ ਅਸਰ ਦੇ ਘੇਰੇ ਵੰਡ ਲੈਣ ਅਤੇ ਪੈਰਿਸ ਬੋਰਸ (ਕੰਪਨੀਆਂ ਦੇ ਹਿੱਸਿਆਂ ਦੇ ਸਿੱਟੇ ਦੀ ਮੰਡੀ– ਅਨੁ;) ਵਿੱਚ ਜਰਮਨ ਹਿੱਸਿਆਂ ਦੇ ਸੌਦੇ ਹੋਣ ਦੇ ਅਧਾਰ ਉੱਤੇ ਜਰਮਨੀ ਨਾਲ਼ ਸਮਝੌਤਾ ਵਿਰੁੱਧ ਰਲ ਕੇ ਲੜੇ (1911 ਅਤੇ 1913) ਲੇਖਕ ਠੀਕ ਤੌਰ 'ਤੇ "ਯੂਰਪੀ ਕੂਟ-ਨੀਤੀ ਦੇ ਇਤਿਹਾਸ ਵਿੱਚ ਅਤਿ-ਅੰਤ ਸਿੱਖਿਆਦਾਇਕ ਘਟਨਾਵਾਂ" ਵਿੱਚੋਂ ਇੱਕ ਸਮਝਦਾ ਹੈ। **ਬਰਤਾਨਵੀ ਅਤੇ ਫ਼ਰਾਂਸੀਸੀ** ਬੁਰਜੂਆਜ਼ੀ ਨੇ ਅਜਿਹੇ ਸਮਝੌਤੇ ਨੂੰ **ਅਸਫ਼ਲ ਬਣਾਇਆ** (ਪੰਨਾ 38-40)। ਸਾਮਰਾਜ ਦਾ ਮੰਤਵ ਕਮਜ਼ੋਰ ਦੇਸ਼ਾਂ ਨੂੰ ਪੂੰਜੀ ਦੀ ਬਰਾਮਦ ਹੈ (ਪੰਨਾ 74)। 1899 ਵਿੱਚ ਬਰਤਾਨੀਆ ਵਿੱਚ ਅਜਿਹੀ ਪੂੰਜੀ ਤੋਂ ਪ੍ਰਾਪਤ ਨਫ਼ੇ 9,00,00,000 ਪੌਂਡ ਅਤੇ 10,00,00,000 ਪੌਂਡ ਦੇ ਵਿਚਕਾਰ ਸਨ (ਗ਼ਿਫ਼ਨ) ਅਤੇ 1909 ਵਿੱਚ 14,00,00,000 ਪੌਂਡ ਸਨ (ਪੈਸ਼); ਅਸੀਂ ਏਥੇ ਇਹ ਵਾਧਾ ਕਰਦੇ ਹਾਂ ਕਿ ਪਿੱਛੇ ਜਿਹੇ ਲਾਇਡ ਜਾਰਜ ਨੇ ਇੱਕ ਤਕਰੀਰ ਵਿੱਚ ਹਿਸਾਬ ਲਾਇਆ ਕਿ ਇਹ ਨਫ਼ੇ 20,00,00,000 ਪੌਂਡ ਸਨ, ਜੋ ਲਗ ਭਗ 200 ਕਰੋੜ ਰੂਬਲ ਬਣਦੇ ਹਨ। ਗੰਦੀਆਂ ਚਾਲਾਂ ਅਤੇ ਉੱਚੀਆਂ ਪਦਵੀਆਂ ਵਾਲ਼ੇ ਤੁਰਕਾਂ ਨੂੰ ਰਿਸ਼ਵਤਾਂ ਦੇਣੀਆਂ ਅਤੇ ਬਰਤਾਨਵੀ ਅਮੀਰ-ਸ਼ਾਹੀ ਦੇ ਛੋਟੇ ਪੁੱਤਰਾਂ ਨੂੰ ਹਿੰਦ ਅਤੇ ਮਿਸਰ ਵਿੱਚ ਮੋਟੀਆਂ ਤਨਖ਼ਾਹਾਂ ਵਾਲ਼ੀਆਂ ਨੌਕਰੀਆਂ, ਅਜਿਹੇ ਹਨ ਮੁੱਖ ਲੱਛਣ (ਪੰਨਾ 85-87)। ਇੱਕ ਨਿਗੂਣੀ ਜਿਹੀ ਘੱਟ-ਗਿਣਤੀ ਨੂੰ ਹਥਿਆਰਾਂ ਅਤੇ ਯੁੱਧਾਂ ਤੋਂ ਲਾਭ ਹੁੰਦਾ ਹੈ, ਉਹ ਕਹਿੰਦਾ ਹੈ, ਪਰ ਇਸ ਘੱਟ-ਗਿਣਤੀ ਨੂੰ "ਉੱਚੇ-ਤਬਕੇ" ਦੀ ਹਮਾਇਤ ਪ੍ਰਾਪਤ ਹੈ ਜਿੱਥੇ ਕਿ ਅਮਨ ਦੇ ਹਾਮੀਆਂ ਪਿੱਛੇ ਅਣ-ਇੱਕਮੁਠ ਜਨਤਾ ਹੈ (ਪੰਨਾ 93)। ਇੱਕ ਸ਼ਾਂਤੀਵਾਦੀ ਜਿਹੜਾ ਅੱਜ ਅਮਨ ਅਤੇ ਨਿਸ਼ਸਤ੍ਰੀਕਰਣ ਦੀਆਂ ਗੱਲਾਂ ਕਰਦਾ ਹੈ ਕੱਲ਼ ਉਸ ਪਾਰਟੀ ਦਾ ਮੈਂਬਰ ਸਾਬਤ ਹੁੰਦਾ ਹੈ ਜਿਹੜੀ ਉੱਕਾ ਹੀ ਯੁੱਧ ਦੇ ਠੇਕਿਆਂ ਉੱਤੇ ਨਿਰਭਰ ਹੈ (ਪੰਨਾ 161)। ਜੇ ਤਿੱਕੜੀ ਐਨਟੇਂਟੇ ਜਿੱਤ ਗਿਆ ਤਾਂ ਉਹ ਮਰਾਕੋ ਨੂੰ ਹੜੱਪ ਲਵੇਗਾ ਅਤੇ ਈਰਾਨ ਨੂੰ ਵੰਡ ਲਵੇਗਾ; ਜੇ ਤਿੱਕੜੀ ਏਕਾ[13] ਜਿੱਤ ਗਿਆ ਤਾਂ ਟਰੀਪੋਲੀ 'ਤੇ ਕਬਜ਼ਾ ਕਰ ਲਵੇਗਾ, ਬੋਸਨੀਆ ਉੱਤੇ ਆਪਣਾ ਕਬਜ਼ਾ ਮਜ਼ਬੂਤ ਕਰ ਲਵੇਗਾ ਅਤੇ ਤੁਰਕੀ ਨੂੰ ਅਧੀਨ ਕਰ ਲਵੇਗਾ (ਪੰਨਾ 167)। ਮਾਰਚ 1906 ਵਿੱਚ ਬਰਤਾਨੀਆ ਅਤੇ ਫ਼ਰਾਂਸ ਨੇ ਰੂਸ ਨੂੰ ਅਰਬਾਂ ਦਿੱਤੇ ਅਤੇ ਅਜ਼ਾਦੀ ਲਈ ਲਹਿਰ ਕੁਚਲਣ ਵਿੱਚ ਜ਼ਾਰਸ਼ਾਹੀ ਦੀ ਸਹਾਇਤਾ ਕੀਤੀ(ਪੰਨਾ 225-28) ਅੱਜ ਬਰਤਾਨੀਆ ਈਰਾਨ ਦਾ ਗਲ਼ਾ ਘੁਟਣ ਵਿੱਚ ਰੂਸ ਦੀ ਸਹਾਇਤ ਕਰ ਰਿਹਾ ਹੈ (ਪੰਨ 229)। ਰੂਸ ਨੇ ਬਲਕਾਨ ਦਾ ਯੁੱਧ ਭੜਕਾਇਆ (ਪੰਨਾ230)। — ਇਹਦੇ ਵਿੱਚ ਕੋਈ ਨਵੀਨਤਾ ਨਹੀਂ, ਹੈ ਕੋਈ ? ਇਹ ਆਮ ਜਾਣੀ ਪਛਾਣੀ ਗੱਲ ਹੈ ਅਤੇ ਹਜ਼ਾਰਾਂ ਵਾਰ ਸੰਸਾਰ ਭਰ ਵਿੱਚ ਸੋਸ਼ਲ-ਡੈਮੋਕਰੈਟਕ ਅਖ਼ਬਾਰਾਂ ਵਿੱਚ ਦੁਹਰਾਈ ਗਈ ਹੈ। ਯੁੱਧ ਤੋਂ ਐਨ ਪਹਿਲਾਂ ਇੱਕ ਬਰਤਾਨਵੀ ਬੁਰਜੂਆ ਇਹ ਵੱਧ ਤੋਂ ਵੱਧ ਸਪੱਸ਼ਟਤਾ ਨਾਲ਼ ਵੇਖਦਾ ਹੈ। ਇਹਨਾਂ ਸਾਦੇ ਅਤੇ ਸਰਬ-ਵਰਤੀ ਤੌਰ 'ਤੇ ਜਾਣੇ ਤੱਥਾਂ ਦੇ ਸਨਮੁੱਖ ਜਰਮਨੀ ਦੇ ਕਸੂਰ ਸਬੰਧੀ ਪਲੈਖ਼ਾਨੋਵ ਅਤੇ ਪੋਤਰੇਸੋਵ ਵਲੋਂ ਪੇਸ਼ ਕੀਤੇ ਸਿਧਾਂਤ ਜਾਂ ਸਰਮਾਏਦਾਰੀ ਅਧੀਨ ਨਿਸ਼ਸਤ੍ਰੀਕਰਣ ਅਤੇ ਸਥਿਰ ਅਮਨ ਦੀਆਂ "ਸੰਭਾਵਨਾਵਾਂ" ਸਬੰਧੀ ਕਾਊਟਸਕੀ ਦਾ ਸਿਧਾਂਤ ਕਿੰਨੀ ਯੱਕੜ ਬਕਵਾਸ, ਕਿੰਨਾ ਸਵੈ-ਮਗਨ ਦੰਭ ਅਤੇ ਕਿੰਨਾ ਚੋਪੜਿਆ ਝੂਠ ਹਨ !

ਕਰਨ ਲਈ ਪਲੈਖ਼ਾਨੋਵ ਨੇ ਏਨੀ ਬੇਸ਼ਰਮੀ ਨਾਲ਼ ਤੋੜਿਆ ਮਰੋੜਿਆ ਹੈ, ਇਹ ਹੈ ਕਿ "**ਯੁੱਧ ਰਾਜਨੀਤੀ ਨੂੰ ਹੋਰਨਾਂ** (ਅਰਥਾਤ ਹਿੰਸਕ) **ਢੰਗਾਂ ਨਾਲ਼ ਜਾਰੀ ਰੱਖਣਾ ਹੈ।**" ਇਹ ਯੁੱਧ ਦੇ ਇਤਿਹਾਸ ਸਬੰਧੀ ਸਭ ਤੋਂ ਮਹਾਨ ਲੇਖਕਾਂ ਵਿੱਚੋਂ ਇੱਕ ਕਲਾਊਜ਼ੇਵਿਤਜ* ਦਾ ਗੁਰ ਸੀ, ਜਿਸਦੇ ਵਿਚਾਰਾਂ ਨੂੰ ਹੀਗਲ ਨੇ ਉਤੇਜਿਤ ਕੀਤਾ। ਅਤੇ ਇਹ ਸਦਾ ਮਾਰਕਸ ਅਤੇ ਏਂਗਲਜ਼ ਦਾ ਦ੍ਰਿਸ਼ਟੀਕੋਣ ਸੀ,ਜਿਹੜੇ **ਹਰ** ਯੁੱਧ ਨੂੰ ਇੱਕ ਇੱਕ ਵਿਸ਼ੇਸ਼ ਸਮੇਂ ਵਿੱਚ ਸਬੰਧਿਤ ਸ਼ਕਤੀਆਂ —ਅਤੇ ਇਹਨਾਂ ਅੰਦਰ **ਵੱਖ ਵੱਖ** ਸ਼੍ਰੇਣੀਆਂ—ਦੀ ਰਾਜਨੀਤੀ ਨੂੰ **ਜਾਰੀਰਹਿਣਾ** ਸਮਝਦੇ ਹਨ।

ਪਲੈਖ਼ਾਨੋਵ ਦਾ ਭੱਦਾ ਅੰਧਰਾਸ਼ਟਰਵਾਦ ਐਨ ਉਸੇ ਹੀ ਸਿਧਾਂਤਕ ਦ੍ਰਿਸ਼ਟੀਕੋਣ ਉੱਤੇ ਅਧਾਰਤ ਹੈ ਜਿਸ ਉੱਤੇ ਕਾਊਟਸਕੀ ਦਾ ਸ਼ੱਕਰ-ਲਪੇਟਿਆ-ਸਮਝੌਤਾਵਾਦੀ ਅੰਧਰਾਸ਼ਟਰਵਾਦ। ਸਭਨਾਂ ਦੇਸ਼ਾਂ ਦੇ ਸੋਸ਼ਲਿਸਟਾਂ ਵੱਲੋਂ ਪਿੱਠ ਦਿਖਾ ਕੇ "ਆਪਣੇ" ਸਰਮਾਏਦਾਰਾਂ ਵੱਲ ਚਲੇ ਜਾਣ ਨੂੰ ਆਸ਼ੀਰਵਾਦ ਦੇਂਦਾ ਹੋਇਆ ਉਹ ਇਹ ਦਲੀਲ ਦਿੰਦਾ ਹੈ:

> ਇਹ ਹਰ ਇੱਕ ਦਾ ਹੱਕ ਅਤੇ ਫ਼ਰਜ਼ ਹੈ ਕਿ ਉਹ ਆਪਣੀ ਪਿੱਤਰੀ-ਭੂਮੀ ਦੀ ਰੱਖਿਆ ਕਰੇ; ਸੱਚਾ ਕੌਮਾਂਤਰੀਵਾਦ ਸਭਨਾਂ ਕੌਮਾਂ ਦੇ, ਸਮੇਤ ਉਹਨਾਂ ਕੌਮਾਂ ਦੇ ਜੋ ਮੇਰੀ ਕੌਮ ਨਾਲ਼ ਯੁੱਧ ਲੜ ਰਹੀਆਂ ਹਨ, ਇਸ ਹੱਕ ਨੂੰ ਪ੍ਰਵਾਨ ਕਰਨਾ ਹੈ (ਵੇਖੋ ´Die Neue Zeit[a], 2 ਅਕਤੂਬਰ 1914 ਅਤੇ ਇਸੇ ਲੇਖਕ ਦੀਆਂ ਹੋਰ ਲਿਖਤਾਂ।)

ਇਹ ਬੇਮਿਸਾਲ ਦਲੀਲ ਸੋਸ਼ਲਿਜ਼ਮ ਦਾ ਏਨਾ ਅਕਿਹ ਵਿਗਾੜ ਹੈ ਕਿ ਇਹਦਾ ਸਭ ਤੋਂ ਚੰਗਾ ਉੱਤਰ ਇੱਕ ਤਮਗਾ ਤਿਆਰ ਕਰਨਾ ਹੋਵੇਗਾ ਜਿਸ ਦੇ ਇੱਕ ਪਾਸੇ ਵਿਲਹਲਮ ਦੂਜਾ ਅਤੇ ਨਿਕੋਲਸ ਦੂਜੇ ਦੇ ਚਿੱਤਰ ਹੋਣ ਅਤੇ ਦੂਜੇ ਪਾਸੇ ਪਲੈਖ਼ਾਨੋਵ ਅਤੇ ਕਾਊਟਸਕੀ ਦੇ। ਸਾਨੂੰ ਦੱਸਿਆ ਜਾਂਦਾ ਹੈ ਕਿ ਅਸਲ ਕੌਮਾਂਤਰੀਵਾਦ ਇਹ ਹੈ ਕਿ "ਪਿੱਤਰੀ-ਭੂਮੀ ਦੀ ਰੱਖਿਆ ਦੇ ਨਾਂ ਉੱਤੇ" ਜਰਮਨ ਕਿਰਤੀ ਫ਼ਰਾਂਸੀਸੀ ਕਿਰਤੀਆਂ ਉੱਤੇ ਗੋਲ਼ੀ ਚਲਾਉਣ ਅਤੇ ਫ਼ਰਾਂਸੀਸੀ ਕਿਰਤੀ ਜਰਮਨ ਕਿਰਤੀਆਂ ਉੱਤੇ!

ਪਰ ਕਾਊਟਸਕੀ ਦੀਆਂ ਦਲੀਲਾਂ ਦੇ ਸਿਧਾਂਤਕ ਅਧਾਰਾਂ ਨੂੰ ਵਧੇਰੇ ਧਿਆਨ ਨਾਲ਼ ਪਰਖਿਆਂ ਐਨ ਉਹੋ ਵਿਚਾਰ ਉਘੜਦਾ ਹੈ ਜਿਸਦਾ ਕਲਾਊਜ਼ੇਵਿਤਜ਼ ਨੇ ਲਗਭਗ 80 ਵਰ੍ਹੇ ਠੱਠਾ ਉਡਾਇਆ, ਅਰਥਾਤ, ਜਦੋਂ ਯੁੱਧ ਛਿੜਦਾ ਹੈ ਤਾਂ ਕੌਮਾਂ ਅਤੇ ਸ਼੍ਰੇਣੀਆਂ ਵਿਚਕਾਰ ਸਭ ਇਤਿਹਾਸਿਕ ਤੌਰ 'ਤੇ ਸਥਾਪਤ ਹੋਏ ਸਬੰਧ ਖ਼ਤਮ ਹੋ ਜਾਂਦੇ ਹਨ ਅਤੇ ਇੱਕ

---

* Karl von Clausewitz: ´Vom Kriege, Werke, I Bd., S. 28 Cf III Bd. S. 139-40:[a] "ਸਭ ਜਾਣਦੇ ਹਨ ਕਿ ਯੁੱਧ ਕੇਵਲ ਹਕੂਮਤਾਂ ਅਤੇ ਕੌਮਾਂ ਦੇ ਰਾਜਸੀ ਸਬੰਧਾਂ ਕਾਰਨ ਛਿੜਦੇ ਹਨ: ਪਰ ਆਮ ਤੌਰ 'ਤੇ ਪ੍ਰਸਥਿਤੀ ਇਉਂ ਚਿਤਵੀ ਜਾਂਦੀ ਹੈ ਜਿਵੇਂ ਯੁੱਧ ਛਿੜਨ ਨਾਲ਼ ਇਹ ਸਬੰਧ ਖ਼ਤਮ ਹੋ ਜਾਂਦੇ ਹਨ ਅਤੇ ਇੱਕ ਨਵੀਂ ਪ੍ਰਸਥਿਤੀ ਪੈਦਾ ਹੋ ਜਾਂਦੀ ਹੈ ਜਿਹੜੀ ਆਪਣੇ ਹੀ ਰਾਹ ਉੱਤੇ ਚਲਦੀ ਹੈ। ਅਸੀਂ ਇਹਦੇ ਉਲਟ ਗੱਲ ਉਤੇ ਜ਼ੋਰ ਦੇਂਦੇ ਹਾਂ, ਯੁੱਧ ਹੋਰਨਾਂ ਸਾਧਨਾਂ ਦੇ ਦਖ਼ਲ ਰਾਹੀਂ ਰਾਜਸੀ ਸਬੰਧਾਂ ਨੂੰ ਜਾਰੀ ਰੱਖਣਾ ਹੈ।"

ਉੱਕਾ ਹੀ ਨਵੀਂ ਪ੍ਰਸਥਿਤੀ ਪੈਦਾ ਹੋ ਜਾਂਦੀ ਹੈ! "ਕੇਵਲ" ਕੁਝ ਲੋਕ ਅਜਿਹੇ ਹੁੰਦੇ ਹਨ, ਜਿਹੜੇ ਹਮਲਾ ਕਰਦੇ ਹਨ ਅਤੇ ਕੁਝ ਜਿਹੜੇ ਰੱਖਿਆ ਕਰ ਰਹੇ ਹੁੰਦੇ ਹਨ, "ਕੇਵਲ ਪਿੱਤਰੀ-ਭੂਮੀ ਦੇ ਦੁਸ਼ਮਣਾਂ ਨੂੰ" ਰੋਕਣਾ! ਵੱਡ-ਤਾਕਤੀ ਸਾਮਰਾਜੀ ਕੌਮਾਂ ਵਲੋਂ ਅਜਿਹੀਆਂ ਕੌਮਾਂ ਨੂੰ ਜਿਹੜੀਆਂ ਲਗਭਗ ਸੰਸਾਰ ਦੀ ਵਸੋਂ ਦਾ ਅੱਧਾ ਹਿੱਸਾ ਹਨ ਦਬਾ ਕੇ ਰੱਖਣਾ; ਲੁੱਟ ਵਿੱਚ ਹਿੱਸੇ ਲਈ ਇਹਨਾਂ ਕੌਮਾਂ ਦੀ ਬੁਰਜੂਆਜ਼ੀ ਵਿਚਕਾਰ ਟਾਕਰਾ; ਸਰਮਾਏਦਾਰਾਂ ਦੀ ਕਿਰਤੀ ਸ਼੍ਰੇਣੀ ਲਹਿਰ ਵਿੱਚ ਫ਼ੁੱਟ ਪਾਉਣ ਅਤੇ ਇਹਨੂੰ ਕੁਚਲਣ ਦੇ ਯਤਨ—ਇਹ ਸਭ ਅਚਣਚੇਤ ਪਲੈਖ਼ਾਨੋਵ ਅਤੇ ਕਾਊਟਸਕੀ ਦੀ ਦ੍ਰਿਸ਼ਟੀ ਤੋਂ ਲੋਪ ਹੋ ਗਏ ਹਨ, ਭਾਵੇਂ ਉਹ ਯੁੱਧ ਤੋਂ ਪਹਿਲਾਂ ਦਹਾਕਿਆਂ ਤੱਕ ਐਨ ਇਸ "ਰਾਜਨੀਤੀ" ਦੀ ਵਿਆਖਿਆ ਕਰਦੇ ਰਹੇ।

ਇਸ ਸਬੰਧ ਵਿੱਚ ਮਾਰਕਸ ਅਤੇ ਏਂਗਲਜ਼ ਤੋਂ ਝੂਠੇ ਹਵਾਲੇ ਸਮਾਜੀ-ਅੰਧਰਾਸ਼ਟਰਵਾਦ ਦੇ ਇਹਨਾਂ ਦੋ ਮਹਾਰਥੀਆਂ ਦੀ ਸਿਖਰਲੀ ਦਲੀਲ ਹਨ; ਪਲੈਖਾਨੋਵ ਪਰਸ਼ੀਆ ਦੇ 1813 ਦੇ ਕੌਮੀ ਯੁੱਧ ਅਤੇ ਜਰਮਨੀ ਦੇ 1870 ਦੇ ਕੌਮੀ ਯੁੱਧ ਦਾ ਜ਼ਿਕਰ ਕਰਦਾ ਹੈ ਅਤੇ ਕਾਊਟਸਕੀ, ਬੜੇ ਅਲਮਾਨਾ ਢੰਗ ਨਾਲ਼, ਦਲੀਲ ਦੇਂਦਾ ਹੈ ਕਿ ਮਾਰਕਸ ਨੇ ਇਸ ਮਸਲੇ 'ਤੇ ਵਿਚਾਰ ਕੀਤਾ ਸੀ ਕਿ 1854-1855, 1859 ਅਤੇ 1870-71 ਦੇ ਯੁੱਧਾਂ ਵਿੱਚ ਕਿਸ ਦੀ ਜਿੱਤ (ਅਰਥਾਤ ਕਿਸ ਬੁਰਜੂਆਜ਼ੀ ਦੀ ਜਿੱਤ) ਚੰਗੇਰੀ ਸੀ ਅਤੇ 1876-77 ਅਤੇ 1897 ਦੇ ਯੁੱਧਾਂ ਵਿੱਚ ਮਾਰਕਸਵਾਦੀਆਂ ਨੇ ਅਜਿਹਾ ਹੀ ਕੀਤਾ। ਹਰ ਯੁੱਗ ਵਿੱਚ ਭੁਲਾਂਦਰਾਵਾਦੀਆਂ ਨੂੰ ਅਜਿਹੀਆਂ ਮਿਸਾਲਾਂ ਦੇਣ ਦੀ ਆਦਤ ਰਹੀ ਹੈ ਜਿਨ੍ਹਾਂ ਦਾ ਸਬੰਧ ਅਜਿਹੀਆਂ ਅਜਿਹੀਆਂ ਪ੍ਰਸਥਿਤੀਆਂ ਨਾਲ਼ ਹੁੰਦਾ ਹੈ ਜੋ ਅਸੂਲੀ ਤੌਰ 'ਤੇ ਉੱਕਾ ਹੀ ਵੱਖ ਹੁੰਦੀਆਂ ਹਨ। ਬੀਤੇ ਦੇ ਯੁੱਧ, ਜਿਨ੍ਹਾਂ ਦਾ ਜ਼ਿਕਰ ਕਰਦੇ ਹਨ, ਬੁਰਜੂਆਜ਼ੀ ਦੀ ਕਈ ਵਰ੍ਹੇ ਪੁਰਾਣੀ ਕੌਮੀ ਲਹਿਰ ਦੀ, ਵਿਦੇਸ਼ੀ ਜੂਲੇ ਅਤੇ ਇੱਕ-ਪੁਰਖੀ ਰਾਜ (ਤੁਰਕੀ ਅਤੇ ਰੂਸੀ) ਵਿਰੁੱਧ ਲਹਿਰ ਦੀ "ਰਾਜਨੀਤੀ ਨੂੰ ਜਾਰੀ ਰੱਖਣਾ ਹੀ ਸੀ"। ਉਸ ਸਮੇਂ ਸਵਾਲ ਕੇਵਲ ਇਹ ਸੀ ਕਿ ਕਿਹੜੀ ਬੁਰਜੂਆਜ਼ੀ ਦੀ ਜਿੱਤ ਚੰਗੇਰੀ ਹੈ; ਅਜਿਹੇ ਯੁੱਧਾਂ ਲਈ ਮਾਰਕਸਵਾਦੀ ਕੌਮਾਂ ਨੂੰ **ਪਹਿਲਾਂ ਤੋਂ ਉਭਾਰ** ਸਕਦੇ ਹਨ, ਕੌਮੀ ਘਿਰਣਾ **ਪੈਦਾ ਕਰ** ਸਕਦੇ ਹਨ, ਜਿਵੇਂ ਮਾਰਕਸ ਨੇ 1848 ਵਿੱਚ ਅਤੇ ਉਸ ਤੋਂ ਪਿਛੋਂ ਕੀਤਾ, ਜਦੋਂ ਉਹਨੇ ਰੂਸ ਵਿਰੁੱਧ ਯੁੱਧ ਦਾ ਸੱਦਾ ਦਿੱਤਾ ਅਤੇ ਜਿਵੇਂ ਏਂਗਲਜ਼ ਨੇ 1858 ਵਿੱਚ ਜਰਮਨਾਂ ਵਿੱਚ ਜਾਬਰਾਂ ਵਿਰੁੱਧ—ਨੈਪੋਲੀਅਨ ਤੀਜੇ ਅਤੇ ਰੂਸੀ ਜ਼ਾਰਸ਼ਾਹੀ ਵਿਰੁੱਧ—ਘਿਰਣਾ ਪੈਦਾ ਕੀਤੀ।*

---

* "ਜ਼ਿਜ਼ਿਨ"[14] ਵਿੱਚ ਸ਼੍ਰੀ ਗਾਰਦੇਨਿਨ 1848 ਵਿੱਚ ਉਹਨਾਂ ਯੂਰਪੀ ਕੌਮਾਂ ਵਿਰੁੱਧ ਜਿਨ੍ਹਾਂ ਆਪਣੇ ਆਪ ਨੂੰ ਅਸਲ ਵਿੱਚ ਉਲਟ-ਇਨਕਲਾਬੀ ਸਾਬਤ ਕਰ ਦਿੱਤਾ ਸੀ, ਅਰਥਾਤ "ਵਿਸ਼ੇਸ਼ ਤੌਰ 'ਤੇ ਸਲਾਵ ਅਤੇ ਰੂਸੀ" ਵਿਰੁੱਧ ਇਨਕਲਾਬੀ ਯੁੱਧ ਸਬੰਧੀ ਮਾਰਕਸ ਦੇ ਦ੍ਰਿਸ਼ਟੀਕੋਣ ਨੂੰ "ਇਨਕਲਾਬੀ ਅੰਧਰਾਸ਼ਟਰਵਾਦ" — ਪਰ ਅੰਧਰਾਸ਼ਟਰਵਾਦ ਹੀ — ਕਹਿੰਦਾ ਹੈ। ਮਾਰਕਸ ਨੂੰ ਇਹ ਮਿਹਣਾ ਇੱਕ ਵਾਰ ਫੇਰ ਇਸ "ਖੱਬੇ-ਪੱਖੀ" ਸੋਸ਼ਲਿਸਟ-ਇਨਕਲਾਬੀ ਦੀ ਮੌਕਾ-ਪ੍ਰਸਤੀ ( ਜਾਂ ਠੀਕ ਸ਼ਬਦਾਂ ਵਿੱਚ- **ਅਤੇ** ਨਿਗੂਣਾਪੁਣਾ) ਪ੍ਰਗਟ ਕਰਦਾ ਹੈ। ਅਸੀਂ ਮਾਰਕਸਵਾਦੀ ਸਦਾ **ਉਲਟ-ਇਨਕਲਾਬੀ** ਕੌਮਾਂ ਵਿਰੁੱਧ **ਇਨਕਲਾਬੀ** ਯੁੱਧ ਦੇ ਹੱਕ ਵਿੱਚ ਰਹੇ ਹਾਂ ਅਤੇ ਅੱਜ ਵੀ ਹਾਂ। ਮਿਸਾਲ ਵਜੋਂ ⇨

ਸਾਮੰਤਵਾਦ ਅਤੇ ਇੱਕ-ਪੁਰਖੀ ਰਾਜ ਦਾ ਮੁਕਾਬਲਾ ਕਰਨ ਦੀ "ਰਾਜਨੀਤੀ ਨੂੰ ਜਾਰੀ ਰੱਖਣ"—ਆਪਣੀ ਮੁਕਤੀ ਲਈ ਘੋਲ਼ ਦਾ ਬੁਰਜੂਆਜ਼ੀ ਦੀ ਰਾਜਨੀਤੀ—ਦਾ ਮੁਕਾਬਲਾ ਜ਼ਰਜ਼ਰੀ **ਅਰਥਾਤ** ਸਾਮਰਾਜੀ ਬੁਰਜੂਆਜ਼ੀ **ਅਰਥਾਤ** ਅਜਿਹੀ ਬੁਰਜੂਆਜ਼ੀ "ਦੀ ਰਾਜਨੀਤੀ ਜਾਰੀ ਰੱਖਣ" ਨਾਲ਼ ਕਰਨਾ ਜਿਸ ਨੇ ਸਮੁੱਚੇ ਸੰਸਾਰ ਨੂੰ ਲੁੱਟ ਲਿਆ ਹੈ, ਇੱਕ ਪਿਛਾਂਹ-ਖਿੱਚੂ ਬੁਰਜੂਆਜ਼ੀ ਜਿਹੜੀ ਸਾਮੰਤੀ ਜਾਗੀਰਦਾਰਾਂ ਨਾਲ਼ ਰਲ਼ ਕੇ ਪ੍ਰੋਲੇਤਾਰੀ ਨੂੰ ਕੁਚਲਣ ਦਾ ਯਤਨ ਕਰਦੀ ਹੈ, ਪਨੀਰ ਦਾ ਮੁਕਾਬਲਾ ਚੂਨੇ ਨਾਲ਼ ਕਰਨਾ ਹੈ। ਇਹ ਰੋਬਸਪੀਅਰ, ਗੈਰੀਬਾਲਡੀ ਅਤੇ ਜ਼ੇਲਿਆਬੋਵ ਜਿਹੇ "ਬੁਰਜੂਆਜ਼ੀ ਦੇ ਪ੍ਰਤਿਨਿੱਧਾਂ" ਦਾ ਮੁਕਾਬਲਾ ਮਿਲੇਰਾਂਦ, ਸਲਾਂਦਰਾ ਅਤੇ ਗੁਚਕੋਵ ਜਿਹੇ "ਬੁਰਜੂਆਜ਼ੀ ਦੇ ਪ੍ਰਤਿਨਿੱਧਾਂ" ਨਾਲ਼ ਕਰਨਾ ਹੈ। ਮਨੁੱਖ ਉਹਨਾਂ ਮਹਾਨ ਬੁਰਜੂਆ ਇਨਕਲਾਬੀਆਂ ਲਈ ਡੂੰਘੇ ਸਤਿਕਾਰ ਤੋਂ ਬਿਨਾਂ ਮਾਰਕਸਵਾਦੀ ਨਹੀਂ ਹੋ ਸਕਦਾ, ਜਿਨ੍ਹਾਂ ਨੂੰ ਆਪਣੀ ਆਪਣੀ ਬੁਰਜੂਆ "ਪਿੱਤਰੀ-ਭੂਮੀ" ਵੱਲੋਂ ਬੋਲਣ ਦਾ ਪੂਰਾ ਅਧਿਕਾਰ ਸੀ ਅਤੇ ਜਿਨ੍ਹਾਂ ਸਾਮੰਤਵਾਦ ਵਿਰੁੱਧ ਘੋਲ਼ ਵਿੱਚ ਨਵੀਆਂ ਕੌਮਾਂ ਵਿੱਚ ਲਖੂਖਾ ਲੋਕਾਂ ਦੀ ਇੱਕ ਸਭਿਅਕ ਜੀਵਨ ਵੱਲ ਅਗਵਾਈ ਕੀਤੀ। ਨਾ ਹੀ ਮਨੁੱਖ ਪਲੈਖ਼ਾਨੋਵ ਅਤੇ ਕਾਊਟਸਕੀ ਦੇ ਭੁਲਾਂਦਰਾਵਾਦ ਲਈ ਘਿਰਣਾ ਅਨੁਭਵ ਕੀਤੇ ਬਿਨਾਂ ਮਾਰਕਸਵਾਦੀ ਹੋ ਸਕਦਾ ਹੈ, ਜਿਹੜੇ ਜਰਮਨ ਸਾਮਰਾਜੀਆਂ ਵੱਲੋਂ ਬੈਲਜੀਅਮ ਦਾ ਗਲ਼ਾ ਘੁੱਟਣ ਜਾ ਬਰਤਾਨੀਆ, ਫ਼ਰਾਂਸ, ਰੂਸ ਅਤੇ ਇਟਲੀ ਦੇ ਸਾਮਰਾਜੀਆਂ ਵਿਚਕਾਰ ਆਸਟਰੀਆ ਅਤੇ ਤੁਰਕੀ ਨੂੰ ਲੁੱਟਣ ਸਬੰਧੀ ਸਮਝੌਤੇ ਦੇ ਪ੍ਰਸੰਗ ਵਿੱਚ "ਪਿੱਤਰੀ-ਭੂਮੀ ਦੀ ਰੱਖਿਆ" ਦੀ ਗੱਲ ਕਰਦੇ ਹਨ।

ਸਮਾਜੀ-ਅੰਧਰਾਸ਼ਟਰਵਾਦ ਦਾ ਇੱਕ ਹੋਰ "ਮਾਰਕਸਵਾਦੀ" ਸਿਧਾਂਤ ਵੀ ਹੈ, ਜੋ ਇਸ ਪ੍ਰਕਾਰ ਹੈ: ਸੋਸ਼ਲਿਜ਼ਮ ਦਾ ਅਧਾਰ ਸਰਮਾਏਦਾਰੀ ਦਾ ਤਿੱਖਾ ਵਿਕਾਸ ਹੈ; ਮੇਰੇ ਦੇਸ਼ ਵਿੱਚ ਸਰਮਾਏਦਾਰੀ ਦਾ ਵਿਕਾਸ ਅਤੇ ਇਹਦੇ ਸਿੱਟੇ ਵਜੋਂ ਸੋਸ਼ਲਿਜ਼ਮ ਦੀ ਆਉਂਦ ਮੇਰੇ ਦੇਸ਼ ਦੀ ਜਿੱਤ ਨਾਲ਼ ਤਿੱਖੀ ਹੋਵੇਗੀ; ਮੇਰੇ ਦੇਸ਼ ਦੀ ਹਾਰ ਸਰਮਾਏਦਾਰੀ ਦੇ ਵਿਕਾਸ ਵਿੱਚ ਅਤੇ ਇਹਦੇ ਸਿੱਟੇ ਵਜੋਂ ਸੋਸ਼ਲਿਜ਼ਮ ਦੀ ਆਉਂਦ ਵਿੱਚ ਰੋਕ ਪਾਵੇਗੀ। ਰੂਸ ਵਿੱਚ ਇਸ ਸਤਰੂਵੇਵਾਦੀ ਸਿਧਾਂਤ ਨੂੰ ਪਲੈਖ਼ਾਨੋਵ ਨੇ ਵਿਕਸਿਤ ਕੀਤਾ ਹੈ ਅਤੇ ਜਰਮਨੀ ਵਿੱਚ ਲੈਂਚ ਅਤੇ ਹੋਰਨਾ ਨੇ। ਕਾਊਟਸਕੀ ਇਸ ਭੱਦੇ ਸਿਧਾਂਤ ਵਿਰੁੱਧ ਲੈਂਚ ਵਿਰੁੱਧ ਜਿਹੜਾ ਖੁੱਲ੍ਹੇ ਤੌਰ 'ਤੇ ਇਸਦੀ ਹਮਾਇਤ ਕਰਦਾ ਹੈ ਅਤੇ ਕੁਨੋਵ ਵਿਰੁੱਧ, ਜਿਹੜਾ ਪਰਦੇ ਹੇਠ ਇਹਦੀ ਹਮਾਇਤ ਕਰਦਾ ਹੈ, ਦਲੀਲਾਂ ਦੇਂਦਾ ਹੈ; ਪਰ ਉਹਦਾ ਇੱਕੋ ਇੱਕ ਮੰਤਵ ਸਭਨਾਂ ਦੇਸ਼ਾਂ ਦੇ ਸਮਾਜੀ-ਅੰਧਰਾਸ਼ਟਰਵਾਦੀਆਂ ਨੂੰ ਇੱਕ ਵਧੇਰੇ ਸੂਖ਼ਮ ਅਤੇ ਵਧੇਰੇ ਯਸੂਹੀ ਸਿਧਾਂਤ ਦੇ ਅਧਾਰ ਉੱਤੇ ਰਜ਼ਾਮੰਦ ਕਰਨਾ ਹੈ।

---

⇨ ਜੇ ਅਮਰੀਕਾ ਵਿੱਚ ਜਾਂ ਯੂਰਪ ਵਿੱਚ ਸੋਸ਼ਲਿਜ਼ਮ 1920 ਵਿੱਚ **ਜੇਤੂ ਹੋ ਜਾਵੇ** ਅਤੇ ਜੇ, ਮਿਸਾਲ ਵਜੋਂ, ਜਪਾਨ ਅਤੇ ਚੀਨ **ਉਸ ਸਮੇਂ** ਆਪਣੀ ਬਿਸਮਾਰਕ ਸਾਡੇ ਵਿਰੁੱਧ ਚਲਾਉਂਦੇ ਹਨ—ਬੇਸ਼ੱਕ ਪਹਿਲਾਂ ਪਹਿਲ ਕੇਵਲ ਕੂਟ-ਨੀਤਕ ਤੌਰ 'ਤੇ ਹੀ— ਅਸੀਂ ਨਿਸ਼ਚੇ ਹੀ ਉਹਨਾਂ ਵਿਰੁੱਧ ਹਮਲਾਵਰ ਇਨਕਲਾਬੀ ਯੁੱਧ ਦੇ **ਹੱਕ ਵਿੱਚ** ਹੋਵਾਂਗੇ। ਸ਼੍ਰੀ ਗਾਰਦੇਨਿਨ ਇਹ ਗੱਲ ਤੁਹਾਨੂੰ ਅਜੀਬ ਜਾਪਦੀ ਹੈ ? ਪਰ ਫੇਰ ਤੁਸੀਂ ਇਨਕਾਲਬੀ ਵੀ ਤਾਂ ਰੋਪਸ਼ਿਨ ਜਿਹੇ ਹੀ ਹੋ।

ਸਾਨੂੰ ਇਸ ਭੱਦੇ ਸਿਧਾਂਤ ਵੱਲ ਵਧੇਰੇ ਧਿਆਨ ਦੇਣ ਦੀ ਲੋੜ ਨਹੀਂ। ਸਤਰੂਵੇ ਦੀ "ਪੜਚੋਲੀਆਂ ਟਿੱਪਣੀਆਂ" 1894 ਵਿੱਚ ਛਪੀ ਸੀ ਅਤੇ ਪਿਛਲੇ ਵੀਹ ਵਰ੍ਹਿਆਂ ਵਿੱਚ ਰੂਸੀ ਸੋਸ਼ਲ-ਡੈਮੋਕਰੈਟਾਂ ਨੂੰ ਜਾਗ੍ਰਿਤ ਬੁਰਜੂਆਜ਼ੀ ਦੀ ਆਪਣੇ ਵਿਚਾਰ ਅਤੇ ਆਪਣੀਆਂ ਇੱਛਾਵਾਂ ਨੂੰ ਇਨਕਲਾਬੀ ਤੱਤ ਤੋਂ **ਸਾਫ਼ ਕੀਤੇ** "ਮਾਰਕਸਵਾਦ" ਦੇ ਬੁਰਕੇ ਹੇਠ ਪੇਸ਼ ਕਰਨ ਦੀ ਪੂਰੀ ਸੋਝੀ ਪ੍ਰਾਪਤ ਹੋ ਗਈ ਹੈ। ਸਤਰੂਵੇਵਾਦ, ਜਿਹਾ ਕਿ ਪਿੱਛੇ ਜਿਹੇ ਹੀ ਘਟਨਾਵਾਂ ਦੱਸਦੀਆਂ ਹਨ ਬੁਰਜੂਆ ਸਿਧਾਂਤਕਾਰਾਂ ਦੇ ਮਾਰਕਸਵਾਦ ਨੂੰ "ਦਿਆਲਤਾ" ਨਾਲ਼ ਕਤਲ ਕਰਨ, ਆਪਣੇ ਜੱਫਿਆਂ ਰਾਹੀਂ ਇਹਨੂੰ ਫੇਹ ਦੇਣ ਦੇ, ਇਹਦੇ "ਐਜੀਟੇਸ਼ਨੀ" , "ਭੜਕਾਊ", "ਬਲਾਂਕਵਾਦ-ਆਦਰਸ਼ਵਾਦੀ ਪੱਖਾਂ **ਤੋਂ ਬਿਨਾਂ** ਇਹਦੇ "ਸਭ ਸਚਮੁੱਚ ਇਨਕਲਾਬੀ ਪੱਖਾਂ" ਨੂੰ ਕਬੂਲ ਕਰਨ ਦਾ ਬਹਾਨਾ ਬਣਾ ਕੇ ਇਹਨੂੰ ਮਾਰ ਦੇਣ ਦਾ ਕੌਮਾਂਤਰੀ ਯਤਨ ਹੈ ਦੂਜੇ ਸ਼ਬਦਾਂ ਵਿੱਚ ਉਹ ਮਾਰਕਸਵਾਦ ਤੋਂ ਉਹ ਸਭ ਕੁਝ ਲੈ ਲੈਂਦੇ ਹਨ ਜੋ ਉਦਾਰਪੰਥੀ ਬੁਰਜੂਆਜ਼ੀ ਲਈ ਕਬੂਲਣ-ਯੋਗ ਹੈ, ਇਸ ਵਿੱਚ ਸੁਧਾਰਾਂ ਲਈ ਘੋਲ਼, ਸ਼੍ਰੇਣੀ ਘੋਲ (ਪ੍ਰੋਲੇਤਾਰੀ ਦੀ ਡਿਕਟੇਟਰਸ਼ਿਪ ਤੋਂ ਬਿਨਾਂ), "ਸੋਸ਼ਲਿਸਟ ਆਸ਼ਿਆਂ ਦੀ ਆਮ" ਪ੍ਰਵਾਨਗੀ ਅਤੇ ਸਰਮਾਏਦਾਰੀ ਦੀ ਥਾਂ "ਨਵਾਂ ਪ੍ਰਬੰਧ" ਲਾਗੂ ਕਰਨਾ ਸ਼ਾਮਲ ਹੈ; ਉਹ ਤਾਂ "ਕੇਵਲ" ਮਾਰਕਸਵਾਦ ਦੀ ਜਿਉਂਦੀ ਆਤਮਾ ਨੂੰ, "ਕੇਵਲ" ਇਹਦੇ ਇਨਕਲਾਬੀ ਤੱਤ ਨੂੰ ਹੀ ਬਾਹਰ ਸੁੱਟਦੇ ਹਨ।

ਮਾਰਕਸਵਾਦ ਮੁਕਤੀ ਲਈ ਪ੍ਰੋਲੇਤਾਰੀ ਲਹਿਰ ਦਾ ਸਿਧਾਂਤ ਹੈ। ਇਸ ਲਈ ਇਹ ਸਪੱਸ਼ਟ ਹੈ ਕਿ ਸ਼੍ਰੇਣੀ ਚੇਤੰਨ ਕਿਰਤੀਆਂ ਨੂੰ ਮਾਰਕਸਵਾਦ ਦੀ ਥਾਂ ਸਤਰੂਵੇਵਾਦ ਨੂੰ ਦੇਣ ਦੇ ਹਰ ਯਤਨ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਇਸ ਅਮਲ ਵਿੱਚ ਚਾਲਕ ਸ਼ਕਤੀਆਂ ਭਿੰਨ ਭਿੰਨ ਅਤੇ ਕਈ ਗੁਣਾ ਹਨ। ਅਸੀਂ ਤਿੰਨ ਮੁੱਖ ਸ਼ਕਤੀਆਂ ਵੱਲ ਸੰਕੇਤ ਕਰਦੇ ਹਾਂ: (1) ਵਿਗਿਆਨ ਦਾ ਵਿਕਾਸ ਅਜਿਹੀ ਵਧੇਰੇ ਅਤੇ ਹੋਰ ਵਧੇਰੇ ਸਮਿੱਗਰੀ ਦੇ ਰਿਹਾ ਹੈ ਜੋ ਸਾਬਤ ਕਰਦੀ ਹੈ ਕਿ ਮਾਰਕਸ ਠੀਕ ਸੀ। ਇਹ ਇਸ ਗੱਲ ਨੂੰ ਲਾਜ਼ਮੀ ਬਣਾਉਣਾ ਹੈ ਕਿ ਉਹਦੇ ਵਿਰੁੱਧ ਚਾਲਬਾਜ਼ੀ ਨਾਲ਼ ਜੂਝਿਆ ਜਾਵੇ—ਮਾਰਕਸਵਾਦ ਦੇ ਨਿਯਮਾਂ ਦਾ ਖੁੱਲ੍ਹ ਕੇ ਵਿਰੋਧ ਨਾ ਕੀਤਾ ਜਾਵੇ ਸਗੋਂ ਭੁਲਾਂਦਰਾਵਾਦ ਰਾਹੀਂ ਇਹਨੂੰ ਖ਼ੱਸੀ ਕਰ ਦਿੱਤਾ ਜਾਵੇ ਅਤੇ ਇਹਨੂੰ ਇੱਕ ਅਜਿਹੀ ਪਵਿੱਤਰ "ਮੂਰਤੀ" ਵਿੱਚ ਤਬਦੀਲ ਕਰ ਦਿੱਤਾ ਜਾਵੇ ਜੋ ਬੁਰਜੂਆਜ਼ੀ ਲਈ ਉੱਕਾ ਹੀ ਹਾਨੀਕਾਰਕ ਨਹੀਂ। (2) ਸੋਸ਼ਲ-ਡੈਮੋਕਰੈਟਕ ਪਾਰਟੀਆਂ ਵਿੱਚ ਮੌਕਾ-ਪ੍ਰਸਤੀ ਦਾ ਵਿਕਾਸ ਮਾਰਕਸਵਾਦ ਦੀ ਅਜਿਹੀ ਨਵੀਂ ਘਾੜਤ ਨੂੰ ਵਧਾਉਂਦਾ ਹੈ ਅਤੇ ਮੌਕਾਪ੍ਰਸਤੀ ਨੂੰ ਹਰ ਤਰ੍ਹਾਂ ਦੀਆਂ ਰਿਆਇਤਾਂ ਦੇਣ ਲਈ ਇਹਨੂੰ ਠੀਕ ਠਾਕ ਕਰਦਾ ਹੈ। (3) ਸਾਮਰਾਜ ਦਾ ਯੁੱਗ ਇੱਕ ਅਜਿਹਾ ਯੁੱਗ ਹੈ ਜਿਸ ਵਿੱਚ ਸੰਸਾਰ "ਮਹਾਨ" ਵਿਸ਼ੇਸ਼-ਅਧਿਕਾਰਾਂ ਵਾਲ਼ੀਆਂ ਅਜਿਹੀਆਂ ਕੌਮਾਂ ਵਿਚਕਾਰ ਵੰਡਿਆਂ ਹੋਇਆ ਹੈ ਜੋ ਹੋਰਨਾਂ ਕੌਮਾਂ ਉੱਤੇ ਜ਼ਬਰ ਕਰਦੀਆਂ ਹਨ। ਇਹਨਾਂ ਵਿਸ਼ੇਸ਼-ਅਧਿਕਾਰਾਂ ਅਤੇ ਜ਼ਬਰ ਕਾਰਨ ਪ੍ਰਾਪਤ ਹੋਈ ਲੁੱਟ ਦੀਆਂ ਕੁਝ ਬੁਰਕੀਆਂ ਨਿੱਕੀ ਬੁਰਜੂਆਜ਼ੀ ਅਤੇ ਕਿਰਤੀ ਸ਼੍ਰੇਣੀ ਅਮੀਰਸ਼ਾਹੀ ਅਤੇ ਨੌਕਰਸ਼ਾਹੀ ਦੇ ਕੁਝ ਹਿੱਸਿਆਂ ਨੂੰ ਵੀ ਮਿਲ ਜਾਂਦੀਆਂ ਹਨ। ਇਹ ਪਰਤਾਂ, ਜਿਹੜੀਆਂ

ਪ੍ਰੋਲੇਤਾਰੀ ਅਤੇ ਕਿਰਤੀ ਜਨਤਾ ਦਾ ਨਿਗੂਣਾ ਜਿਹਾ ਹਿੱਸਾ ਹਨ, "ਸਤਰੂਵੇਵਾਦ" ਵੱਲ ਖਿੱਚੀਆਂ ਜਾਂਦੀਆਂ ਹਨ ਕਿਉਂਕਿ ਇਹ ਉਹਨਾਂ ਨੂੰ ਉਹਨਾਂ ਦੀ "ਆਪਣੀ" ਕੌਮੀ ਬੁਰਜੂਆਜ਼ੀ ਨਾਲ਼, **ਸਭਨਾਂ** ਕੌਮਾਂ ਦੀ ਪਸਿੱਤੀ ਜਨਤਾ ਵਿਰੁੱਧ ਏਕੇ ਲਈ ਦਲੀਲਾਂ ਦੇਂਦਾ ਹੈ। ਅਸੀਂ ਅੱਗੇ ਚੱਲ ਕੇ ਇੰਟਰਨੈਸ਼ਨਲ ਦੇ ਪਤਨ ਦੇ ਕਾਰਨਾਂ ਦੇ ਸਬੰਧ ਵਿੱਚ ਇਸ ਉੱਤੇ ਵਿਚਾਰ ਕਰਾਂਗੇ।

## IV

ਸਮਾਜੀ-ਅੰਧਰਾਸ਼ਟਰਵਾਦ ਦਾ ਸਭ ਤੋਂ ਵੱਧ ਸੂਖ਼ਮ ਸਿਧਾਂਤ, ਜਿਸਨੂੰ ਬੜੀ ਚੁਸਤੀ ਨਾਲ਼ ਇਉਂ ਲਿਸ਼ਕਾਇਆ-ਪੁਸ਼ਕਾਇਆ ਗਿਆ ਹੈ ਕਿ ਇਹ ਵਿਗਿਆਨਕ ਅਤੇ ਕੌਮਾਂਤਰੀ ਜਾਪੇ, ਕਾਊਟਸਕੀ ਦਾ "ਪੜ-ਸਾਮਰਾਜ" ਦਾ ਸਿਧਾਂਤ ਹੈ। ਇਹ ਹੈ ਖ਼ੁਦ ਇਹਦੇ ਕਰਤਾ ਦੇ ਸ਼ਬਦਾਂ ਵਿੱਚ ਇਸ ਸਿਧਾਂਤ ਦੀ ਅਤਿ-ਅੰਤ ਸਪੱਸ਼ਟ, ਅਤਿ-ਅੰਤ ਸ਼ੁੱਧ ਅਤੇ ਬਿਲਕੁਲ ਸੱਜਰੀ ਵਿਆਖਿਆ:

> "ਬਰਤਾਨੀਆ ਵਿੱਚ ਰੱਖਿਆਵਾਦੀ ਲਹਿਰ ਦਾ ਨਰਮ ਹੋ ਜਾਣਾ; ਅਮਰੀਕਾ ਵਿੱਚ ਵਿਦੇਸ਼ਾਂ ਤੋਂ ਆਏ ਮਾਲ ਉੱਤੇ ਲੱਗੇ ਟੈਕਸ ਘਟਾ ਦਿੱਤੇ ਜਾਣਾ; ਨਿਸ਼ਸਤ੍ਰੀਕਰਨ ਵੱਲ ਮੁਹਾਣ; ਯੁੱਧ ਤੋਂ ਪਹਿਲਾਂ ਦੇ ਵਰ੍ਹਿਆਂ ਵਿੱਚ ਫ਼ਰਾਂਸ ਅਤੇ ਜਰਮਨੀ ਤੋਂ ਪੂੰਜੀ ਦੀ ਬਰਾਮਦ ਤੇਜ਼ੀ ਨਾਲ਼ ਘਟਣਾ; ਅੰਤ ਵਿੱਤੀ ਸਰਮਾਏ ਦੇ ਵੱਖ-ਵੱਖ ਗੁੱਟਾਂ ਵਿਚਕਾਰ ਵਧ ਰਹੀ ਕੌਮਾਂਤਰੀ ਤਾਣੀ ਰਲਣਾ—ਇਸ ਸਭ ਕੁਝ ਨੇ ਮੈਨੂੰ ਇਹ ਸੋਚਣ 'ਤੇ ਮਜ਼ਬੂਰ ਕਰ ਦਿੱਤਾ ਹੈ ਕਿ ਅਜੋਕੀ ਸਾਮਰਾਜੀ ਨੀਤੀ ਦੀ ਥਾਂ ਇੱਕ ਪੜ-ਸਾਮਰਾਜੀ ਨੀਤੀ ਤਾਂ ਨਹੀਂ ਲੈ ਸਕਦੀ, ਜਿਹੜੀ ਅੱਜ ਕੱਲ ਦੇ ਕੌਮੀ ਵਿੱਤ ਪੂੰਜੀ ਵਿਚਕਾਰ ਸ਼ਰੀਕਿਆਂ ਦੀ ਥਾਂ ਕੌਮਾਂਤਰੀ ਤੌਰ 'ਤੇ ਇੱਕਮੁੱਠ ਹੋਈ ਵਿੱਤ ਪੂੰਜੀ ਵੱਲੋਂ ਸਾਂਝੀ ਲੁੱਟ-ਚੋਂਘ ਸ਼ੁਰੂ ਕਰੇਗੀ। ਕੁਝ ਵੀ ਹੋਵੇ ਸਰਮਾਏਦਾਰੀ ਦਾ ਅਜਿਹਾ ਨਵਾਂ ਪੜਾਅ ਵਿਚਾਰਿਆ ਜਾ ਸਕਦਾ ਹੈ। ਕੀ ਇਹ ਪ੍ਰਾਪਤ ਹੋ ਸਕਦਾ ਹੈ ? ਅਜੇ ਸਾਨੂੰ ਇਸ ਪ੍ਰਸ਼ਨ ਦਾ ਉੱਤਰ ਦੇਣ ਯੋਗ ਬਣਾਉਣ ਲਈ ਚੋਖੇ ਅਧਾਰਾਂ ਦੀ ਘਾਟ ਹੈ..." ′Die Neue Zeit[a] ਅੰਕ 5, 30 ਅਪ੍ਰੈਲ, 1915, ਪੰਨਾ 144)।
>
> "...ਵਰਤਮਾਨ ਯੁੱਧ ਦੀ ਚਾਲ ਅਤੇ ਸਿੱਟਾ ਇਸ ਸਬੰਧ ਵਿੱਚ ਨਿਰਣਾਇਕ ਸਾਬਤ ਹੋ ਜਾਂਦੇ ਹਨ। ਇਹ ਵਿੱਤੀ ਸਰਮਾਏਦਾਰਾਂ ਵਿੱਚ ਵੀ ਕੌਮੀ ਘਿਰਣਾ ਸਿਖਰ ਤੱਕ ਪਹੁੰਚਾ ਕੇ, ਹਥਿਆਰਾਂ ਦੀ ਦੌੜ ਤੇਜ਼ ਕਰਕੇ ਅਤੇ ਇੱਕ ਹੋਰ ਸੰਸਾਰ ਯੁੱਧ ਅਟੱਲ ਬਣਾ ਕੇ ਪੜ-ਸਾਮਰਾਜ ਦੇ ਕਮਜ਼ੋਰ ਮੁੱਢ ਨੂੰ ਖ਼ਤਮ ਕਰ ਸਕਦਾ ਹੈ। ਅਜਿਹੀਆਂ ਪ੍ਰਸਥਿਤੀਆਂ ਵਿੱਚ ਜੋ ਕੁਝ ਮੈਂ ਅਗਾਊਂ ਵੇਖਿਆ ਅਤੇ ਮੈਂ ਆਪਣੇ ਪੈਂਫ਼ਲਟ "ਸੱਤਾ ਦਾ ਰਾਹ" ਵਿੱਚ ਸੂਤਰਤ ਕੀਤਾ, ਉਹ ਭਿਆਨਕ ਅਕਾਰ ਨਾਲ਼ ਸ਼ੁੱਧ ਸਾਬਤ ਹੋਵੇਗਾ; ਸ਼੍ਰੇਣੀ ਵਿਰੋਧ ਤਿਖੇਰੇ ਅਤੇ ਤਿਖੇਰੇ ਹੁੰਦੇ

ਜਾਣਗੇ, ਅਤੇ ਇਹਦੇ ਨਾਲ਼ ਸਰਮਾਏਦਾਰੀ ਦੀ ਸਦਾਰਚਾਰਕ ਗਿਰਾਵਟ ਆਵੇਗੀ (ਲਫ਼ਜੀ ਅਰਥਾਂ ਵਿੱਚ "ਵਪਾਰ ਖ਼ਤਮ ਹੋ ਜਾਣਾ ´Abwirtschaftung[a] ਦਿਵਾਲ਼ਾ ਨਿਕਲ਼ ਜਾਣਾ)... (ਇਹ ਗੱਲ ਧਿਆਨ-ਯੋਗ ਹੈ ਕਿ ਇਸ ਅੰਤਬਰੀ ਸ਼ਬਦ ਤੋਂ ਕਾਊਟਸਕੀ ਦਾ ਅਰਥ ਉਹ "ਘਿਰਣਾ" ਹੈ ਜੋ "ਪ੍ਰੋਲੇਤਾਰੀ ਅਤੇ ਵਿੱਤ ਪੂੰਜੀ ਦੇ ਵਿਚਕਾਰਲੀਆਂ ਪਰਤਾਂ" ਅਰਥਾਤ "ਬੁੱਧੀਮਾਨ, ਨਿੱਕੀ ਬੁਰਜੂਆਜ਼ੀ ਅਤੇ ਇੱਥੋਂ ਤੱਕ ਕਿ ਨਿੱਕੇ ਸਰਮਾਏਦਾਰ" ਸਰਮਾਏਦਾਰ ਲਈ ਅਨੁਭਵ ਕਰਦੇ ਹਨ।) ... ਪਰ ਹੋ ਸਕਦਾ ਹੈ ਕਿ ਯੁੱਧ ਦਾ ਅੰਤ ਹੋਰ ਤਰ੍ਹਾਂ ਹੋਵੇ। ਇਹਦੇ ਸਿੱਟੇ ਵਜੋਂ ਪੜ-ਸਾਮਰਾਜ ਦਾ ਕਮਜ਼ੋਰ ਮੁੱਢ ਮਜ਼ਬੂਤ ਹੋ ਸਕਦਾ ਹੈ। ... ਇਹਦੇ ਸਬਕ" (ਜ਼ਰਾ ਇਸ 'ਤੇ ਵਿਚਾਰ ਕਰੋ!) "ਉਹਨਾਂ ਘਟਨਾਵਾਂ ਨੂੰ ਤੇਜ਼ੀ ਨਾਲ਼ ਲਿਆ ਸਕਦੇ ਹਨ ਜਿਨ੍ਹਾਂ ਲਈ ਅਮਨ ਅਤੇ ਹਾਲਾਤ ਵਿੱਚ ਸਾਨੂੰ ਲੰਮੇ ਸਮੇਂ ਤੱਕ ਉਡੀਕਣਾ ਪੈਂਦਾ। ਜੇ ਇਹਦਾ ਸਿੱਟਾ ਇਹੋ ਨਿਕਲੇ, ਕੌਮਾਂ ਵਿਚਕਾਰ ਸਮਝੌਤਾ, ਨਿਸ਼ਸਤ੍ਰੀਕਰਨ ਅਤੇ ਸਥਿਰ ਅਮਨ ਤਾਂ ਉਹ ਸਭ ਤੋਂ ਭੈੜੇ ਕਾਰਨ ਜਿਨ੍ਹਾਂ ਕਰਕੇ ਯੁੱਧ ਤੋਂ ਪਹਿਲਾਂ ਸਰਮਾਏਦਾਰੀ ਦੀ ਵਧ ਰਹੀ ਗਿਰਾਵਟ ਸ਼ੁਰੂ ਹੋਈ ਲੋਪ ਹੋ ਸਕਦੇ ਹਨ।" ਨਿਸ਼ਚੇ ਹੀ, ਇਹ ਨਵਾਂ ਪੜਾਅ ਪ੍ਰੋਲੇਤਾਰੀ ਲਈ "ਨਵੀਂਆਂ ਮੁਸੀਬਤਾਂ", "ਸ਼ਾਇਦ ਅਤਿ-ਅੰਤ ਭੈੜੀਆਂ" ਲਿਆਵੇਗਾ, ਪਰ "ਕੁਝ ਸਮੇਂ ਲਈ", "ਪੜ-ਸਾਮਰਾਜ" ਸਰਮਾਏਦਾਰੀ ਦੇ ਚੌਖ਼ਟੇ ਅੰਦਰ ਨਵੀਂਆਂ ਆਸਾਂ ਅਤੇ ਉਮੀਦਾਂ ਪੈਦਾ ਕਰ ਸਕਦਾ ਹੈ" (ਪੰਨਾਂ 145)

ਇਸ "ਸਿਧਾਂਤ" ਤੋਂ ਸਮਾਜੀ-ਅੰਧਰਾਸ਼ਟਰਵਾਦ ਨੂੰ ਕਿਵੇਂ ਹੱਕੀ ਠਹਿਰਾਇਆ ਜਾਂਦਾ ਹੈ?

ਇੱਕ ਅਜਿਹੇ ਢੰਗ ਨਾਲ਼ ਜਿਹੜਾ "ਸਿਧਾਂਤਕਾਰ" ਲਈ ਅਜੀਬ ਹੈ, ਅਰਥਾਤ ਹੇਠ ਲਿਖੇ ਅਨੁਸਾਰ:

ਜਰਮਨੀ ਵਿੱਚ ਖੱਬੇ-ਪੱਖੀ ਸੋਸ਼ਲ-ਡੈਮੋਕਰੈਟ ਕਹਿੰਦੇ ਹਨ ਕਿ ਸਾਮਰਾਜ ਅਤੇ ਇਹ ਜਿਹੜੇ ਯੁੱਧ ਛੇੜਦਾ ਹੈ ਉਹ ਸਬੱਬੀ ਨਹੀਂ, ਸਗੋਂ ਸਰਮਾਏਦਾਰੀ ਦੀ, ਜਿਸਨੇ ਵਿੱਤ ਪੂੰਜੀ ਦਾ ਗ਼ਲਬਾ ਪੈਦਾ ਕੀਤਾ ਹੈ, ਲਾਜ਼ਮੀ ਉਪਜ ਹਨ। ਇਸ ਲਈ ਇਹ ਲਾਜ਼ਮੀ ਹੈ ਕਿ ਇਨਕਲਾਬੀ ਜਨਤਕ ਘੋਲ਼ ਦਾ ਰਾਹ ਅਪਣਾਇਆ ਜਾਵੇ ਕਿਉਂਕਿ ਨਿਸਬਤਨ ਅਮਨ-ਭਰੇ ਵਿਕਾਸ ਦਾ ਸਮਾਂ ਖ਼ਤਮ ਹੋ ਗਿਆ ਹੈ। "ਸੱਜੇ-ਪੱਖੀ ਸੋਸ਼ਲ-ਡੈਮੋਕਰੈਟ ਬੜੀ ਢਿਠਾਈ ਨਾਲ਼ ਕਹਿੰਦੇ ਹਨ: ਕਿਉਂਕਿ ਸਾਮਾਰਾਜ "ਜ਼ਰੂਰੀ" ਹੈ ਇਸ ਲਈ ਸਾਨੂੰ ਵੀ ਸਾਮਰਾਜੀ ਬਣਨਾ ਚਾਹੀਦਾ ਹੈ। "ਕੇਂਦਰ" ਦੇ ਰੋਲ਼ ਵਿੱਚ ਕਾਊਟਸਕੀ ਇਹਨਾਂ ਦੋ ਮੁਹਾਣਾਂ ਨੂੰ ਮੇਲਣ ਦਾ ਯਤਨ ਕਰਦਾ ਹੈ:

"ਅਤਿ ਦੇ ਖੱਬ-ਪੱਖੀ", ਉਹ ਆਪਣੇ ਪੈਂਫਲਟ "ਕੌਮੀ ਰਿਆਸਤ, ਸਾਮਰਾਜੀ ਰਿਆਸਤ ਅਤੇ ਰਿਆਸਤਾਂ ਦੀ ਲੋੜ" (ਨਿਊਰਨਬਰਗ, 1915) ਵਿੱਚ ਲਿਖਦਾ ਹੈ, ਸੋਸ਼ਲਿਜ਼ਮ ਨੂੰ ਲਾਜ਼ਮੀ ਸਾਮਰਾਜ ਦੇ "ਮੁਕਾਬਲੇ ਉੱਤੇ ਪੇਸ਼

ਕਰਨ" ਦਾ ਯਤਨ ਕਰਦੇ ਹਨ, ਅਰਥਾਤ" ਨਾ ਕੇਵਲ ਸੋਸ਼ਲਿਜ਼ਮ ਲਈ ਪ੍ਰਚਾਰ ਨੂੰ, ਜਿਹੜਾ ਅਸੀਂ ਸਰਮਾਏਦਾਰੀ ਦੇ ਗ਼ਲਬੇ ਦੇ ਸਭਨਾਂ ਰੂਪਾਂ ਦੇ ਮੁਕਾਬਲੇ ਉੱਤੇ ਪੇਸ਼ ਕਰਨ ਲਈ ਪਿਛਲੀ ਅੱਧੀ ਸਦੀ ਤੋਂ ਕਰਦੇ ਰਹੇ ਹਾਂ, ਸਗੋਂ ਸੋਸ਼ਲਿਜ਼ਮ ਦੀ ਫੌਰੀ ਪ੍ਰਾਪਤੀ ਨੂੰ। ਇਹ ਗੱਲ ਬੜੀ ਗ਼ਰਮ-ਖਿਆਲ ਜਾਪਦੀ ਹੈ ਪਰ ਇਹ ਕੇਵਲ **ਹਰ** ਉਸ ਬੰਦੇ ਨੂੰ, ਜਿਸਨੂੰ ਸੋਸ਼ਲਿਜ਼ਮ ਦੀ ਫ਼ੌਰੀ ਅਮਲੀ ਪ੍ਰਾਪਤੀ ਵਿੱਚ **ਨਿਸ਼ਚਾ ਨਹੀਂ** ਸਾਮਰਾਜ ਦੇ ਧੜੇ ਵਿੱਚ **ਧੱਕ** ਸਕਦੀ ਹੈ।" (ਪੰਨਾ 17, ਸ਼ਬਦਾਂ 'ਤੇ ਜ਼ੋਰ ਅਸਾਂ ਦਿੱਤਾ ਹੈ)

ਜਦੋਂ ਉਹ ਸੋਸ਼ਲਿਜ਼ਮ ਦੀ ਫ਼ੌਰੀ ਪ੍ਰਾਪਤੀ ਦੀ ਗੱਲ ਕਰਦਾ ਹੈ, ਕਾਊਟਸਕੀ ਚਾਲਾਕੀ ਤੋਂ ਕੰਮ ਲੈ ਰਿਹਾ ਹੈ, ਕਿਉਂਕਿ ਉਹ ਇਸ ਗੱਲ ਦਾ ਲਾਭ ਉਠਾਉਂਦਾ ਹੈ ਕਿ ਜਰਮਨੀ ਵਿੱਚ, ਵਿਸ਼ੇਸ਼ ਤੌਰ 'ਤੇ ਫ਼ੌਜੀ ਸੈਂਸਰ ਅਧੀਨ ਇਨਕਲਾਬੀ ਅਮਲ ਦੀ ਗੱਲ ਨਹੀਂ ਕੀਤੀ ਜਾ ਸਕਦੀ। ਕਾਊਟਸਕੀ ਨੂੰ ਇਸ ਗੱਲ ਦੀ ਪੂਰੀ ਸੋਝੀ ਹੈ ਕਿ ਖੱਬਾ-ਪੱਖ ਪਾਰਟੀ ਤੋਂ ਇਨਕਲਾਬੀ **ਅਮਲ** ਦੇ ਹੱਕ ਵਿੱਚ **ਫ਼ੌਰੀ** ਪ੍ਰਚਾਰ ਅਤੇ ਇਸ ਅਮਲ ਲਈ ਤਿਆਰੀ ਦੀ ਮੰਗ ਕਰ ਰਿਹਾ ਹੈ ਨਾ ਕਿ "ਸ਼ੋਸਲਿਜ਼ਮ ਦੀ ਫ਼ੌਰੀ ਅਮਲੀ ਪ੍ਰਾਪਤੀ" ਦੀ।

ਸਾਮਰਾਜ ਦੇ ਲਾਜ਼ਮੀ ਹੋਣ ਤੋਂ ਖੱਬਾ-ਪੱਖ ਇਨਕਲਾਬੀ ਅਮਲ ਦੀ ਲੋੜ ਦਾ ਸਿੱਟਾ ਕੱਢਦਾ ਹੈ। ਪਰ "ਪੜ-ਸਾਮਰਾਜ ਦਾ ਸਿਧਾਂਤ" ਕਾਊਟਸਕੀ ਲਈ **ਮੌਕਾ-ਪ੍ਰਸਤਾਂ ਨੂੰ ਹੱਕੀ ਠਹਿਰਾਉਣ** ਦਾ ਸਾਧਨ ਬਣਦਾ ਹੈ, ਪ੍ਰਸਥਿਤੀ ਨੂੰ ਅਜਿਹੀ ਰੌਸ਼ਨੀ ਵਿੱਚ ਪੇਸ਼ ਕਰਨ ਦਾ ਸਾਧਨ ਬਣਦਾ ਹੈ ਜਿਸ ਤੋਂ ਇਹ ਪ੍ਰਭਾਵ ਪਵੇ ਕਿ ਉਹ ਬੁਰਜੂਆਜ਼ੀ ਨਾਲ਼ ਨਹੀਂ ਰਲ਼ ਗਏ ਸਗੋਂ ਉਹਨਾਂ ਨੂੰ ਤਾਂ ਬਸ ਇਹ "ਨਿਸ਼ਚਾ ਨਹੀਂ" ਕਿ ਸੋਸ਼ਲਿਜ਼ਮ ਫ਼ੌਰੀ ਤੌਰ 'ਤੇ ਪ੍ਰਾਪਤ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਨੂੰ ਇਹ ਆਸ ਹੈ ਕਿ ਨਿਸ਼ਸਤ੍ਰੀਕਰਨ ਅਤੇ ਸਥਿਰ ਅਮਨ ਦਾ ਇੱਕ ਨਵਾਂ "ਯੁੱਗ" ਸ਼ੁਰੂ "ਹੋ ਸਕਦਾ ਹੈ"। ਇਸ "ਸਿਧਾਂਤ" ਦਾ ਤੱਤ ਇਹ ਹੈ ਅਤੇ **ਕੇਵਲ ਇਹੋ** ਹੋ ਸਕਦਾ ਹੈ: ਕਾਊਟਸਕੀ ਸਰਮਾਏਦਾਰੀ ਦੇ ਇੱਕ **ਨਵੇਂ** ਅਮਨ-ਭਰੇ ਯੁੱਗ ਦੀ **ਆਸ** ਨੂੰ ਅਯੋਗ ਢੰਗ ਨਾਲ਼ ਵਰਤ ਰਿਹਾ ਹੈ, ਕਿ ਮੌਕਾ-ਪ੍ਰਸਤਾਂ ਅਤੇ ਸਰਕਾਰੀ ਸੋਸ਼ਲ-ਡੈਮੋਕਰੈਟਕ ਪਾਰਟੀਆਂ ਦੇ ਬੁਰਜੂਆਜ਼ੀ ਨਾਲ਼ ਰਲ਼ ਜਾਣ ਅਤੇ ਉਹਨਾਂ ਵੱਲੋਂ **ਅਜੋਕੇ ਤੂਫ਼ਾਨੀ ਯੁੱਗ** ਵਿੱਚ ਇਨਕਲਾਬੀ, ਅਰਥਾਤ ਪ੍ਰੋਲੇਤਾਰੀ ਦਾਅ-ਪੇਚਾਂ ਨੂੰ ਰੱਦ ਕਰਨ ਨੂੰ ਹੱਕੀ ਠਹਿਰਾ ਰਿਹਾ ਹੈ, ਅਤੇ ਇਹ ਸਭ ਕੁਝ ਬਾਸਲ ਪ੍ਰਸਤਾਵ ਦੇ ਗੰਭੀਰ ਐਲਾਨਾਂ ਦੇ ਬਾਵਜੂਦ!

ਇਸ ਦੇ ਨਾਲ਼ ਹੀ ਨਾਲ਼ ਕਾਊਟਸਕੀ ਇਹ ਨਹੀਂ ਕਹਿੰਦਾ ਕਿ ਇਹ ਨਵਾਂ ਪੜਾਅ ਕੁਝ ਨਿਸ਼ਚਿਤ ਪ੍ਰਸਥਿਤੀਆਂ ਅਤੇ ਹਾਲਤਾਂ ਤੋਂ ਪੈਦਾ ਹੁੰਦਾ ਹੈ ਅਤੇ ਲਾਜ਼ਮੀ ਤੌਰ 'ਤੇ ਪੈਦਾ ਹੁੰਦਾ ਹੈ। ਇਹਦੇ ਉਲਟ ਉਹ ਬੜੇ ਖੁੱਲ੍ਹੇ ਢੰਗ ਨਾਲ਼ ਕਹਿੰਦਾ ਹੈ ਕਿ ਉਹ ਅਜੇ ਇਹ ਨਿਰਣਾ ਨਹੀਂ ਕਰ ਸਕਿਆ ਕਿ ਇਹ ਨਵਾਂ ਪੜਾਅ **"ਪ੍ਰਾਪਤ ਹੋ ਵੀ ਸਕਦਾ ਹੈ"** ਹੈ ਜਾਂ ਨਹੀਂ। ਨਿਸ਼ਚੇ ਹੀ ਨਵੇਂ ਯੁੱਗ ਵੱਲ ਉਹ "ਮੁਹਾਣ" ਵਿਚਾਰੋ, ਜਿਨ੍ਹਾਂ ਵੱਲ ਕਾਊਟਸਕੀ ਨੇ ਸੰਕੇਤ ਕੀਤਾ ਹੈ। ਅਚੰਭੇ ਦੀ ਗੱਲ ਇਹ ਹੈ ਕਿ ਕਰਤਾ ਨੇ ਆਰਥਕ ਤੱਥਾਂ ਵਿੱਚ "ਨਿਸ਼ਸਤ੍ਰੀਕਰਨ ਵੱਲ ਮੁਹਾਣ" ਨੂੰ ਵੀ ਸ਼ਾਮਲ ਕੀਤਾ ਹੈ! ਇਹਦਾ ਅਰਥ ਇਹ ਹੈ ਕਿ ਮਾਸੂਮ ਅਸੱਭਿਅਕ

ਗੱਲ-ਬਾਤ ਅਤੇ ਅਫ਼ੀਮੀ ਸੁਫ਼ਨਿਆਂ ਉਹਲੇ ਕਾਊਟਸਕੀ ਉਹਨਾਂ ਅਵਿਵਾਦੀ ਤੱਥਾਂ ਨੂੰ ਲੁਕਾਉਣ ਦਾ ਯਤਨ ਕਰ ਰਿਹਾ ਹੈ ਜਿਹੜੇ ਉਹਦੇ ਵਿਰੋਧਾਂ ਦੇ ਘੱਟ ਹੋਣ ਦੇ ਸਿਧਾਂਤ ਨਾਲ਼ ਮੇਲ਼ ਨਹੀਂ ਖਾਂਦੇ। ਕਾਊਟਸਕੀ ਦੇ "ਪੜ-ਸਾਮਰਾਜ"—ਲੱਗਦੇ ਹੱਥ ਇਹ ਵੀ ਕਹਿ ਦਈਏ ਕਿ ਇਹ ਇਤਲਾਹ ਉਹ ਕੁਝ ਉੱਕਾ ਹੀ ਪ੍ਰਗਟ ਨਹੀਂ ਕਰਦੀ ਜੋ ਕਰਤਾ ਕਹਿਣਾ ਚਾਹੁੰਦਾ ਹੈ—ਦੇ ਅਰਥ ਹਨ ਸਰਮਾਏਦਾਰੀ ਦੇ ਵਿਰੋਧਾਂ ਦਾ ਅਥਾਹ **ਘਟ ਜਾਣਾ**। ਸਾਨੂੰ ਦੱਸਿਆ ਜਾਂਦਾ ਹੈ ਕਿ ਬਰਤਾਨੀਆ ਅਤੇ ਅਮਰੀਕਾ ਵਿੱਚ ਰੱਖਿਆਵਾਦ ਕਮਜ਼ੋਰ ਹੋ ਰਿਹਾ ਹੈ। ਪਰ ਇਸ ਨਵੇਂ ਯੁੱਗ ਵੱਲ ਨਿੱਕੇ ਤੋਂ ਨਿੱਕਾ ਮੁਹਾਣ ਵੀ ਕਿੱਥੇ ਦਿਸਦਾ ਹੈ ? ਅਮਰੀਕਾ ਵਿੱਚ ਅੱਜ ਅਤਿ-ਰੱਖਿਆਵਾਦ ਕਮਜ਼ੋਰ ਹੋ ਰਿਹਾ ਹੈ ਪਰ ਰੱਖਿਆਵਾਦ ਕਾਇਮ ਹੈ, ਐਨ ਉਸੇ ਤਰ੍ਹਾਂ ਜਿਵੇਂ ਬਰਤਾਨੀਆ ਦੀਆਂ ਬਸਤੀਆਂ ਵਿੱਚ ਉਸ ਦੇਸ਼ ਤੋਂ ਦਰਾਮਦ ਕੀਤੇ ਮਾਲ ਲਈ ਵਿਸ਼ੇਸ਼ ਹੱਕ ਅਤੇ ਰੱਖਿਆਵਾਦੀ ਟੈਕਸ ਮੌਜੂਦ ਹਨ। ਆਓ ਅਸੀਂ ਜ਼ਰਾ ਇਸ ਗੱਲ ਨੂੰ ਵਿਚਾਰੀਏ ਕਿ ਸਰਮਾਏਦਾਰੀ ਦੇ ਪਿਛਲੇ ਅਤੇ ਅਮਨ-ਭਰੇ ਸਮੇਂ ਤੋਂ ਅਜੋਕੇ ਅਤੇ ਸਾਮਰਾਜੀ ਸਮੇਂ ਵਿੱਚ ਤਬਦੀਲੀ ਦਾ ਅਧਾਰ ਕੀ ਸੀਃ ਖੁੱਲ੍ਹੇ ਮੁਕਾਬਲੇ ਦੀ ਥਾਂ ਅਜਾਰੇਦਾਰ ਸਰਮਾਏਦਾਰ ਜੁੱਟਾਂ ਨੇ ਲੈ ਲਈ ਹੈ ਅਤੇ ਸੰਸਾਰ ਦੀ ਵੰਡ ਹੋ ਗਈ ਹੈ। ਇਹ ਦੋਵੇਂ ਤੱਥ (ਅਤੇ ਅੰਸ਼) ਸਪੱਸ਼ਟ ਤੌਰ 'ਤੇ ਸੰਸਾਰ-ਵਿਆਪੀ ਮਹੱਤਤਾ ਵਾਲ਼ੇ ਹਨਃ ਖੁੱਲ੍ਹਾ ਅਤੇ ਵਪਾਰਕ ਅਮਨ-ਭਰਿਆ ਮੁਕਾਬਲਾ ਉਸ ਸਮੇਂ ਤੱਕ ਸੰਭਵ ਸੀ ਜਦੋਂ ਤੱਕ ਕਿ ਸਰਮਾਇਆ ਬਿਨਾਂ ਰੋਕ-ਟੋਕ ਦੇ ਆਪਣੀਆਂ ਬਸਤੀਆਂ ਵਧਾ ਸਕਦਾ ਸੀ ਅਤੇ ਅਫ਼ਰੀਕਾ, ਆਦਿ ਵਿੱਚ ਅਜਿਹੇ ਇਲਾਕੇ 'ਤੇ ਕਬਜ਼ਾ ਕਰ ਸਕਦਾ ਸੀ ਜਿਸ ਉੱਤੇ ਕਿਸੇ ਹੋਰ ਦਾ ਕਬਜ਼ਾ ਨਹੀਂ ਸੀ ਅਤੇ ਜਦੋਂ ਤੱਕ ਸਰਮਾਏ ਦਾ ਕੇਂਦਰਤ ਹੋਣਾ ਅਜੇ ਕਮਜ਼ੋਰ ਸੀ ਅਤੇ ਕੋਈ ਅਜਾਰੇਦਾਰ ਅਰਥਾਤ ਅਜਿਹੇ ਅਕਾਰ ਦੀਆਂ ਫ਼ਰਮਾਂ ਨਹੀਂ ਸਨ ਜਿਹੜੀਆਂ ਸਨਅਤ ਦੀ ਇੱਕ ਪੂਰੀ ਸ਼ਾਖ਼ ਵਿੱਚ ਗ਼ਲਬਾ ਪੈਦਾ ਕਰ ਸਕਣ। ਅਜਿਹੀਆਂ ਅਜਾਰੇਦਾਰ ਫ਼ਰਮਾਂ ਦੇ ਪੈਦਾ ਹੋਣ ਅਤੇ ਵਧਣ-ਫੁੱਲਣ ਨਾਲ਼ (ਕੀ ਬਰਤਾਨੀਆ ਅਤੇ ਅਮਰੀਕਾ ਵਿੱਚ ਇਹ ਅਮਲ ਖ਼ਤਮ ਹੋ ਗਿਆ ਹੈ ? ਕਾਊਟਸਕੀ ਵੀ ਇਸ ਗੱਲ ਤੋਂ ਇਨਕਾਰ ਕਰਨ ਦੀ ਹਿੰਮਤ ਨਹੀਂ ਕਰੇਗਾ ਕਿ ਯੁੱਧ ਨੇ ਇਸ ਅਮਲ ਨੂੰ ਤਿੱਖਾ ਅਤੇ ਡੂੰਘਾ ਕਰ ਦਿੱਤਾ ਹੈ) ਪਹਿਲੀਆਂ ਦਾ ਅਜ਼ਾਦ ਮੁਕਾਬਲਾ **ਅਸੰਭਵ** ਹੋ ਗਿਆ ਹੈ, ਉਹਨਾਂ ਇਹਦੇ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਹੈ ਅਤੇ ਦੇਸ਼ਾਂ ਦੀ ਵੰਡ ਸਰਮਾਏਦਾਰਾਂ ਨੂੰ **ਮਜ਼ਬੂਰ ਕਰਦੀ ਹੈ** ਕਿ ਉਹ ਬਸਤੀਆਂ ਅਤੇ ਰਸੂਖ਼ ਦੇ ਖੇਤਰਾਂ ਦੀ **ਮੁੜ-ਵੰਡ** ਲਈ ਹਥਿਆਰਬੰਦ ਘੋਲ਼ ਵੱਲ ਜਾਣ। ਇਹ ਸੋਚਣਾ ਹਾਸੋ-ਹੀਣਾ ਹੈ ਕਿ ਦੇਸ਼ਾਂ ਵਿੱਚ ਰੱਖਿਆਵਾਦ ਦੇ **ਘਟਣ** ਨਾਲ਼ ਇਸ ਸਬੰਧ ਵਿੱਚ ਕੁਝ ਤਬਦੀਲ ਹੋ ਸਕਦਾ ਹੈ।

ਆਓ ਹੁਣ ਅਸੀਂ **ਦੋ** ਦੇਸ਼ਾਂ ਵਿੱਚੋਂ ਕੁਝ ਵਰ੍ਹਿਆਂ ਦੇ ਦੌਰਾਨ ਸਰਮਾਏ ਦੀ ਦਰਾਮਦ ਘਟਣ ਨੂੰ ਵਿਚਾਰੀਏ । 1912 ਵਿੱਚ ਇਹਨਾਂ ਦੋ ਦੇਸ਼ਾਂ, ਫ਼ਰਾਂਸ ਅਤੇ ਜਰਮਨੀ ਵਿੱਚੋਂ ਹਰ ਇੱਕ ਨੇ ਲਗਭਗ 3,50,000 ਲੱਖ ਮਾਰਕ (1, 70,000 ਲੱਖ ਰੂਬਲ) ਵਿਦੇਸ਼ਾਂ ਵਿੱਚ ਲਾਏ ਹੋਏ ਸਨ। ਇਹ ਹਾਰਮਜ਼ ਦੇ ਅੰਕੜਿਆਂ ਅਨੁਸਾਰ ਹੈ, ਜਿੱਥੇ ਕਿ ਇੱਕਲੇ ਬਰਤਾਨੀਆ

ਨੇ ਇਸ ਤੋਂ ਦੂਣੀ ਰਕਮ ਲਾਈ ਹੋਈ ਸੀ।* ਸਰਮਾਏਦਾਰੀ ਅਧੀਨ ਪੂੰਜੀ ਦੀ ਬਰਾਮਦ ਕਦੇ ਵੀ ਇਕਸਾਰ ਨਹੀਂ ਚੱਲੀ ਅਤੇ ਨਾ ਹੀ ਅਜਿਹਾ ਹੋ ਸਕਦਾ ਸੀ। ਕਾਊਟਸਕੀ ਇਹ ਕਹਿਣ ਦੀ ਤਾਂ ਹਿੰਮਤ ਵੀ ਨਹੀਂ ਕਰ ਸਕਦਾ ਕਿ ਪੂੰਜੀ ਦਾ ਇੱਕਠਾ ਹੋਣਾ ਘੱਟ ਗਿਆ ਹੈ ਜਾਂ ਇਹ ਕਿ ਜਨਤਾ ਦੀਆਂ ਪ੍ਰਸਥਿਤੀਆਂ ਠੀਕ ਹੋਣ ਕਾਰਨ ਘਰੋਗੀ ਮੰਡੀ ਦੀ ਸਮਰੱਥਾ ਵੱਧ ਗਈ ਹੈ। ਇਹਨਾਂ ਹਾਲਤਾਂ ਵਿੱਚ ਦੋ ਦੇਸ਼ਾਂ ਤੋਂ ਕਈ ਵਰ੍ਹਿਆਂ ਦੇ ਦੌਰਾਨ ਸਰਮਾਏ ਦੀ ਦਰਾਮਦ ਘਟਣ ਦੇ ਅਰਥ ਨਵੇਂ ਦੌਰ ਦਾ ਸ਼ੁਰੂ ਹੋਣਾ ਨਹੀਂ।

"ਵਿੱਤ ਸਰਮਾਏ ਦੀਆਂ ਜੁੰਡੀਆਂ ਵਿਚਕਾਰ ਵੱਧ ਰਹੀ ਤਾਣੀ ਰਲਣਾ" ਹੀ ਇੱਕੋ ਇੱਕ ਆਮ ਅਤੇ ਨਿਰਸੰਦੇਹ ਮੁਹਾਣ ਹੈ, ਅਤੇ ਇਹ ਵੀ ਪਿਛਲੇ ਕੁਝ ਵਰ੍ਹਿਆਂ ਅਤੇ ਦੋ ਦੇਸ਼ਾਂ ਵਿੱਚ ਨਹੀਂ ਸਗੋਂ ਸਮੁੱਚੇ ਸਰਮਾਏਦਾਰ ਸਮਾਜ ਵਿੱਚ। ਪਰ ਕੀ ਇਹ ਮੁਹਾਣ ਨਿਸ਼ਸਤ੍ਰੀਕਰਨ ਵੱਲ ਝੁਕਾਅ ਪੈਦਾ ਕਰੇਗਾ ਅਤੇ ਸ਼ਸਤ੍ਰੀਕਰਨ ਵੱਲ ਨਹੀਂ, ਜਿਵੇਂ ਕਿ ਇਹ ਹੁਣ ਤੱਕ ਕਰਦਾ ਆਇਆ ਹੈ। ਕਿਸੇ ਇੱਕ ਸੰਸਾਰ ਪ੍ਰਸਿੱਧ ਤੋਪਾਂ (ਅਤੇ ਹਥਿਆਰ) ਬਣਾਉਣ ਵਾਲ਼ੀ ਫ਼ਰਮ, ਮਿਸਾਲ ਵਜੋਂ ਆਰਮਸਟਰਾਂਗ ਨੂੰ ਹੀ ਲਓ। ਬਰਤਾਨੀਆ ਦੇ ਅਖ਼ਬਾਰ "ਐਕਾਨੋਮਿਸਟ"[15] (ਪਹਿਲੀ ਮਈ 1915) ਨੇ ਅੰਕੜੇ ਛਾਪੇ ਹਨ ਜਿਹੜੇ ਦੱਸਦੇ ਹਨ ਕਿ ਇਸ ਫ਼ਰਮ ਦਾ **ਨਫ਼ਾ** 1905-06 ਵਿੱਚ 6,06,000 ਪੌਂਡ (**ਲਗਭਗ 60,00,000 ਰੂਬਲ**) ਤੋਂ ਵੱਧ ਕੇ 1913 ਵਿੱਚ 8, 56, 000 ਪੌਂਡ ਹੋ ਗਿਆ ਅਤੇ 1914 ਵਿੱਚ 9, 40, 000 ਪੌਂਡ (10, 00, 000 ਰੂਬਲ)। ਇਹ ਹੈ ਵਿੱਤੀ ਪੂੰਜੀ ਦੀ ਤਾਣੀ ਰਲਣ ਦਾ ਅਮਲ ਅਤਿ ਉਘੜੇ ਰੂਪ ਵਿੱਚ ਅਤੇ ਇਹ ਵੱਧ ਰਿਹਾ ਹੈ: ਜਰਮਨ ਸਰਮਾਏਦਾਰਾਂ ਦੇ ਬਰਤਨਾਵੀ ਫ਼ਰਮਾਂ ਵਿੱਚ "ਹਿੱਸੇ" ਹਨ; ਬਰਤਾਨਵੀ ਫ਼ਰਮਾਂ ਆਸਟਰੀਆ ਲਈ ਪਣਡੁੱਬੀਆਂ ਬਣਾਉਂਦੀਆਂ ਹਨ; ਇਤਿ ਆਦਿ। ਸੰਸਾਰ-ਵਿਆਪੀ ਪੱਧਰ 'ਤੇ ਆਪੋ ਵਿੱਚ ਜੁੜਿਆ ਹੋਇਆ ਸਰਮਾਇਆ ਹਥਿਆਰਾਂ ਅਤੇ ਯੁੱਧਾਂ ਕਾਰਨ ਪ੍ਰਫੁਲਤ ਹੋ ਰਿਹਾ ਹੈ। ਵਿਕੋਲਤ੍ਰੀਆਂ ਰਿਆਸਤਾਂ ਦੀ ਪੂੰਜੀ ਕੌਮਾਂਤਰੀ ਪੱਧਰ ਉੱਤੇ ਜੁੜ ਕੇ ਅਤੇ ਤਾਣੀ ਰਲਾਕੇ ਲਾਜ਼ਮੀ ਤੌਰ 'ਤੇ ਨਿਸ਼ਸਤ੍ਰੀਕਰਨ ਵੱਲ ਆਰਥਕ ਮੁਹਾਣ ਪੈਦਾ ਕਰੇਗੀ, ਇਹ ਸੋਚਣ ਦੇ ਅਰਥ ਹਨ ਸ਼੍ਰੇਣੀ ਵਿਰੋਧਾਂ ਦੇ ਘੱਟ ਹੋਣ ਸਬੰਧੀ ਸ਼ੁਭ-ਚਿੰਤਕ, ਅਸੱਭਿਅਕ ਆਸਾਂ ਨੂੰ ਇਹਨਾਂ ਵਿਰੋਧਾਂ ਦੇ ਯਥਾਰਥ ਵਿੱਚ ਵਧਣ ਦੀ ਥਾਂ ਲੈਣ ਦੇਣਾ।

## V

ਪੂਰੀ ਤਰ੍ਹਾਂ ਅਸੱਭਿਆ ਭਾਵਨਾ ਅਨੁਸਾਰ ਹੀ ਕਾਊਟਸਕੀ ਯੁੱਧ ਦੇ "ਸ਼ਬਦਾਂ"

* ਵੇਖੋ, Bernhard Harms 'Problems der Weltwirtschaft[a], Jena 1912; (ਸੰਸਾਰ ਆਰਥਕਤਾ ਦੇ ਮਸਲੇ, ਜੈਨਾ). ਜਾਰਜ ਪੈਸ਼ "ਬਸਤੀਆਂ ਵਿੱਚ ਲੱਗੀ ਬਰਤਾਨੀਆ ਦੀ ਪੂੰਜੀ", "ਸ਼ਾਹੀ ਅੰਕ-ਸੰਕਲਣ ਸਭਾ ਦਾ ਰਸਾਲਾ", ਸੰਚੀ 74, 1910-11, ਪੰਨਾ 167।ਆਪਣੀ 15 ਜੁਲਾਈ 1915 ਦੀ ਤਕਰੀਰ ਵਿਚ ਲਾਇਡ ਜਾਰਜ ਨੇ ਵਿਦੇਸ਼ਾਂ ਵਿੱਚ ਲੱਗੀ ਬਰਤਾਨਵੀ ਪੂੰਜੀ ਦਾ ਅੰਦਾਜ਼ਾ 4,00,00,00,000 ਪੌਂਡ, ਅਰਥਾਤ ਲਗਭਗ 80,00,00,00,000 ਮਾਰਕ ਲਾਇਆ।

ਦੀ ਗੱਲ ਕਰਦਾ ਹੈ ਅਤੇ ਇਹਨਾਂ ਸ਼ਬਦਾਂ ਨੂੰ ਉਸ ਦੁੱਖ ਲਈ ਸਦਾਚਾਰਕ ਘਿਰਣਾ ਦੀ ਰੌਸ਼ਨੀ ਵਿੱਚ ਪੇਸ਼ ਕਰਦਾ ਹੈ ਜਿਹੜੀ ਇਹ ਲਿਆਉਂਦੀ ਹੈ। ਮਿਸਾਲ ਵਜੋਂ ਆਪਣੇ ਪੈਂਫ਼ਲਟ "ਕੌਮੀ ਰਿਆਸਤ", ਆਦਿ , ਵਿੱਚ ਉਹ ਇਉਂ ਦਲੀਲ ਦੇਂਦਾ ਹੈ:

> "ਇਸ ਗੱਲ ਸਬੰਧੀ ਕੋਈ ਸ਼ੱਕ ਨਹੀਂ ਕਿ ਵਸੋਂ ਦੀਆਂ ਅਜਿਹੀਆਂ ਪਰਤਾਂ ਹਨ ਜਿਨ੍ਹਾਂ ਨੂੰ ਅਮਨ ਅਤੇ ਨਿਸ਼ਸਤ੍ਰੀਕਰਨ ਵਿੱਚ ਅਤਿ-ਅੰਤ ਦਿਲਚਸਪੀ ਹੈ। ਨਿੱਕੀ ਬੁਰਜੂਆਜ਼ੀ ਅਤੇ ਨਿੱਕੇ ਕਿਸਾਨ ਅਤੇ ਇੱਥੋਂ ਤੱਕ ਕਿ ਕਈ ਸਰਮਾਏਦਾਰ ਅਤੇ ਬੁੱਧੀਮਾਨ ਵੀ ਕਿਸੇ ਅਜਿਹੇ ਹਿੱਤਾਂ ਰਾਹੀਂ ਸਾਮਰਾਜ ਨਾਲ਼ ਨਹੀਂ ਬੱਝੇ ਹੋਏ ਜਿਹੜੇ ਉਸ ਨੁਕਸਾਨ ਉੱਤੇ ਭਾਰੂ ਹੁੰਦੇ ਹੋਣ ਜਿਹੜਾ ਯੁੱਧ ਅਤੇ ਹਥਿਆਰਾਂ ਕਾਰਨ ਇਹਨਾਂ ਪਰਤਾਂ ਨੂੰ ਹੁੰਦਾ ਹੈ।" (ਪੰਨਾ 21)।

ਇਹ ਫ਼ਰਵਰੀ 1915 ਵਿੱਚ ਲਿਖਿਆ ਗਿਆ। ਤੱਥ ਦੱਸਦੇ ਹਨ ਕਿ ਜਾਇਦਾਦ ਦੀਆਂ ਮਾਲਕ ਸ਼੍ਰੇਣੀਆਂ, ਇੱਥੋਂ ਤੱਕ ਕਿ ਨਿੱਕ ਬੁਰਜੂਆ ਅਤੇ "ਬੁੱਧੀਮਾਨ" ਸਮੂਹਕ ਰੂਪ ਵਿੱਚ ਬੁਰਜੂਆਜ਼ੀ ਨਾਲ਼ ਰਲ ਗਏ ਹਨ ਪਰ ਚੈਖ਼ੋਵ ਦੇ ਮਫ਼ਲਰ ਵਾਲ਼ੇ ਮਨੁੱਖ[18] ਵਾਂਗ ਕਾਊਟਸਕੀ ਅਸਾਧਾਰਨ ਸਵੈ ਮਗ ਦੇ ਵਿਖਾਵੇ ਨਾਲ਼ ਅਤੇ ਮਿੱਠੀਆਂ-ਮਿੱਠੀਆਂ ਗੱਲਾਂ ਦੇ ਸਹਾਰੇ ਇਹਨਾਂ ਤੱਥਾਂ ਨੂੰ ਕਬੂਲਣੋਂ ਇਨਕਾਰੀ ਹੈ। ਉਹ ਨਿੱਕੀ ਬੁਰਜੂਆਜ਼ੀ ਦੇ ਹਿੱਤਾਂ ਦਾ ਅੰਦਾਜ਼ਾ ਉਹਨਾਂ ਦੇ **ਅਮਲਾਂ** ਤੋਂ ਨਹੀਂ ਸਗੋਂ ਕੁਝ ਨਿੱਕ-ਬੁਰਜੂਆ ਦੀਆਂ **ਗੱਲਾਂ** ਤੋਂ ਲਾਉਂਦਾ ਹੈ ਭਾਵੇਂ ਤੱਥ ਪੈਰ ਪੈਰ 'ਤੇ ਅਜਿਹੀਆਂ ਗੱਲਾਂ ਨੂੰ ਰੱਦ ਕਰਦੇ ਹਨ। ਇਹ ਐਨ ਉਸੇ ਤਰ੍ਹਾਂ ਹੈ ਜਿਵੇਂ ਆਮ ਤੌਰ 'ਤੇ ਬੁਰਜੂਆਜ਼ੀ ਦੇ "ਹਿੱਤਾਂ" ਦਾ ਅੰਦਾਜ਼ਾ ਉਹਨਾਂ ਦੇ ਅਮਲਾਂ ਤੋਂ ਨਾ ਲਾਇਆ ਜਾਵੇ ਸਗੋਂ ਬੁਰਜੂਆ ਪਾਦਰੀਆਂ ਦੀਆਂ ਤਕਰੀਰਾਂ ਤੋ ਲਾਇਆ ਜਾਵੇ, ਜਿਹੜੇ ਇਹ ਦਾਹਵਾ ਕਰਦੇ ਹਨ ਕਿ ਵਰਤਮਾਨ ਪ੍ਰਣਾਲੀ ਈਸਾਈ ਮਤ ਦੇ ਆਦਰਸ਼ਾਂ ਨਾਲ਼ ਗੜੁੱਚੀ ਹੋਈ ਹੈ। ਕਾਊਟਸਕੀ ਮਾਰਕਸਵਾਦ ਇੱਕ ਅਜਿਹੇ ਢੰਗ ਨਾਲ਼ ਲਾਗੂ ਕਰਦਾ ਹੈ ਜਿਹੜਾ ਇਸ ਵਿੱਚੋਂ ਇਹਦਾ ਸਾਰਾ ਤੱਤ ਕੱਢ ਦਿੰਦਾ ਹੈ ਜੋ ਕੁਝ ਰਹਿ ਜਾਂਦਾ ਹੈ ਉਹ ਇੱਕ ਤਰ੍ਹਾਂ ਦੇ ਕਰਾਮਾਤੀ ਢੰਗ, ਅਗਲੇ ਜਗਤ ਦੇ ਅਰਥਾਂ ਵਿੱਚ "ਹਿੱਤਾਂ" ਦਾ ਰਸਮੀ ਬੋਲ ਹੀ ਰਹਿ ਜਾਂਦਾ ਹੈ ਕਿਉਂਕਿ ਇਹਦੇ ਵਿੱਚ ਅਸਲੀ ਅਰਥ-ਸ਼ਾਸਤਰ ਨਹੀਂ ਸਗੋਂ ਸਾਂਝੀ ਭਲਾਈ ਲਈ ਪਵਿੱਤਰ ਇੱਛਾਵਾਂ ਹੀ ਰਹਿ ਜਾਂਦੀਆਂ ਹਨ।

ਮਾਰਕਸਵਾਦ ਸ਼੍ਰੇਣੀ ਵਿਰੋਧਾਂ ਅਤੇ ਸ਼੍ਰੇਣੀ ਘੋਲ਼ ਅਨੁਸਾਰ, ਜਿਨ੍ਹਾਂ ਦਾ ਨਿੱਤ ਦੇ ਜੀਵਨ ਦੇ ਲਖੂਖਾ ਤੱਥਾਂ ਵਿੱਚ ਪ੍ਰਗਟਾਅ ਹੁੰਦਾ ਹੈ, "ਹਿੱਤਾਂ" ਨੂੰ ਜੋਖਦਾ ਹੈ। ਨਿੱਕੀ ਬੁਰਜੂਆਜ਼ੀ ਲੁਤਰ ਲੁਤਰ ਕਰਦੀ ਹੈ ਅਤੇ ਇਹਨਾਂ ਵਿਰੋਧਾਂ ਦੇ ਘਟ ਜਾਣ ਦੇ ਸੁਪਨੇ ਲੈਂਦੀ ਹੈ, ਜਿਨ੍ਹਾਂ ਦੇ ਵਧਣ ਨਾਲ਼, ਉਹ "ਦਲੀਲ" ਦੇਂਦੀ ਹੈ, "ਹਾਨੀਕਾਰਕ ਸਿੱਟੇ ਨਿਕਲਦੇ ਹਨ"। ਸਾਮਰਾਜ ਦੇ ਅਰਥ ਹਨ ਜਾਇਦਾਦ ਵਾਲ਼ੀਆਂ ਸ਼੍ਰੇਣੀਆਂ ਦੀਆਂ ਸਭਨਾਂ ਪਰਤਾਂ ਦਾ ਵਿੱਤ ਪੂੰਜੀ ਦੇ ਅਧੀਨ ਹੋਣਾ ਅਤੇ ਸੰਸਾਰ ਦੀ ਪੰਜ ਜਾਂ ਛੇ "ਵੱਡੀਆਂ" ਤਾਕਤਾਂ ਵਿੱਚ ਵੰਡ, ਜਿਨ੍ਹਾਂ ਵਿੱਚੋਂ ਬਹੁਤੀਆਂ ਹੁਣ ਯੁੱਧ ਵਿੱਚ ਰੁੱਝੀਆਂ ਹੋਈਆਂ ਹਨ। ਸੰਸਾਰ ਦੇ ਵੱਡੀਆਂ ਤਾਕਤਾਂ ਵਿੱਚ ਵੰਡੇ ਹੋਏ ਹੋਣ ਦੇ ਅਰਥ ਇਹ ਹਨ ਕਿ ਸਭਨਾਂ ਜਾਇਦਾਦ ਵਾਲ਼ੀਆਂ ਸ਼੍ਰੇਣੀਆਂ ਨੂੰ

ਬਸਤੀਆਂ ਤੋਂ ਕਬਜ਼ੇ ਅਤੇ ਰਸੂਖ਼ ਦੇ ਖੇਤਰਾਂ ਵਿੱਚ, ਹੋਰਨਾਂ ਕੌਮਾਂ ਉੱਤੇ ਜ਼ਬਰ ਕਰਨ ਵਿੱਚ ਅਤੇ ਇੱਕ "ਵੱਡੀ" ਸ਼ਕਤੀ ਅਤੇ ਜਾਬਰ ਕੌਮ ਹੋਣ ਕਾਰਨ ਜਿਹੜੇ ਮੋਟੀਆਂ ਤਨਖ਼ਾਹਾਂ ਵਾਲ਼ੀਆਂ ਪਦਵੀਆਂ ਅਤੇ ਵਿਸ਼ੇਸ਼-ਅਧਿਕਾਰ ਪ੍ਰਾਪਤ ਹੁੰਦੇ ਹਨ, ਉਹ ਘੱਟ ਜਾਂ ਵੱਧ ਪ੍ਰਾਪਤ ਕਰਨ ਵਿੱਚ **ਦਿਲਚਸਪੀ ਹੈ***

ਜੀਵਨ ਪੁਰਾਣੇ ਢੰਗ ਨਾਲ਼ ਨਹੀਂ ਚੱਲ ਸਕਦਾ, ਬੜੇ ਸਵਾਹਰੇ ਢੰਗ ਨਾਲ਼ ਵਿਕਸਿਤ ਹੋ ਰਹੇ ਅਤੇ ਹੌਲ਼ੀ ਹੌਲ਼ੀ ਨਵੇਂ ਦੇਸ਼ਾਂ ਵਿੱਚ ਫ਼ੈਲ ਰਹੀ ਸਰਮਾਏਦਾਰੀ ਦੀਆਂ ਨਿਸਬਤਨ ਸ਼ਾਂਤ, ਸਭਿਅਕ ਅਤੇ ਅਮਨ-ਭਰੀਆਂ ਪ੍ਰਸਥਿਤੀਆਂ ਵਿੱਚ। ਇੱਕ ਨਵਾਂ ਯੁੱਗ ਆ ਗਿਆ ਹੈ। ਵਿੱਤ-ਪੂੰਜੀ ਕਿਸੇ ਇੱਕ ਵਿਸ਼ੇਸ਼ ਦੇਸ਼ ਨੂੰ ਵੱਡੀਆਂ ਤਾਕਤਾਂ ਦੀ ਪਾਲ ਵਿੱਚੋਂ **ਕੱਢ ਦਿੰਦੀ ਹੈ** ਅਤੇ ਪੂਰੀ ਤਰ੍ਹਾਂ ਕੱਢ ਦੇਵੇਗੀ, ਉਸ ਕੋਲ਼ੋਂ ਉਹਦੀਆਂ ਬਸਤੀਆਂ ਅਤੇ ਰਸੂਖ਼ ਦੇ ਖੇਤਰ ਖੋਹ ਲਵੇਗੀ (ਜਿਵੇਂ ਬਰਤਾਨੀਆ ਨਾਲ਼ ਯੁੱਧ ਲੜ ਰਿਹਾ ਜਰਮਨੀ ਅਜਿਹਾ ਕਰਨ ਦਾ ਖ਼ਤਰਾ ਪੇਸ਼ ਕਰ ਰਿਹਾ ਹੈ।) ਅਤੇ ਇਹ ਨਿੱਕੀ ਬੁਰਜੂਆਜ਼ੀ ਤੋਂ ਉਹਦੇ ਵੱਡ-ਤਾਕਤੀ ਵਿਸ਼ੇਸ਼-ਅਧਿਕਾਰਾਂ ਅਤੇ ਵਾਧੂ ਆਮਦਨਾਂ ਖੋਹ ਲਵੇਗੀ। ਇਹ ਗੱਲ ਯੁੱਧ ਨੇ ਸਾਬਤ ਕਰ ਦਿੱਤੀ ਹੈ। ਇਹ ਵਿਰੋਧਾਂ ਦੇ ਤਿੱਖੇ ਹੋਣ ਦਾ ਸਿੱਟਾ ਹੈ, ਜਿਸ ਗੱਲ ਨੂੰ ਸਭੇ ਲੰਮੇ ਸਮੇਂ ਤੋਂ ਕਬੂਲ ਕਰਦੇ ਰਹੇ ਹਨ, ਸਣੇ ਕਾਊਟਸਕੀ ਦੇ, ਜਿਸਨੇ ਆਪਣੇ ਪੈਂਫ਼ਲਟ "ਸੱਤਾ ਦਾ ਰਾਹ" ਵਿੱਚ ਇਹ ਗੱਲ ਮੰਨੀ।

ਹੁਣ ਜਦੋਂ ਵੱਡ-ਤਾਕਤੀ ਵਿਸ਼ੇਸ਼-ਅਧਿਕਾਰਾਂ ਲਈ ਹਥਿਆਰਬੰਦ ਟੱਕਰ ਸ਼ੁਰੂ ਹੋ ਗਈ ਹੈ ਕਾਊਟਸਕੀ ਸਰਮਾਏਦਾਰਾਂ ਅਤੇ ਨਿੱਕੀ ਬੁਰਜੂਆਜ਼ੀ ਨੂੰ ਇਹ ਮੰਨਣ ਉੱਤੇ **ਰਾਜ਼ੀ ਕਰਨਾ** ਚਾਹੁੰਦਾ ਹੈ ਕਿ ਯੁੱਧ ਭਿਆਨਕ ਹੈ ਕਿ ਨਿਸ਼ਸਤ੍ਰੀਕਰਨ ਲਾਭਦਾਇਕ ਹੈ। ਉਹ ਇਹ ਗੱਲ ਐਨ ਉਸੇ ਤਰ੍ਹਾਂ ਅਤੇ ਐਨ ਉਸੇ ਢੰਗ ਨਾਲ਼ ਕਰਦਾ ਹੈ ਜਿਵੇਂ ਕੋਈ ਈਸਾਈ ਪਾਦਰੀ

---

* ਈ. ਸ਼ੁਲਟਜ਼ ਲਿਖਦਾ ਹੈ ਕਿ 1915 ਵਿੱਚ ਸੰਸਾਰ ਭਰ ਵਿੱਚ ਕੁੱਲ ਹੁੰਡੀਆਂ ਦਾ ਮੁੱਲ 73,200 ਕਰੋੜ ਫ਼ਰਾਂਕ ਸੀ, ਜਿਸ ਵਿੱਚ ਰਿਆਸਤੀ ਅਤੇ ਮਿਊਂਸਪਲ ਕਰਜ਼ੇ, ਵਪਾਰਕ ਅਤੇ ਮਾਲ ਤਿਆਰ ਕਰਨ ਵਾਲ਼ੀਆਂ ਸੰਸਥਾਵਾਂ ਦੇ ਰਹਿਣ ਅਤੇ ਹਿੱਸੇ, ਆਦਿ ਸ਼ਾਮਲ ਹਨ। ਇਹਦੇ ਵਿੱਚੋਂ ਬਰਤਾਨੀਆ ਦਾ ਹਿੱਸਾ 13,000 ਕਰੋੜ ਫ਼ਰਾਂਕ ਸੀ, ਅਮਰੀਕਾ ਦਾ 11,500 ਕਰੋੜ, ਫ਼ਰਾਂਸ ਦਾ 10,000 ਕਰੋੜ ਅਤੇ ਜਰਮਨੀ ਦਾ 7,500 ਕਰੋੜ, ਅਰਥਾਤ ਚਾਰ ਵੱਡੀਆਂ ਤਾਕਤਾਂ ਦਾ ਹਿੱਸਾ 42,000 ਕਰੋੜ ਸੀ, ਕੁੱਲ ਦੇ ਅੱਧੇ ਤੋਂ ਵੱਧ। ਇਸ ਤੋਂ ਬੰਦਾ ਅੰਦਾਜ਼ਾ ਲਾ ਸਕਦਾ ਹੈ ਕਿ ਮੁੱਖ ਵੱਡੀਆਂ ਤਾਕਤਾਂ ਨੂੰ, ਜਿਹੜੀਆਂ ਹੋਰਨਾਂ ਕੌਮਾਂ ਤੋਂ ਅੱਗੇ ਲੰਘ ਗਈਆਂ ਹਨ ਅਤੇ ਉਹਨਾਂ ਉੱਤੇ ਜ਼ਬਰ ਅਤੇ ਲੁੱਟ-ਚੋਂਘ ਕਰਦੀਆਂ ਹਨ, ਕੀ ਲਾਭ ਅਤੇ ਵਿਸ਼ੇਸ਼ ਹੱਕ ਪ੍ਰਾਪਤ ਹੁੰਦੇ ਹਨ। Dr. Ernst Schultze. ´Das französische Kapital in Russland [a] in ´Finanz-Archiv[a]. Berlin, 1915, Jahrg. 32, S. 127) (ਡਾ. ਅਰਨਸਟ ਸ਼ੁਲਟਜ਼, "ਰੂਸ ਵਿੱਚ ਫ਼ਰਾਂਸੀਸੀ ਸਰਮਾਇਆ", "ਫ਼ਿਨਾਨਜ ਆਰਖ਼ਿਵ" ਬਰਲਿਨ, ਜਿਲਦ 32, 1915, ਪੰਨਾ 127 ਵਿੱਚ ਇੱਕ ਵੱਡੀ ਤਾਕਤ ਲਈ "ਪਿੱਤਰੀ-ਭੂਮੀ ਦੀ ਰੱਖਿਆ" ਦੇ ਅਰਥ ਹਨ, ਵਿਦੇਸ਼ਾਂ ਨੂੰ ਲੁੱਟਣ ਦੇ ਹੱਕ ਵਿੱਚ ਹਿੱਸਾ ਮਿਲਣਾ। ਜਿਹਾ ਕਿ ਸਭੇ ਜਾਣਦੇ ਹਨ ਰੂਸ ਵਿੱਚ ਸਰਮਾਏਦਾਰ ਸਾਮਰਾਜ ਫ਼ੌਜੀ-ਸਾਮੰਤੀ ਸਾਮਰਾਜ ਤੋਂ ਕਮਜ਼ੋਰ ਹੈ।

ਮਿੰਬਰ ਤੋਂ ਬੋਲਦਾ ਹੋਇਆ ਸਰਮਾਏਦਾਰ ਨੂੰ ਇਹ ਮੰਨਣ ਉੱਤੇ ਰਾਜ਼ੀ ਕਰਨ ਦਾ ਯਤਨ ਕਰੇ ਕਿ ਆਪਣੇ ਸਾਥੀ ਮਨੁੱਖਾਂ ਲਈ ਪਿਆਰ ਇੱਕ ਇਲਾਹੀ ਹੁਕਮ ਵੀ ਹੈ ਅਤੇ ਸਭਿਅਤਾ ਦੀ ਆਤਮਕ ਤਾਂਘ ਅਤੇ ਸਦਾਚਾਰਕ ਨੇਮ ਵੀ। ਕਾਊਟਸਕੀ ਜਿਸ ਗੱਲ ਨੂੰ "ਪੜ-ਸਾਮਰਾਜ" ਵੱਲ ਆਰਥਕ ਮੁਹਾਣ ਕਹਿੰਦਾ ਹੈ ਉਹ ਤਾਂ ਬਸ ਪੋਤਦਾਰਾਂ ਨੂੰ ਇਸ ਗੱਲ ਦਾ ਨਿੱਕ-ਬੁਰਜੂਆ **ਉਪਦੇਸ਼** ਹੀ ਹੈ ਕਿ ਉਹ ਬੁਰਾਈ ਕਰਨੋਂ ਸੰਕੋਚ ਕਰਨ।

ਪੂੰਜੀ ਦੀ ਬਰਾਮਦ? **ਪਰ** ਸਯੁੰਕਤ ਰਾਜ ਅਮਰੀਕਾ ਜਿਹੇ ਸੁੰਤਤਰ ਦੇਸ਼ਾਂ ਨੂੰ ਬਸਤੀਆਂ ਨਾਲ਼ੋਂ ਵਧੇਰੇ ਪੂੰਜੀ ਬਰਾਮਦ ਕੀਤੀ ਜਾਂਦੀ ਹੈ। ਬਸਤੀਆਂ ਉੱਤੇ ਕਬਜ਼ਾ? **ਪਰ** ਉਹਨਾਂ ਸਭਨਾਂ ਉੱਤੇ ਤਾਂ ਕਬਜ਼ਾ ਕਰ ਲਿਆ ਗਿਆ ਹੈ ਅਤੇ ਉਹ ਲਗਭਗ ਸਭੇ ਮੁਕਤੀ ਲਈ ਜੂਝ ਰਹੀਆਂ ਹਨ। "ਹੋ ਸਕਦਾ ਹੈ ਹਿੰਦ ਬਰਤਾਨੀਆ ਦੀ ਮਿਲਖ ਨਾ ਰਹੇ ਪਰ ਇਕ ਸਮੂਲੀ ਸਲਤਨਤ ਵਜੋਂ ਇਹ ਇੱਕ ਹੋਰ ਵਿਦੇਸ਼ੀ ਤਾਕਤ ਦੇ ਕਬਜ਼ੇ ਹੇਠ ਨਹੀਂ ਆਵੇਗਾ" (ਟੂਕ ਦਿੱਤੇ ਪੈਂਫ਼ਲਟ ਦਾ ਪੰਨਾ 89)। "ਕਿਸੇ ਸਨਅਤੀ ਸਰਮਾਏਦਾਰ ਰਿਆਸਤ ਵਲੋਂ ਆਪਣੇ ਲਈ ਅਜਿਹੀ ਬਸਤੀਵਾਦੀ ਸਲਤਨਤ ਪ੍ਰਾਪਤ ਕਰਨ ਦੇ ਯਤਨ ਜਿਹੜੀ ਇਹਨੂੰ ਕੱਚੇ ਮਾਲ ਲਈ ਹੋਰਨਾਂ ਦੇਸ਼ਾਂ ਤੋਂ ਸੁੰਤਤਰ ਕਰ ਦੇਵੇ, ਜ਼ਰੂਰ ਹੀ ਹੋਰ ਸਭਨਾਂ ਸਰਮਾਏਦਾਰ ਰਿਆਸਤਾਂ ਇਹਦੇ ਵਿਰੁੱਧ ਇੱਕਮੁਠ ਕਰ ਦੇਣਗੇ ਅਤੇ ਇਹਨੂੰ ਆਪਣੇ ਆਸ਼ੇ ਦੇ ਨੇੜੇ ਲਿਆਏ ਬਿਨਾਂ ਇੱਕ ਅਨੰਤ ਅਤੇ ਨਿਚੋੜ ਕੇ ਰੱਖ ਦੇਣ ਵਾਲ਼ੇ ਯੁੱਧ ਵਿੱਚ ਫ਼ਸਾ ਦੇਣਗੇ। ਅਜਿਹੀ ਨੀਤੀ ਉਸ ਰਿਆਸਤ ਦੇ ਆਰਥਕ ਦਿਵਾਲ਼ੇ ਵੱਲ ਜਾਂਦਾ ਸਭ ਤੋਂ ਨਿਸ਼ਚਤ ਰਾਹ ਹੋਵੇਗਾ" (ਟੂਕ ਦਿੱਤੇ ਪੈਂਫਲਟ ਦਾ ਪੰਨਾ 72-73)

ਕੀ ਇਹ ਪੋਤਦਾਰਾਂ ਨੂੰ ਸਾਮਰਾਜ ਤਿਆਗ ਦੇਣ ਲਈ ਮਨਾਉਣ ਦਾ ਭੱਦਾ ਜਿਹਾ ਯਤਨ ਨਹੀਂ? ਸਰਮਾਏਦਾਰਾਂ ਨੂੰ ਦਿਵਾਲ਼ੇ ਦੀ ਸੰਭਾਵਨਾ ਤੋਂ ਡਰਾਉਣਾ ਸੱਟਾ ਬਜ਼ਾਰ ਵਿੱਚ ਹਿੱਸਿਆਂ ਦਾ ਸੱਟਾ ਕਰਨ ਵਿਰੁੱਧ ਸਲਾਹ ਦੇਣਾ ਹੈ ਕਿਉਂਕਿ ਅਨੇਕਾਂ ਲੋਕਾਂ ਦੀ ਦੌਲਤ ਉੱਥੇ ਨਸ਼ਟ ਹੋਈ ਹੈ। ਪੂੰਜੀ ਨੂੰ ਕਿਸੇ ਵਿਰੋਧੀ ਸਰਮਾਏਦਾਰ ਜਾਂ ਵਿਰੋਧੀ ਕੌਮ ਦੇ ਦਿਵਾਲੇ ਤੋਂ **ਲਾਭ ਹੁੰਦਾ ਹੈ** ਕਿਉਂਕਿ ਇਸ ਤਰ੍ਹਾਂ ਪੂੰਜੀ ਵਧੇਰੇ ਕੇਂਦਰਤ ਹੁੰਦੀ ਹੈ। ਇਸ ਲਈ ਆਰਥਕ ਮੁਕਾਬਲਾ ਜਿੰਨਾਂ ਤਿੱਖਾ ਅਤੇ "ਨੇੜਵਾਂ" ਹੋ ਜਾਂਦਾ ਹੈ, ਅਰਥਾਤ ਵਿਰੋਧੀ ਨੂੰ ਦਿਵਾਲ਼ੇ ਵੱਲ ਆਰਥਕ ਤੌਰ 'ਤੇ ਧੱਕਣ ਦੀ ਸੰਭਾਵਨਾ ਜਿੰਨੀ ਵਧਦੀ ਹੈ, ਉੱਨਾ ਵਧੇਰੇ ਸਰਮਾਏਦਾਰ ਵਿਰੋਧੀ ਨੂੰ ਉਸ ਪਾਸੇ ਧੱਕਣ ਲਈ **ਫ਼ੌਜੀ** ਦਬਾਅ ਦਾ ਵਾਧਾ ਕਰਦੇ ਹਨ। ਜਿੰਨੀ ਘੱਟ ਉਹਨਾਂ ਦੇਸ਼ਾਂ ਦੀ ਗਿਣਤੀ ਹੁੰਦੀ ਜਾਂਦੀ ਹੈ ਜਿਹਨਾਂ ਨੂੰ ਪੂੰਜੀ ਬਸਤੀਆਂ ਜਾਂ ਤੁਰਕੀ ਜਿਹੀਆਂ ਅਧੀਨ ਰਿਆਸਤਾਂ ਵੱਲ ਲਾਹੇਵੰਦ ਢੰਗ ਨਾਲ਼ ਬਰਾਮਦ ਕੀਤਾ ਜਾ ਸਕਦਾ ਹੈ—ਕਿਉਂਕਿ ਅਜਿਹੀ ਹਾਲਤ ਵਿੱਚ ਪੋਤਦਾਰ ਨੂੰ ਸਯੁੰਕਤ ਰਾਜ ਅਮਰੀਕਾ ਜਿਹੇ ਅਜ਼ਾਦ, ਸੁਤੰਤਰ ਅਤੇ ਸਭਿਅਕ ਦੇਸ਼ ਨੂੰ ਪੂੰਜੀ ਦੀ ਬਰਾਮਦ ਨਾਲੋਂ **ਤੀਹਰਾ** ਨਫ਼ਾ ਹੁੰਦਾ ਹੈ—ਉਂਨਾ ਹੀ ਤੁਰਕੀ, ਚੀਨ ਆਦਿ ਨੂੰ ਅਧੀਨ ਕਰਨ ਅਤੇ ਵੰਡਣ ਲਈ ਘੋਲ਼ **ਤਿਖੇਰਾ** ਹੁੰਦਾ ਜਾਂਦਾ ਹੈ। ਵਿੱਤ ਪੂੰਜੀ ਅਤੇ ਸਾਮਰਾਜ ਸਬੰਧੀ ਆਰਥਕ ਸਿਧਾਂਤ ਇਹੋ ਕੁਝ ਪ੍ਰਗਟ ਕਰਦਾ ਹੈ। ਤੱਥ ਇਹ ਕੁਝ ਪ੍ਰਗਟ ਕਰਦੇ ਹਨ। ਪਰ ਕਾਉਟਸਕੀ ਸਭ ਕੁਝ ਨੂੰ ਤੁੱਛ ਨਿੱਕ-ਬੁਰਜੂਆ "ਸਿੱਖਿਆ" ਵਿੱਚ ਤਬਦੀਲ ਕਰ

ਦੇਂਦਾ ਹੈ: ਤੁਰਕੀ ਦੀ ਵੰਡ ਜਾਂ ਹਿੰਦ ਉੱਤੇ ਕਬਜ਼ੇ ਲਈ ਉਤੇਜਤ ਹੋਣ ਦਾ ਕੋਈ ਲਾਭ ਨਹੀਂ ਅਤੇ ਇਸ ਮੰਤਵ ਲਈ ਯੁੱਧ ਛੇੜਨ ਦਾ ਤਾਂ ਉੱਕਾ ਹੀ ਕੋਈ ਲਾਭ ਨਹੀਂ ਕਿਉਂਕਿ ਉਹਨਾਂ ਉੱਤੇ ਕਿਸੇ ਵੀ ਤਰ੍ਹਾਂ ਲੰਮੇ ਸਮੇਂ ਤੱਕ ਕਬਜ਼ਾ ਨਹੀਂ ਰੱਖਿਆ ਜਾ ਸਕਦਾ ਅਤੇ, ਨਾਲ਼ੇ, ਕੀ ਸਰਮਾਏਦਾਰੀ ਨੂੰ ਅਮਨ-ਭਰੇ ਢੰਗ ਨਾਲ਼ ਵਿਕਸਿਤ ਕਰਨਾ ਚੰਗੇਰਾ ਹੋਵੇਗਾ...।ਉਜਰਤਾਂ ਵਿੱਚ ਵਾਧਾ ਕਰਕੇ ਅਤੇ ਘਰੋਗੀ ਮੰਡੀ ਨੂੰ ਵਧਾਕੇ ਸਰਮਾਏਦਾਰੀ ਦਾ ਵਿਕਾਸ ਕਰਨਾ ਹੋਰ ਵੀ ਚੰਗੇਰਾ ਹੋਵੇਗਾ; ਇਹ ਗੱਲ ਐਨ "ਸਮਝ ਆਉਣ ਵਾਲ਼ੀ" ਹੈ ਅਤੇ ਪਾਦਰੀਆਂ ਲਈ ਪੋਤਦਾਰਾਂ ਨੂੰ ਉਪਦੇਸ਼ ਦੇਣ ਲਈ ਐਨ ਯੋਗ ਵਿਸ਼ਾ ਹੈ...। ਸਾਊ ਕਾਊਟਸਕੀ ਜਰਮਨ ਪੋਤਦਾਰਾਂ ਨੂੰ ਲੱਗਭਗ ਇਹ ਮਨਾਉਣ ਵਿੱਚ ਸਫ਼ਲ ਹੋ ਗਿਆ ਹੈ ਕਿ ਬਸਤੀਆਂ ਲਈ ਬਰਤਾਨੀਆ ਵਿਰੁੱਧ ਯੁੱਧ ਲੜਨਾ ਲਾਭਦਾਇਕ ਨਹੀਂ ਕਿਉਂਕਿ ਭਾਵੇਂ ਕੁਝ ਹੋਵੇ ਇਹ ਬਸਤੀਆਂ ਛੇਤੀ ਹੀ ਮੁਕਤੀ ਪ੍ਰਾਪਤ ਕਰ ਲੈਣਗੀਆਂ।

1872 ਅਤੇ 1912 ਵਿਚਕਾਰ ਮਿਸਰ ਨੂੰ ਬਰਤਾਨੀਆ ਦੀ ਬਰਾਮਦ ਅਤੇ ਦਰਾਮਦ ਸਮੁੱਚੀ ਬਰਤਾਨਵੀ ਬਰਾਮਦ ਅਤੇ ਦਰਾਮਦ ਨਾਲ਼ ਮੇਲ਼ ਨਹੀਂ ਖਾਂਦੀ ਰਹੀ, ਜਿਸ ਤੋਂ "ਮਾਰਕਸਵਾਦੀ" ਕਾਊਟਸਕੀ ਇਹ ਸਿੱਟਾ ਕੱਢਦਾ ਹੈ: "ਇਹ ਖ਼ਿਆਲ ਕਰਨ ਲਈ ਕੋਈ ਕਾਰਨ ਨਹੀਂ ਕਿ ਕੇਵਲ ਆਰਥਕ ਅੰਸ਼ਾਂ ਦੇ ਹੀ ਅਮਲ ਕਾਰਨ ਅਤੇ ਫ਼ੌਜੀ ਕਬਜ਼ੇ ਤੋਂ ਬਿਨਾਂ ਮਿਸਰ ਨਾਲ਼ ਬਰਤਾਨਵੀ ਵਪਾਰ ਘੱਟ ਵਿਕਸਿਤ ਹੁੰਦਾ" (ਪੰਨਾ 72) "ਸਰਮਾਏ ਦੀ ਫ਼ੈਲਣ ਦੀ ਤਾਂਘ... ਸਾਮਰਾਜ ਦੇ ਹਿੰਸਕ ਢੰਗਾਂ ਨਾਲ਼ ਨਹੀਂ ਸਗੋਂ **ਅਮਨ-ਭਰੀ ਜਮਹੂਰੀਅਤ** ਰਾਹੀਂ **ਸਭ ਤੋਂ ਚੰਗੀ ਤਰ੍ਹਾਂ** ਪੂਰੀ ਕੀਤੀ ਜਾ ਸਕਦੀ ਹੈ" (ਪੰਨਾ 70)

ਕੇਹਾ ਸ਼ਾਨਦਾਰ ਗੰਭੀਰ, ਵਿਗਿਆਨਕ ਅਤੇ "ਮਾਰਕਸਵਾਦੀ" ਵਿਸ਼ਲੇਸ਼ਣ ਹੈ! ਕਾਊਟਸਕੀ ਨੇ ਅਨੁਚਿਤ ਇਤਿਹਾਸ ਨੂੰ "ਠੀਕ" ਕਰ ਦਿੱਤਾ ਹੈ: ਉਹਨੇ ਇਹ "ਸਾਬਤ ਕਰ" ਦਿੱਤਾ ਹੈ ਕਿ ਬਰਤਾਨੀਆ ਲਈ ਮਿਸਰ ਨੂੰ ਫਰਾਂਸ ਤੋਂ ਖੋਹਣ ਦੀ ਕੋਈ ਲੋੜ ਨਹੀਂ ਸੀ, ਕਿ ਇਹ ਜਰਮਨ ਪੋਤਦਾਰਾਂ ਲਈ ਉੱਕਾ ਹੀ ਲਾਭਦਾਇਕ ਨਹੀਂ ਸੀ ਕਿ ਉਹ ਯੁੱਧ ਛੇੜਨ, ਤੁਰਕੀ ਦੀ ਮੁਹਿੰਮ ਜਥੇਬੰਦ ਕਰਨ ਅਤੇ ਬਰਤਾਨੀਆ ਨੂੰ ਮਿਸਰ ਵਿੱਚੋਂ ਕੱਢਣ ਲਈ ਹੋਰ ਕਦਮ ਚੁੱਕਣ! ਇਹ ਤਾਂ ਸਭ ਕੁਝ ਇੱਕ ਗ਼ਲਤ-ਫ਼ਹਿਮੀ ਹੈ—ਅਜੇ ਬਰਤਾਨੀਆ ਨੂੰ ਇਸ ਗੱਲ ਦੀ ਸੋਝੀ ਨਹੀਂ ਆਈ ਕਿ ਮਿਸਰ ਵਿੱਚ ਹਿੰਸਕ ਢੰਗ ਤਿਆਗ ਦੇਣਾ ਅਤੇ "ਅਮਨ-ਭਰੀ ਜਮਹੂਰੀਅਤ" ਅਪਣਾਉਣਾ ਸਭ ਤੋਂ ਚੰਗੀ ਗੱਲ ਹੋਵੇਗੀ। (ਤਾਂ ਜੁ ਸਰਮਾਏ ਦੀ ਬਰਾਮਦ a la Kautsky* ਵਧਾਈ ਜਾ ਸਕੇ!)।

> "ਅਜ਼ਾਦ ਵਪਾਰ ਦੇ ਬੁਰਜੂਆ ਹਾਮੀਆਂ ਦਾ ਇਹ ਵਿਚਾਰ ਕੇਵਲ ਇੱਕ ਭਰਮ ਹੈ ਕਿ ਅਜ਼ਾਦ ਵਪਾਰ ਉਹਨਾਂ ਸਭਨਾਂ ਆਰਥਕ ਵਿਰੋਧਾਂ ਦਾ ਅੰਤ ਕਰ ਦੇਵੇਗਾ ਜਿਹੜੇ ਸਰਮਾਏਦਾਰੀ ਨੇ ਪੈਦਾ ਕੀਤੇ ਹਨ। ਨਾ ਹੀ ਅਜ਼ਾਦ ਵਪਾਰ ਅਤੇ ਨਾ ਹੀ ਜਮਹੂਰੀਅਤ ਇਹਨਾਂ ਦਾ ਅੰਤ ਕਰ ਸਕਦੇ ਹਨ। ਸਾਨੂੰ, ਸਭਨਾਂ ਪੱਖਾਂ ਤੋਂ ਅਜਿਹੇ ਢੰਗਾਂ ਨਾਲ਼ ਲੜੇ ਘੋਲ਼ ਰਾਹੀਂ ਇਹਨਾਂ ਵਿਰੋਧਾਂ ਦਾ ਅੰਤ ਹੋਣ

* ਕਾਊਟਸਕੀ ਦੇ ਢੰਗ ਨਾਲ਼- **ਅਨੁ:**

ਵਿੱਚ ਦਿਲਚਸਪੀ ਹੈ ਜਿਸ ਵਿੱਚ ਜਨਤਾ ਨੂੰ ਘੱਟ ਤੋਂ ਘੱਟ ਦੁੱਖ ਹੋਵੇ ਅਤੇ ਘੱਟ ਤੋਂ ਘੱਟ ਕੁਰਬਾਨੀ ਕਰਨੀ ਪਵੇ।" (ਪੰਨਾ 73)।

ਰੱਬ ਸਾਡੀ ਰੱਖਿਆ ਕਰੇ, ਰੱਬ ਦਯਾ ਕਰੇ! ਇੱਕ ਅਸਭਿਅਕ ਮਨੁੱਖ ਕੌਣ ਹੁੰਦਾ ਹੈ? ਲਾਸਾਲ ਇਹ ਸਵਾਲ ਪੁੱਛਿਆ ਕਰਦਾ ਸੀ ਅਤੇ ਇਹਦਾ ਜਵਾਬ ਇੱਕ ਉੱਘੇ ਕਵੀ ਦੇ ਸ਼ਬਦਾਂ ਦੀ ਟੂਕ ਦੇ ਕੇ ਦਿੱਤਾ ਕਰਦਾ ਸੀ, "ਇੱਕ ਅਸਭਿਅਕ ਮਨੁੱਖ ਉਹ ਹੈ ਜਿਸ ਦੇ ਮਨ ਵਿੱਚ ਭੈਅ ਅਤੇ ਇਸ ਆਸ ਤੋਂ ਬਿਨਾਂ ਕੁਝ ਨਹੀਂ ਕਿ ਰੱਬ ਉਹਦੇ ਉੱਤੇ ਦਯਾ ਕਰੇਗਾ।"[17]

ਕਾਊਟਸਕੀ ਨੇ ਮਾਰਕਸਵਾਦ ਨੂੰ ਬੇਮਿਸਾਲ ਕੁਵਰਤੋਂ ਦੀ ਹੱਦ ਤੱਕ ਡੇਗ ਦਿੱਤਾ ਹੈ ਅਤੇ ਸੱਚਮੁੱਚ ਇੱਕ ਪਾਦਰੀ ਬਣ ਗਿਆ ਹੈ। ਉਹ ਪਾਦਰੀ ਦੀ ਹੈਸੀਅਤ ਵਿੱਚ ਸਰਮਾਏਦਾਰਾਂ ਨੂੰ ਅਮਨ-ਭਰੀ ਜਮਹੂਰੀਅਤ ਅਪਣਾਉਣ ਲਈ ਮਨਾਉਣ ਦਾ ਯਤਨ ਕਰਦਾ ਹੈ—ਅਤੇ ਇਹਨੂੰ ਦਵੰਦਵਾਦ ਕਹਿੰਦਾ ਹੈ: ਉਹ ਦਲੀਲ ਦੇਂਦਾ ਹੈ ਜੇ ਪਹਿਲਾਂ ਅਜ਼ਾਦ ਵਪਾਰ ਸੀ, ਫੇਰ ਅਜਾਰੇਦਾਰੀਆਂ ਅਤੇ ਸਾਮਰਾਜ ਆ ਗਿਆ ਤਾਂ ਫੇਰ "ਪੜ-ਸਾਮਰਾਜ" ਅਤੇ ਉਸ ਤੋਂ ਪਿੱਛੋਂ ਦੁਬਾਰਾ ਅਜ਼ਾਦ ਵਪਾਰ ਕਿਉਂ ਨਾ ਹੋਵੇ? ਪਾਦਰੀ ਪਸਿੱਤੀ ਜਨਤਾ ਨੂੰ ਉਹ ਲਾਭ ਚਿਤਰ ਕੇ ਜਿਹੜੇ ਪੜ-ਸਾਮਰਾਜ ਲਿਆਵੇਗਾ **ਤਸੱਲੀ ਦੇਣ ਦਾ ਯਤਨ ਕਰਦਾ ਹੈ** ਭਾਵੇਂ ਉਹਦੇ ਵਿੱਚ ਇਹ ਕਹਿਣ ਦੀ ਹਿੰਮਤ ਨਹੀਂ ਕਿ ਇਹ "ਪ੍ਰਾਪਤ " ਕੀਤਾ ਜਾ ਸਕਦਾ ਹੈ ਜਾਂ ਨਹੀਂ! ਜਦੋਂ ਉਹਨਾਂ ਲੋਕਾਂ ਦੇ ਜਵਾਬ ਵਿੱਚ ਜਿਹੜੇ ਇਸ ਅਧਾਰ ਉੱਤੇ ਧਰਮ ਨੂੰ ਹੱਕੀ ਠਹਿਰਾਉਂਦੇ ਸਨ ਕਿ ਜਨਤਾ ਨੂੰ ਤਸੱਲੀ ਦੇਂਦਾ ਹੈ ਫ਼ਿਰਬਾਖ਼ ਤਸੱਲੀ ਦੇ ਪਿਛਾਂਹ-ਖਿਚੂ ਖ਼ਾਸੇ ਵੱਲ ਸੰਕੇਤ ਕਰਦਾ ਸੀ ਤਾਂ ਉਹ ਠੀਕ ਸੀ: ਜਿਹੜਾ ਕੋਈ ਗ਼ੁਲਾਮ ਨੂੰ ਗ਼ੁਲਾਮੀ ਵਿਰੁੱਧ ਉਭਾਰਨ ਦੀ ਥਾਂ ਉਹਨੂੰ ਤਸੱਲੀ ਦੇਂਦਾ ਹੈ ਉਹ ਗ਼ੁਲਾਮਾਂ ਦੇ ਮਾਲਕ ਦੀ ਹਮਾਇਤ ਕਰ ਰਿਹਾ ਹੈ।

ਆਪਣੀ ਹਕੂਮਤ ਦੀ ਰੱਖਿਆ ਕਰਨ ਲਈ ਸਭਨਾਂ ਜਾਬਰ ਸ਼੍ਰੇਣੀਆਂ ਨੂੰ ਦੋ ਸਮਾਜੀ ਵਿਰਤਾਂ ਦੀ ਲੋੜ ਹੁੰਦੀ ਹੈ: ਜਲਾਦ ਦੇ ਵਿਰਤ ਦੀ ਅਤੇ ਪਾਦਰੀ ਦੇ ਵਿਰਤ ਦੀ! ਜਲਾਦ ਦੀ ਪਸਿੱਤੇ ਲੋਕਾਂ ਦੇ ਰੋਸ ਅਤੇ ਗ਼ੁੱਸੇ ਨੂੰ ਦਬਾਉਣ ਲਈ ਲੋੜ ਹੁੰਦੀ ਹੈ ਅਤੇ ਸ਼੍ਰੇਣੀ ਹਕੂਮਤ ਕਾਇਮ ਰੱਖਦੇ ਹੋਏ, ਪਸਿੱਤੇ ਲੋਕਾਂ ਨੂੰ ਤਸੱਲੀ ਦੇਣ ਲਈ, ਉਹਨਾਂ ਸਾਹਮਣੇ ਉਹਨਾਂ ਦੇ ਦੁੱਖਾਂ ਅਤੇ ਕੁਰਬਾਨੀਆਂ ਦੇ ਘੱਟ ਹੋਣ ਦੀਆਂ ਸੰਭਾਵਨਾਵਾਂ ਚਿਤਰਨ ਲਈ (ਅਜਿਹਾ ਕਰਨਾ ਇਹ ਜ਼ਾਮਨੀ ਦਿੱਤੇ ਬਿਨਾਂ ਕਿ ਇਹ ਸੰਭਾਵਨਾਵਾਂ "ਪ੍ਰਾਪਤ" ਕੀਤੀਆਂ ਜਾ ਸਕਦੀਆਂ ਹਨ, ਅਜਿਹਾ ਕਰਨਾ ਵਿਸ਼ੇਸ਼ ਤੌਰ 'ਤੇ ਸੌਖਾ ਹੈ), ਅਤੇ ਇਉਂ ਉਹਨਾਂ ਨੂੰ ਸ਼੍ਰੇਣੀ ਹਕੂਮਤ ਤੇ ਰਜ਼ਾਮੰਦ ਕਰਨ ਲਈ, ਉਹਨਾਂ ਨੂੰ ਇਨਕਲਾਬੀ ਅਮਲ ਤੋਂ ਦੂਰ ਕਰਨ ਲਈ, ਉਹਨਾਂ ਦੀ ਇਨਕਲਾਬੀ ਭਾਵਨਾ ਦੇ ਜੜ੍ਹੀ ਤੇਲ ਦੇਣ ਲਈ ਅਤੇ ਉਹਨਾਂ ਦੇ ਇਨਕਲਾਬੀ ਨਿਸ਼ਚੇ ਨੂੰ ਖ਼ਤਮ ਕਰਨ ਲਈ ਪਾਦਰੀ ਦੀ ਲੋੜ ਹੁੰਦੀ ਹੈ। ਕਾਊਟਸਕੀ ਨੇ ਮਾਰਕਸਵਾਦ ਨੂੰ ਅਤਿ-ਅੰਤ ਘਿਨਾਉਣੇ ਅਤੇ ਮੂਰਖ਼ ਉਲਟ-ਇਨਕਲਾਬੀ ਸਿਧਾਂਤ ਵਿੱਚ ਤਬਦੀਲ ਕਰ ਦਿੱਤਾ ਹੈ, ਅਤਿ-ਅੰਤ ਨੀਵੀਂ ਕਿਸਮ ਦੇ ਪਾਦਰੀਵਾਦ ਵਿੱਚ ਤਬਦੀਲ ਕਰ ਦਿੱਤਾ ਹੈ।

1909 ਵਿੱਚ ਉਹਨੇ ਆਪਣੇ ਪੈਂਫਲਟ "ਸੱਤਾ ਦਾ ਰਾਹ" ਵਿੱਚ ਸਰਮਾਏਦਾਰੀ

ਅੰਦਰ ਵੱਧ ਰਹੇ ਵਿਰੋਧਾਂ, ਯੁੱਧਾਂ ਅਤੇ ਇਨਕਲਾਬਾਂ ਦੇ ਇੱਕ ਯੁੱਗ ਦੀ ਆਉਂਦ, ਇਕ ਨਵੇਂ "ਇਨਕਲਾਬੀ ਯੁੱਗ" ਦੀ ਆਉਂਦ ਦੇ ਰੱਦ ਨਾ ਕੀਤੇ ਗਏ ਅਤੇ ਰੱਦ ਨਾ ਕੀਤੇ ਜਾ ਸਕਣ ਵਾਲ਼ੇ ਤੱਥ ਨੂੰ ਮੰਨਿਆ। ਉਹਨੇ ਕਿਹਾ ਕਿ ਕੋਈ "ਸਮੇਂ ਤੋਂ ਪਹਿਲਾਂ" ਇਨਕਲਾਬ ਨਹੀਂ ਹੋ ਸਕਦੇ ਅਤੇ ਬਗ਼ਾਵਤ ਵਿੱਚ ਜਿੱਤ ਦੀ ਸੰਭਾਵਨਾ ਮੁੱਖ ਨਾ ਰੱਖਣ ਨੂੰ "ਸਾਡੇ ਰਾਜ਼ ਨਾਲ਼ ਸਿੱਧੀ ਗ਼ੱਦਾਰੀ" ਕਿਹਾ, ਭਾਵੇਂ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਹਾਰ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਯੁੱਧ ਸ਼ੁਰੂ ਹੋਣ ਨਾਲ਼ ਵਿਰੋਧ **ਹੋਰ ਵਧੇਰੇ** ਕੌੜੇ ਹੋ ਗਏ ਹਨ। ਜਨਤਾ ਦੇ ਦੁੱਖਾਂ ਨੇ ਧੜਵੈਲ ਅਕਾਰ ਧਾਰ ਲਿਆ ਹੈ। ਯੁੱਧ ਦਾ ਅੰਤ ਦਿਸ ਨਹੀਂ ਰਿਹਾ ਅਤੇ ਲੜਾਈ ਸਦਾ ਵਧੇਰੇ ਫੈਲਦੀ ਜਾ ਰਹੀ ਹੈ। ਕਾਊਟਸਕੀ ਇੱਕ ਤੋਂ ਪਿੱਛੋਂ ਦੂਜਾ ਪੈਂਫਲਟ ਲਿਖਦੇ ਹੋਏ ਬੜੇ ਮਸਕੀਨ ਢੰਗ ਨਾਲ਼ ਸੈਂਸਰਸ਼ਿਪ ਦੇ ਹੁਕਮ ਮੰਨੀ ਜਾ ਰਿਹਾ ਹੈ ਅਤੇ ਭੌਂ ਹੜੱਪਣ ਸਬੰਧੀ, ਯੁੱਧ ਦੀ ਭਿਆਨਕਤਾ ਸਬੰਧੀ, ਯੁੱਧ ਦੇ ਸਮਾਨ ਦੇ ਠੇਕੇਦਾਰਾਂ ਦੇ ਨਿੰਦਕੀ ਨਫ਼ਿਆਂ ਸਬੰਧੀ, ਅਤਿ ਦੀ ਮਹਿੰਗਾਈ ਸਬੰਧੀ ਅਤੇ ਗੋਲ਼ੀ-ਸਿੱਕਾ ਬਣਾਉਣ ਦੀ ਸਨਅਤ ਲਈ ਲਾਮਬੰਦ ਕੀਤੇ ਮਜ਼ਦੂਰਾਂ ਦੀ ਸੱਚਮੁੱਚ ਗ਼ਲਾਮੀ ਸਬੰਧੀ ਤੱਥਾਂ ਨੂੰ ਅੱਖੋ ਉਹਲੇ ਕਰੀ ਜਾਂਦਾ ਹੈ: ਇਹਦੀ ਥਾਂ ਉਹ ਪ੍ਰੋਲੇਤਾਰੀ ਨੂੰ ਤਸੱਲੀ ਦਈ ਜਾ ਰਿਹਾ ਹੈ। ਉਹ ਅਜਿਹੇ ਯੁੱਧਾਂ ਦੀਆਂ ਮਿਸਾਲਾਂ ਦੇ ਕੇ ਜਿਨ੍ਹਾਂ ਵਿੱਚ ਬੁਰਜੂਆਜ਼ੀ ਇਨਕਲਾਬੀ ਅਤੇ ਅਗੇ-ਵਧੂ ਸੀ, ਜਿਨ੍ਹਾਂ ਸਬੰਧੀ "ਖੁਦ ਮਾਰਕਸ" ਇੱਕ ਜਾਂ ਦੂਜੀ ਬੁਰਜੂਆਜ਼ੀ ਦੀ ਜਿੱਤ ਦਾ ਇੱਛਕ ਸੀ ਅਜਿਹਾ ਕਰਦਾ ਹੈ: ਉਹ ਇਹ ਸਾਬਤ ਕਰਨ ਲਈ ਕਿ ਸਰਮਾਏਦਾਰੀ ਬਸਤੀਆਂ ਤੋਂ ਬਿਨਾਂ, ਹੋਰਨਾਂ ਨੂੰ ਲੁੱਟੇ ਬਿਨਾਂ "ਸੰਭਵ" ਹੈ, ਅਤੇ ਇਹ ਸਾਬਤ ਕਰਨ ਲਈ ਕਿ "ਅਮਨ ਭਰੀ ਜਮਹੂਰੀਅਤ" ਚੰਗੇਰੀ ਗੱਲ ਹੈ, ਅੰਕੜਿਆਂ ਦੀਆਂ ਪੂਰੀਆਂ ਸਤਰਾਂ ਅਤੇ ਕਾਲਮ ਦੇ ਕੇ, ਉਹਨਾਂ ਨੂੰ ਤਸੱਲੀ ਦੇਂਦਾ ਹੈ। ਇਸ ਗੱਲੋਂ ਇਨਕਾਰ ਕਰਨ ਦੀ ਹਿੰਮਤ ਨਾ ਕਰਦੇ ਹੋਏ ਕਿ ਜਨਤਾ ਦੇ ਦੁੱਖ ਵਧੇਰੇ ਤਿੱਖੇ ਹੋ ਗਏ ਹਨ ਅਤੇ ਸਾਡੀਆਂ ਅੱਖਾਂ ਸਾਹਮਣੇ ਇਨਕਲਾਬੀ ਪ੍ਰਸਥਿਤੀ ਪੈਦਾ ਹੋ ਰਹੀ ਹੈ (ਬੰਦੇ ਨੂੰ ਇਸ ਸਬੰਧੀ ਗੱਲ ਨਹੀਂ ਕਰਨੀ ਚਾਹੀਦਾ ਕਿਉਂਕਿ ਸੈਂਸਰ ਇਹਦੀ ਆਗਿਆ ਨਹੀਂ ਦੇਂਦਾ!) ਬੁਰਜੂਆਜ਼ੀ ਅਤੇ ਮੌਕਾ-ਪ੍ਰਸਤਾਂ ਦੀ ਅਧੀਨਗੀ ਵਿੱਚ ਕਾਊਟਸਕੀ ਨਵੇਂ ਦੌਰ ਵਿੱਚ ਘੋਲ਼ ਦੇ ਅਜਿਹੇ ਰੂਪਾਂ ਦੀਆਂ ਸੰਭਾਵਨਾਵਾਂ ਦੱਸਦਾ ਹੈ ਜਿਨ੍ਹਾਂ ਵਿੱਚ "ਘੱਟ ਕੁਰਬਾਨੀਆਂ ਕਰਨੀਆਂ" ਪੈਣਗੀਆਂ ਅਤੇ "ਘੱਟ ਦੁੱਖ ਸਹਾਰਨੇ" ਪੈਣਗੇ (ਪਰ ਉਹ ਇਸ ਗੱਲ ਦੀ **ਜ਼ਾਮਨੀ ਨਹੀਂ ਦੇਂਦਾ** ਕਿ ਇਹ ਗੱਲ "ਪ੍ਰਾਪਤ" ਕੀਤੀ ਜਾ ਸਕਦੀ ਹੈ...। ਜਦੋਂ ਫ਼ਰਾਂਜ ਮੇਹਰਿੰਗ ਅਤੇ ਰੋਜ਼ਾ ਲੁਕਸਮਬਰਗ ਨੇ ਐਨ ਇਸ ਕਾਰਨ ਹੀ ਕਾਊਟਸਕੀ ਨੂੰ ਗਸ਼ਤੀ ਰੰਨ (M‰dchen f‚r alle) ਕਿਹਾ ਸੀ ਤਾਂ ਉੱਕਾ ਹੀ ਠੀਕ ਸਨ।

* * * * *

ਅਗਸਤ 1905 ਵਿੱਚ ਰੂਸ ਵਿੱਚ ਇੱਕ ਇਨਕਲਾਬੀ ਪ੍ਰਸਥਿਤੀ ਸੀ। ਜਨਤਾ ਨੂੰ, ਜੋ ਬੇਚੈਨੀ ਦੀ ਹਾਲਤ ਵਿੱਚ ਸੀ, ਤਸੱਲੀ ਦੇਣ ਲਈ ਜ਼ਾਰ ਨੇ ਬੁਲੀਗਿਨ ਦੂਮਾ ਸੱਦਣ

ਦਾ ਇਕਰਾਰ ਕੀਤਾ ਸੀ।[18] ਜੇ ਪੋਤਦਾਰਾਂ ਵਲੋਂ ਹਥਿਆਰਾਂ ਦੇ ਤਿਆਗ ਅਤੇ ਉਹਨਾਂ ਦੇ "ਸਥਿਰ ਅਮਨ" ਲਈ ਰਜ਼ਾਮੰਦ ਹੋ ਜਾਣ ਨੂੰ "ਪੜ-ਸਾਮਰਾਜ" ਕਿਹਾ ਜਾ ਸਕਦਾ ਹੈ ਤਾਂ ਬੁਲੀਗਿਨ ਦੇ ਸਲਾਹਕਾਰ ਦੂਮਾ ਵਾਲ਼ੇ ਰਾਜ-ਪ੍ਰਬੰਧ ਨੂੰ "ਪੜ-ਨਿਰੰਕੁਸ਼ ਰਾਜ" ਕਿਹਾ ਜਾ ਸਕਦਾ ਹੈ। ਅਸੀਂ ਇੱਕ ਛਿਣ ਲਈ ਇਹ ਫ਼ਰਜ਼ ਕਰ ਲੈਂਦੇ ਹਾਂ ਕਿ ਭਲਕੇ ਸੰਸਾਰ ਦੇ ਸੌ ਸਭ ਤੋਂ ਵੱਡੇ ਪੋਤਦਾਰ, ਜਿਨ੍ਹਾਂ ਦੀ ਸੈਂਕੜੇ ਧੜਵੈਲ ਕਾਰੋਬਾਰਾਂ ਰਾਹੀਂ ਆਪੋ ਵਿੱਚ "ਤਾਣੀ ਰਲਦੀ" ਹੈ, ਕੌਮਾਂ ਨੂੰ ਇਹ **ਇਕਰਾਰ ਦੇਂਦੇ ਹਨ** ਕਿ ਯੁੱਧ ਤੋਂ ਪਿਛੋਂ ਉਹ ਨਿਸ਼ਸਤ੍ਰੀਕਰਨ ਦੀ ਹਮਾਇਤ ਕਰਨਗੇ (ਅਸੀਂ ਇਹ ਗੱਲ ਇੱਕ ਛਿਣ ਲਈ ਕੇਵਲ ਕਾਊਟਸਕੀ ਦੇ ਮੂਰਖ ਨਿੱਕੇ ਜਿਹੇ ਸਿਧਾਂਤ ਤੋਂ ਰਾਜਸੀ ਸਿੱਟੇ ਕੱਢਣ ਲਈ ਫ਼ਰਜ਼ ਕਰ ਰਹੇ ਹਾਂ)। ਜੇ ਅਜਿਹਾ ਹੋ ਵੀ ਜਾਵੇ ਤਾਂ ਵੀ ਪ੍ਰੋਲੇਤਾਰੀ ਨੂੰ ਇਨਕਲਾਬੀ ਅਮਲ ਕਰਨੋਂ ਰੋਕਣਾ ਖ਼ਾਲਸ ਧੋਖਾ ਹੋਵੇਗਾ ਕਿਉਂਕਿ ਅਜਿਹੇ ਅਮਲ ਤੋਂ ਬਿਨਾਂ ਸਭੇ ਇਕਰਾਰ ਅਤੇ ਸ਼ਾਨਦਾਰ ਸੰਭਾਵਨਾਵਾਂ ਮ੍ਰਿਗ-ਤ੍ਰਿਸ਼ਨਾ ਹਨ।

ਯੁੱਧ ਨੇ ਨਾ ਕੇਵਲ ਸਰਮਾਏਦਾਰ ਸ਼੍ਰੇਣੀ ਨੂੰ ਅਤਿ-ਅੰਤ ਵੱਡੇ ਨਫ਼ੇ ਅਤੇ ਨਵੀਂ ਲੁੱਟ ਦੀਆਂ ਸੰਭਾਵਨਾਵਾਂ (ਤੁਰਕੀ, ਚੀਨ, ਆਦਿ) ਦਿੱਤੀਆਂ ਹਨ ਸਗੋਂ ਅਰਬਾਂ ਦੇ ਨਵੇਂ ਠੇਕੇ ਅਤੇ ਸੂਦ ਦੀਆਂ ਵਧੀਆਂ ਦਰਾਂ ਉੱਤੇ ਨਵੇਂ ਕਰਜ਼ੇ ਵੀ ਦਿੱਤੇ ਹਨ: ਇਹਨੇ ਸਰਮਾਏਦਾਰ ਸ਼੍ਰੇਣੀ ਨੂੰ ਨਵੇਂ ਰਾਜਸੀ ਲਾਭ ਵੀ ਦਿੱਤੇ ਹਨ ਕਿਉਂਕਿ ਇਹਨੇ ਕਿਰਤੀ ਸ਼੍ਰੇਣੀ ਵਿੱਚ ਫ਼ੁੱਟ ਪਾਈ ਹੈ ਅਤੇ ਇਹਨੂੰ ਭ੍ਰਿਸ਼ਟ ਕਰ ਦਿੱਤਾ ਹੈ। ਕਾਊਟਸਕੀ ਇਹ ਭ੍ਰਿਸ਼ਟਤਾ ਦਾ ਹੌਸਲਾ ਵਧਾ ਰਿਹਾ ਹੈ; ਉਹ ਉਹਨਾਂ ਦੀਆਂ "ਆਪਣੀਆਂ" ਕੌਮਾਂ ਦੇ ਮੌਕਾਂ-ਪ੍ਰਸਤਾਂ ਨਾਲ਼, ਜ਼ੂਦੇਕੁਮਾਂ ਨਾਲ਼ **ਏਕਤਾ ਦੇ ਨਾਂ ਉੱਤੇ** ਲੜਾਕੂ ਪ੍ਰੋਲੇਤਾਰੀ ਵਿੱਚ ਕੌਮਾਂਤਰੀ **ਫੁੱਟ** ਨੂੰ ਪਵਿੱਤਰ ਬਣਾਉਂਦਾ ਹੈ। ਅਤੇ ਅਜੇ ਵੀ ਅਜਿਹੇ ਲੋਕ ਹਨ ਜਿਹੜੇ ਇਹ ਨਹੀਂ ਸਮਝਦੇ ਕਿ ਪੁਰਾਣੀਆਂ ਪਾਰਟੀਆਂ ਦੇ ਏਕਤਾ ਦੇ ਨਾਹਰੇ ਦੇ ਅਰਥ ਹਨ ਕਿਸੇ ਇੱਕ ਦੇਸ਼ ਦੇ ਪ੍ਰੋਲੇਤਾਰੀ ਦੀ ਉਸ ਦੇਸ਼ ਦੀ ਬੁਰਜੂਆਜ਼ੀ ਨਾਲ਼ "ਏਕਤਾ" ਅਤੇ ਵੱਖ ਵੱਖ ਕੌਮਾਂ ਦੇ ਪ੍ਰੋਲੇਤਾਰੀ ਵਿੱਚ **ਫੁੱਟ**...।

## VI

ਉਪਰੋਕਤ ਸਤਰਾਂ ਲਿਖੀਆਂ ਜਾ ਚੁੱਕੀਆਂ ਸਨ ਜਦੋਂ 28 ਮਈ ਦਾ ' Neue Zeit[a] (ਨੰ. 1) ਆਇਆ , ਜਿਸ ਵਿੱਚ "ਸੋਸ਼ਲ-ਡੈਮੋਕਰੈਸੀ ਦਾ ਨਿਘਾਰ" ਸਬੰਧੀ ਕਾਊਟਸਕੀ ਦੀਆਂ ਅੰਤਮ ਦਲੀਲਾਂ ਹਨ (ਕੁਨੋਵ ਨੂੰ ਉਹਦੇ ਜਵਾਬ ਦਾ ਸੱਤਵਾਂ ਹਿੱਸਾ)। ਕਾਊਟਸਕੀ ਸਮਾਜੀ-ਅੰਧਰਾਸ਼ਟਰਵਾਦ ਦੇ ਹੱਕ ਵਿੱਚ ਆਪਣੇ ਸਾਰੇ ਪੁਰਾਣੇ ਭੁਲਾਂਦਰਾਵਾਦਾਂ ਦਾ ਅਤੇ ਇੱਕ ਨਵੇਂ ਦਾ ਸਾਰ ਇਉਂ ਪੇਸ਼ ਕਰਦਾ ਹੈ:

> "ਇਹ ਗੱਲ ਬਿਲਕੁਲ ਗ਼ਲਤ ਹੈ ਕਿ ਇਹ ਯੁੱਧ ਖ਼ਾਲਸ ਸਾਮਰਾਜੀ ਯੁੱਧ ਹੈ, ਕਿ ਯੁੱਧ ਦੇ ਅਰੰਭ ਤੋਂ ਐਨ ਪਹਿਲਾਂ ਚੋਣ ਇਹੋ ਸੀ ਸਾਮਰਾਜ ਜਾਂ ਸੋਸ਼ਲਿਜ਼ਮ, ਕਿ ਜਰਮਨੀ, ਫ਼ਰਾਂਸ ਅਤੇ, ਕਈ ਪੱਖਾਂ ਤੋਂ, ਬਰਤਾਨੀਆ ਦੀਆਂ ਵੀ, ਸੋਸ਼ਲਿਸਟ ਪਾਰਟੀਆਂ ਅਤੇ ਪ੍ਰੋਲੇਤਾਰੀ ਜਨਤਾ ਨੇ ਬਿਨਾਂ ਸੋਚੇ, ਅਤੇ ਪਾਰਲੀਮੈਂਟ ਦੇ ਕੁਝ ਮੈਂਬਰਾਂ ਦੇ ਸੱਦੇ ਉੱਤੇ, ਆਪਣੇ ਆਪ ਨੂੰ ਸਾਮਰਾਜ ਦੀਆਂ

ਬਾਹਾਂ ਵਿੱਚ ਸੁੱਟ ਦਿੱਤਾ, ਸੋਸ਼ਲਿਜ਼ਮ ਨਾਲ਼ ਗ਼ੱਦਾਰੀ ਕੀਤੀ ਅਤੇ ਇੱਕ ਇਹੋ ਜਿਹਾ ਨਿਘਾਰ ਲਿਆਂਦਾ, ਜਿਸਦੀ ਇਤਿਹਾਸ ਵਿੱਚ ਮਿਸਾਲ ਨਹੀਂ ਮਿਲਦੀ।"

ਇੱਕ ਨਵਾਂ ਭੁਲਾਂਦਰਾਵਾਦ ਅਤੇ ਕਿਰਤੀਆਂ ਨਾਲ਼ ਇੱਕ ਨਵਾਂ ਛਲ: ਜੇ ਤੁਹਾਡੀ ਇਹੋ ਇੱਛਾ ਹੈ ਤਾਂ ਇਹ ਯੁੱਧ "ਖਾਲਸ" ਸਾਮਰਾਜੀ ਯੁੱਧ ਨਹੀਂ!

ਕਾਊਟਸਕੀ ਵਰਤਮਾਨ ਯੁੱਧ ਦੇ ਖ਼ਾਸੇ ਅਤੇ ਮਹੱਤਤਾ ਸਬੰਧੀ ਹੈਰਾਨ ਕਰਨ ਵਾਲ਼ੀ ਹੱਦ ਤੱਕ ਦੁਚਿੱਤੀ ਵਿੱਚ ਹੈ; ਪਾਰਟੀ ਦਾ ਇਹ ਲੀਡਰ ਬਾਸਲ ਅਤੇ ਹੇਮਨਿਟਜ਼ ਦੀਆਂ ਕਾਂਗਰਸਾਂ ਦੇ ਠੀਕ ਅਤੇ ਰਸਮੀ ਐਲਾਨਾਂ ਤੋਂ ਐਨ ਉਸੇ ਤਰ੍ਹਾਂ ਧਿਆਨ ਨਾਲ਼ ਦੂਰ ਰਹਿੰਦਾ ਹੈ ਜਿਵੇਂ ਕੋਈ ਚੋਰ ਉਸ ਥਾਂ ਤੋਂ ਦੂਰ ਰਹਿੰਦਾ ਹੈ ਜਿਥੇ ਉਹਨੇ ਹੁਣੇ ਹੁਣੇ ਚੋਰੀ ਕੀਤੀ ਹੋਵੇ। ਫ਼ਰਵਰੀ 1915 ਵਿੱਚ ਲਿਖੇ ਆਪਣੇ ਪੈਂਫ਼ਲਟ "ਕੌਮੀ ਰਿਆਸਤ, ਆਦਿ", ਵਿੱਚ ਕਾਊਟਸਕੀ ਇਸ ਗੱਪ ਉੱਤੇ ਜ਼ੋਰ ਦਿੰਦਾ ਹੈ ਕਿ "ਅਜੇ ਵੀ ਅਤੇ ਅੰਤਮ ਵਿਸ਼ਲੇਸ਼ਣ ਵਿੱਚ ਯੁੱਧ ਇੱਕ "ਸਾਮਰਾਜੀ ਯੁੱਧ" ਹੈ (ਪੰਨਾ 64)। ਹੁਣ ਇੱਕ ਨਵੀਂ ਸ਼ਰਤ ਲਾ ਦਿੱਤੀ ਗਈ ਹੈ: ਇਹ **ਖ਼ਾਲਸ** ਸਾਮਰਾਜੀ ਯੁੱਧ ਨਹੀਂ। ਇਹ ਹੋਰ ਕੀ ਹੋ ਸਕਦਾ ਹੈ?

ਜਾਪਦਾ ਹੈ ਇਹ ਕੌਮੀ ਯੁੱਧ ਵੀ ਹੈ! ਕਾਊਟਸਕੀ ਹੇਠ ਲਿਖੇ "ਪਲੈਖ਼ਾਨੋਵ-ਵਾਦੀ" ਨਕਲੀ-ਦਵੰਦਵਾਦ 'ਤੇ ਚੱਲ ਕੇ ਇਹ ਘੋਰ ਸਿੱਟਾ ਕੱਢਦਾ ਹੈ:

> "ਵਰਤਮਾਨ ਯੁੱਧ ਕੇਵਲ ਸਾਮਰਾਜ ਦਾ ਹੀ ਨਹੀਂ ਸਗੋਂ ਰੂਸੀ ਇਨਕਲਾਬ ਦਾ ਵੀ ਬੱਚਾ ਹੈ।" 1904 ਵਿੱਚ ਹੀ ਉਹਨੇ, ਕਾਊਟਸਕੀ ਨੇ, ਅਗਾਊਂ ਵੇਖ ਲਿਆ ਕਿ ਰੂਸੀ ਇਨਕਲਾਬ ਸਰਬ-ਸਲਾਵਵਾਦ[19] ਨੂੰ ਨਵੇਂ ਰੂਪ ਵਿੱਚ ਸੁਰਜੀਤ ਕਰੇਗਾ, ਕਿ "ਜਮਹੂਰੀ ਰੂਸ ਲਾਜ਼ਮੀ ਤੌਰ 'ਤੇ ਆਸਟਰਵੀ ਅਤੇ ਤੁਰਕ ਸਲਾਵਾਂ ਦੀ ਕੌਮੀ ਸੁੰਤਤਰਤਾ ਦੀ ਇੱਛਾ ਨੂੰ ਬਹੁਤ ਤੀਬਰ ਕਰ ਦੇਵੇਗਾ... ਫੇਰ ਪੋਲੈਂਡ ਦਾ ਮਸਲਾ ਬਹੁਤ ਤਿੱਖਾ ਹੋ ਜਾਵੇਗਾ... ਆਸਟਰੀਆ ਟੁੱਟ ਜਾਵੇਗਾ ਕਿਉਂਕਿ ਜ਼ਾਰਸ਼ਾਹੀ ਦੇ ਅੰਤ ਨਾਲ਼ ਉਹ ਲੋਹ-ਪਤਰੀ ਟੁੱਟ ਜਾਵੇਗੀ ਜਿਹੜੀ ਕੇਂਦਰ-ਪਸਾਰ ਅੰਸ਼ਾਂ ਨੂੰ ਇਸ ਸਮੇਂ ਬੰਨ੍ਹ ਕੇ ਰੱਖਦੀ ਹੈ" (ਕਾਊਟਸਕੀ ਖ਼ੁਦ ਆਪਣੇ 1904 ਦੇ ਲੇਖ ਵਿੱਚ ਅਖ਼ੀਰੀ ਵਾਕੰਸ਼ ਦੀ ਟੂਕ ਦੇਂਦਾ ਹੈ)। "ਰੂਸੀ ਇਨਕਲਾਬ ਨੇ... ਪੂਰਬ ਦੀਆਂ ਕੌਮੀ ਆਸ਼ਾਵਾਂ ਨੂੰ ਬਹੁਤ ਉਤਸ਼ਾਹ ਦਿੱਤਾ ਅਤੇ ਏਸ਼ੀਆ ਦੇ ਮਸਲੇ ਯੂਰਪ ਦੇ ਮਸਲਿਆਂ ਨਾਲ਼ ਜੋੜ ਦਿੱਤੇ। **ਇਹ ਸਭ ਮਸਲੇ ਵਰਤਮਾਨ** ਯੁੱਧ ਵਿੱਚ ਬਹੁਤ ਜ਼ੋਰ ਨਾਲ਼ ਉੱਭਰ ਰਹੇ ਹਨ, **ਪ੍ਰੋਲੇਤਾਰੀ** ਜਨਤਾ ਸਮੇਤ **ਆਮ ਜਨਤਾ** ਦੇ ਰੌਂ ਲਈ ਅਤਿ-ਅੰਤ ਨਿਰਣਾਇਕ ਮਹੱਤਤਾ ਪ੍ਰਾਪਤ ਕਰਦੇ ਜਾ ਰਹੇ ਹਨ, ਪਰ ਹਾਕਮ ਸ਼੍ਰੇਣੀਆਂ ਵਿੱਚ ਸਾਮਰਾਜੀ ਮੁਹਾਣ ਭਾਰੂ ਹਨ" (ਪੰਨਾ 273, ਸ਼ਬਦਾਂ ਉੱਤੇ ਜ਼ੋਰ ਅਸਾਂ ਦਿੱਤਾ ਹੈ)।

ਇਹ ਮਾਰਕਸਵਾਦ ਦੀ ਕੁਵਰਤੋਂ ਦੀ ਇੱਕ ਹੋਰ ਮਿਸਾਲ ਹੈ। **ਕਿਉਂਕਿ** ਇੱਕ "ਜਮਹੂਰੀ ਰੂਸ" ਪੂਰਬੀ ਯੂਰਪ ਦੀਆਂ ਕੌਮਾਂ ਵਿੱਚ ਅਜ਼ਾਦੀ ਵੱਲ ਯਤਨਾਂ ਨੂੰ ਉਤਸ਼ਾਹ ਦੇਵੇਗਾ (ਇਹ ਗੱਲ ਅਵਿਵਾਦੀ ਹੈ), **ਇਸ ਲਈ** ਵਰਤਮਾਨ ਯੁੱਧ, ਜਿਹੜਾ ਇੱਕ ਵੀ ਕੌਮ

ਨੂੰ ਅਜ਼ਾਦ ਨਹੀਂ ਕਰੇਗਾ ਸਗੋਂ ਅਨੇਕਾਂ ਕੌਮਾਂ ਨੂੰ ਗ਼ੁਲਾਮ ਬਣਾਏਗਾ ਇੱਕ "ਖ਼ਾਲਸ" ਸਾਮਰਾਜੀ ਯੁੱਧ ਨਹੀਂ। **ਕਿਉਂਕਿ** "ਜ਼ਾਰਸ਼ਾਹੀ ਦੇ ਅੰਤ" ਦਾ ਨਤੀਜਾ ਉਹਦੇ ਗ਼ੈਰ-ਜਮਹੂਰੀ ਕੌਮੀ ਖ਼ਾਸੇ ਕਾਰਨ ਆਸਟਰੀਆ ਦਾ ਖੇਰੂੰ-ਖੇਰੂੰ ਹੋਣਾ ਹੋਵਗਾ, **ਇਸ ਲਈ** ਇੱਕ ਅਸਥਾਈ ਤੌਰ 'ਤੇ ਮਜ਼ਬੂਤ ਹੋਈ ਜ਼ਾਰਸ਼ਾਹੀ ਨੇ, ਜੋ ਆਸਟਰੀਆ ਵਿੱਚ ਵਸਦੀਆਂ ਕੌਮਾਂ ਉੱਤੇ **ਹੋਰ ਵਧੇਰੇ** ਜ਼ਬਰ ਲਿਆ ਰਹੀ ਹੈ। "ਵਰਤਮਾਨ ਯੁੱਧ" ਨੂੰ ਖ਼ਾਲਸ ਸਾਮਰਾਜੀ ਨਹੀਂ ਸਗੋਂ ਕੁਝ ਹੱਦ ਤੱਕ ਕੌਮੀ ਖ਼ਾਸਾ ਦੇ ਦਿੱਤਾ ਹੈ। **ਕਿਉਂਕਿ** "ਹਾਕਮ ਸ਼੍ਰੇਣੀਆਂ" ਮੂਰਖ ਨਿੱਕੀ ਬੁਰਜੂਆਜ਼ੀ ਅਤੇ ਦਬਾਈ ਕਿਸਾਨੀ ਨੂੰ ਸਾਮਰਾਜੀ ਯੁੱਧ ਦੇ ਕੌਮੀ ਮੰਤਵਾਂ ਸਬੰਧੀ ਕਹਾਣੀਆਂ ਨਾਲ਼ ਧੋਖਾ ਦੇ ਰਹੀਆਂ ਹਨ **ਇਸ ਲਈ** "ਮਾਰਕਸਵਾਦ" ਦੇ ਇੱਕ ਪ੍ਰਮਾਣਿਕ ਲੇਖਕ, ਅਤੇ ਦੂਜੀ ਇੰਟਰਨੈਸ਼ਨਲ ਦੇ ਪ੍ਰਤਿਨਿਧ ਨੂੰ ਇਹ ਹੱਕ ਹੈ ਕਿ ਉਹ ਇੱਕ "ਗੁਰ" ਰਾਹੀਂ, ਜਿਹੜਾ ਇਹ ਦਾਅਵਾ ਕਰਦਾ ਹੈ ਕਿ ਹਾਕਮ ਸ਼੍ਰੇਣੀਆਂ ਸਾਮਰਾਜੀ ਮੁਹਾਣ ਪ੍ਰਗਟ ਕਰਦੀਆਂ ਹਨ ਜਿਥੇ ਕਿ "ਜਨਤਾ" ਅਤੇ ਪ੍ਰੋਲੇਤਾਰੀ ਜਨਤਾ "ਕੌਮੀ ਆਸ਼ਾਵਾਂ" ਪ੍ਰਗਟ ਕਰਦੇ ਹਨ, ਜਨਤਾ ਨੂੰ ਇਸ ਧੋਖੇ ਲਈ ਮਨਾ ਲਵੇ।

ਦਵੰਦਵਾਦ ਨੂੰ ਅਤਿ-ਅੰਤ ਕਮੀਨੇ ਅਤੇ ਅਤਿ-ਅੰਤ ਨੀਚ ਭੁਲਾਂਦਰਾਵਾਦ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ!

ਵਰਤਮਾਨ ਯੁੱਧ ਵਿੱਚ **ਕੇਵਲ** ਆਸਟਰੀਆ ਵਿਰੁੱਧ ਸਰਬੀਆ ਦਾ ਯੁੱਧ ਹੀ ਕੌਮੀ ਅੰਸ਼ ਹੈ (ਇੱਥੇ ਇਹ ਦੱਸ ਦੇਈਏ ਕਿ ਸਾਡੀ ਪਾਰਟੀ ਦੀ ਬਰਨ ਕਾਨਫ਼ਰੰਸ ਦੇ ਪ੍ਰਸਤਾਵ ਵਿੱਚ ਇਹ ਗੱਲ ਕਹੀ ਗਈ ਹੈ)[20]। ਕੇਵਲ ਸਰਬੀਆ ਵਿੱਚ ਅਤੇ ਕੇਵਲ ਸਰਬਾਂ ਵਿੱਚ ਹੀ ਅਸੀਂ ਲੰਮੇ ਸਮੇਂ ਤੋਂ ਚਲੀ ਆ ਰਹੀ ਕੌਮੀ ਅਜ਼ਾਦੀ ਦੀ ਲਹਿਰ ਵੇਖਦੇ ਹਾਂ, ਜਿਸ ਵਿੱਚ ਭੁਲੇਖਾ ਲੋਕ, "ਜਨਤਾ ਦੇ ਵੱਡੇ ਹਿੱਸੇ" ਸ਼ਾਮਲ ਹਨ, ਇੱਕ ਅਜ਼ਾਦੀ ਲਹਿਰ, ਸਰਬੀਆ ਦਾ ਆਸਟਰੀਆ ਵਿਰੁੱਧ ਵਰਤਮਾਨ ਯੁੱਧ ਜਿਸਨੂੰ "ਜਾਰੀ ਰੱਖਣਾ" ਹੀ ਹੈ। ਜੇ ਇਹ ਯੁੱਧ ਨਿਖੜਵਾਂ ਹੁੰਦਾ, ਅਰਥਾਤ, ਜੇ ਇਹਦਾ ਸਬੰਧ ਆਮ ਯੂਰਪੀ ਯੁੱਧ ਨਾਲ਼, ਬਰਤਾਨੀਆ, ਰੂਸ, ਆਦਿ ਦੇ ਖ਼ੁਦਗਰਜ਼ ਅਤੇ ਲੋਟੂ ਮੰਤਵਾਂ ਨਾਲ਼ ਨਾ ਹੁੰਦਾ, ਤਾਂ ਇਹ ਸਭਨਾਂ ਸੋਸ਼ਲਿਸਟਾਂ ਦਾ **ਫ਼ਰਜ਼ ਹੁੰਦਾ** ਕਿ ਉਹ ਸਰਬੀਆ ਦੀ **ਬੁਰਜੂਆਜ਼ੀ** ਦੀ ਜਿੱਤ ਦੀ ਇੱਛਾ ਕਰਨ—ਵਰਤਮਾਨ ਯੁੱਧ ਵਿੱਚ ਕੌਮੀ ਅੰਸ਼ ਤੋਂ ਨਿਕਲਣ ਵਾਲ਼ਾ ਇਹ ਇੱਕੋ ਇੱਕ ਠੀਕ ਅਤੇ ਉੱਕਾ ਹੀ ਅਟੱਲ ਸਿੱਟਾ ਹੈ। ਪਰ ਇਹੋ ਹੀ ਉਹ ਸਿੱਟਾ ਹੈ ਜਿਹੜਾ ਭੁਲਾਂਦਰਾਵਾਦੀ ਕਾਊਟਸਕੀ, ਜੋ ਇਸ ਸਮੇਂ ਆਸਟਰੀਆ ਦੀ ਬੁਰਜੂਆਜ਼ੀ, ਪਾਦਰੀਆਂ ਅਤੇ ਫ਼ੌਜਸ਼ਾਹਾਂ ਦੀ ਸੇਵਾ ਦਾ ਰਿਹਾ ਹੈ, ਕੱਢਣੋਂ ਅਸਮੱਰਥ ਰਿਹਾ ਹੈ।

ਹੋਰ, ਮਾਰਕਸਵਾਦੀ ਦਵੰਦਵਾਦ, ਵਿਗਿਆਨਕ-ਵਿਕਾਸ ਦੇ ਢੰਗ ਦੀ ਸਿਖ਼ਰ ਹੈ, ਕਿਸੇ ਚੀਜ਼ ਦੇ ਨਿਖੇੜੇ ਨਿਰੀਖਣ ਨੂੰ, ਅਰਥਾਤ ਅਜਿਹੇ ਨਿਰੀਖਣ ਨੂੰ ਜੋ ਇਕ-ਪੱਖੀ ਅਤੇ ਅਤਿ-ਅੰਤ ਤੋੜਿਆ ਮਰੋੜਿਆ ਹੈ, ਰੱਦ ਕਰਦਾ ਹੈ। ਸਰਬ-ਆਸਟਰਵੀ ਯੁੱਧ ਵਿੱਚ ਕੌਮੀ ਅੰਸ਼ ਦੀ ਆਮ ਯੂਰਪੀ ਯੁੱਧ ਵਿੱਚ **ਕੋਈ** ਗੰਭੀਰ ਮਹੱਤਤਾ **ਨਹੀਂ** ਅਤੇ ਨਹੀਂ ਹੋ ਸਕਦੀ। ਜੇ ਜਰਮਨੀ ਜਿੱਤ ਗਿਆ ਤਾਂ ਉਹ ਬੈਲਜੀਅਮ ਦਾ, ਪੋਲੈਂਡ ਦੇ ਇੱਕ ਹੋਰ ਹਿੱਸੇ ਦਾ,

ਸ਼ਾਇਦ ਫ਼ਰਾਂਸ ਦੇ ਹਿੱਸੇ, ਆਦਿ ਦਾ, ਗ਼ਲਾ ਘੁੱਟ ਦੇਵੇਗਾ। ਜੇ ਰੂਸ ਜਿੱਤ ਗਿਆ, ਉਹ ਗੈਲੀਸ਼ੀਆ ਦਾ, ਪੋਲੈਂਡ, ਆਰਮੀਨੀਆ, ਆਦਿ ਦੇ ਹੋਰ ਹਿੱਸਿਆਂ ਦਾ ਗ਼ਲ਼ਾ ਘੁਟ ਦੇਵੇਗਾ। ਜੇ ਯੁੱਧ ਦਾ ਅੰਤ "ਹਾਰ ਜਿੱਤ ਦਾ ਫ਼ੈਸਲਾ ਹੋਏ ਬਗ਼ੈਰ" ਹੋਇਆ ਤਾਂ ਪੁਰਾਣੇ ਕੌਮੀ ਜ਼ਬਰ ਕਾਇਮ ਰਹਿਣਗੇ। ਸਰਬੀਆ ਲਈ, ਅਰਥਾਤ, ਸ਼ਾਇਦ ਯੁੱਧ ਵਿੱਚ ਸ਼ਾਮਲ ਇੱਕ ਫ਼ੀਸਦੀ ਦੇ ਲਗਭਗ ਲੋਕਾਂ ਲਈ, ਵਰਤਮਾਨ ਯੁੱਧ ਬੁਰਜੂਆ-ਅਜ਼ਾਦੀ ਲਹਿਰ "ਦੀ ਰਾਜਨੀਤੀ ਨੂੰ ਜਾਰੀ ਰੱਖਣਾ ਹੈ"। ਬਾਕੀ 99 ਫ਼ੀਸਦੀ ਲਈ ਇਹ ਸਾਮਰਾਜ ਦੀ ਰਾਜਨੀਤੀ ਨੂੰ, ਅਰਥਾਤ, ਜਰਜਰੀ ਬੁਰਜੂਆਜ਼ੀ ਦੀ, ਜੋ ਕੌਮਾਂ ਦਾ ਸਤ ਭੰਗ ਤਾਂ ਕਰ ਸਕਦੀ ਹੈ ਉਹਨਾਂ ਨੂੰ ਅਜ਼ਾਦ ਨਹੀਂ ਕਰਵਾ ਸਕਦੀ, ਰਾਜਨੀਤੀ ਨੂੰ ਜਾਰੀ ਰੱਖਣਾ ਹੈ। ਤਿਕੜੀ ਐਂਨਟੇਂਟੇ , ਜਿਹੜਾ ਸਰਬੀਆ ਨੂੰ "ਅਜ਼ਾਦ" ਕਰਵਾ ਰਿਹਾ ਹੈ, ਆਸਟਰੀਆ ਨੂੰ ਲੁੱਟਣ ਵਿੱਚ ਅਤਾਲਵੀ ਸਾਮਰਾਜੀਆਂ ਵਲੋਂ ਦਿੱਤੀ ਸਹਾਇਤਾ ਦੇ ਇਵਜ਼ਾਨੇ ਵਜੋਂ ਸਰਬੀਆ ਦੀ ਆਜ਼ਾਦੀ ਦੇ ਹਿੱਤ ਅਤਾਲਵੀ ਸਾਮਰਾਜੀਆਂ ਹੱਥ **ਵੇਚ ਰਿਹਾ ਹੈ।**

ਕਾਉਟਸਕੀ ਨੇ ਇਸ ਸਭ ਕੁਝ ਨੂੰ, ਜੋ ਆਮ ਜਾਣੀ ਹੋਈ ਗੱਲ ਹੈ, ਮੌਕਾ-ਪ੍ਰਸਤਾਂ ਨੂੰ ਹੱਕੀ ਠਹਿਰਾਉਣ ਲਈ ਬੜੀ ਬੇਸ਼ਰਮੀ ਨਾਲ਼ ਤੋੜਿਆ ਮਰੋੜਿਆ ਹੈ। ਪ੍ਰਕਿਰਤੀ ਵਿੱਚ ਜਾਂ ਸਮਾਜ ਵਿੱਚ ਕੋਈ "ਖ਼ਾਲਸ" ਵਰਤਾਰੇ **ਨਹੀਂ** ਹੁੰਦੇ ਅਤੇ ਨਾ ਹੀ ਹੋ ਸਕਦੇ ਹਨ— ਮਾਰਕਸਵਾਦੀ ਦਵੰਦਵਾਦ ਸਾਨੂੰ ਇਹ ਸਿਖਾਉਂਦਾ ਹੈ, ਕਿਉਂਕਿ ਦਵੰਦਵਾਦ ਸਾਨੂੰ ਦਸੱਦਾ ਹੈ ਕਿ "ਖ਼ਾਲਸ" ਦਾ ਵਿਚਾਰ ਹੀ ਮਨੁੱਖੀ ਵਿਚਾਰ ਵਿੱਚ, ਜਿਹੜੀ ਕਿਸੇ ਵਸਤ ਨੂੰ ਉਹਦੀ ਪੂਰੀ ਸਮੁੱਚਤਾ ਅਤੇ ਪੇਚਦਾਰੀ ਵਿੱਚ ਵੇਖਣੋਂ ਅਸਰਮੱਥ ਹੈ, ਇੱਕ ਵਿਸ਼ੇਸ਼ ਸੌੜਿਤਣ, ਇੱਕ ਪੱਖੀ-ਪੁਣੇ ਦਾ ਪ੍ਰਤੀਕ ਹੈ। ਸੰਸਾਰ ਵਿੱਚ ਕੋਈ "ਖ਼ਾਲਸ" ਸਰਮਾਏਦਾਰੀ ਨਹੀਂ ਹੋ ਸਕਦੀ; ਅਸੀਂ ਜੋ ਕੁਝ ਸਦਾ ਵੇਖਦੇ ਹਾਂ ਉਹ ਸਾਮੰਤਵਾਦ, ਅਸਭਿਆਵਾਦ ਜਾਂ ਕਿਸੇ ਹੋਰ ਚੀਜ਼ ਦਾ **ਮਿਸ਼ਰਣ** ਹੁੰਦਾ ਹੈ। ਇਸ ਲਈ ਜਦੋਂ ਅਸੀਂ ਨੰਗੀ ਲੁੱਟ ਦੇ ਮੰਤਵਾਂ ਨੂੰ "ਕੌਮੀ" ਫ਼ਿਕਰੇਬਾਜ਼ੀ ਦੇ ਪਰਦੇ ਹੇਠ ਜਾਣ ਬੁਝ ਕੇ ਲੁਕਾ ਰਹੇ ਸਾਮਰਾਜੀਆਂ ਵੱਲੋਂ "ਜਨਤਾ ਦੇ ਵੱਡੇ ਹਿੱਸੇ" ਨੂੰ ਘੋਰ ਧੋਖਾ ਦੇਣ ਉੱਤੇ ਵਿਚਾਰ ਕਰ ਰਹੇ ਹਾਂ, ਜੇ ਕੋਈ ਇਹ ਗੱਲ ਯਾਦ ਦਿਵਾਉਂਦਾ ਹੈ ਕਿ ਯੁੱਧ "ਖ਼ਾਲਸ" ਸਾਮਰਾਜੀ ਨਹੀਂ, ਤਾਂ ਅਜਿਹਾ ਮਨੁੱਖ ਜਾਂ ਤਾਂ ਅਤਿ-ਅੰਤ ਮੂਰਖ ਪੰਡਤਾਊਵਾਦੀ ਹੈ ਜਾਂ ਝੁਰਕੂ ਅਤੇ ਧੋਖੇਬਾਜ਼ ਹੈ। ਸਾਰਾ ਨੁਕਤਾ ਇਹ ਹੈ ਕਿ ਜਦੋਂ ਉਹ ਇਸ ਗੱਲ ਉੱਤੇ ਜ਼ੋਰ ਦਿੰਦਾ ਹੈ ਕਿ "ਪ੍ਰੋਲੇਤਾਰੀ ਜਨਤਾ ਸਮੇਤ ਆਮ ਜਨਤਾ ਲਈ" ਕੌਮੀ ਅਜ਼ਾਦੀ ਦੇ ਮਸਲੇ "ਨਿਰਣਾਇਕ ਮਹੱਤਤਾ ਵਾਲ਼ੇ" ਹਨ, ਜਿੱਥੇ ਕਿ ਹਾਕਮ ਸ਼੍ਰੇਣੀਆਂ ਲਈ ਨਿਰਣਾਇਕ ਮਹੱਤਤਾ "ਸਾਮਰਾਜੀ ਮੁਹਾਣਾਂ" ਦੀ ਹੈ (ਪੰਨਾ 273) ਅਤੇ ਜਦੋਂ ਉਹ "ਯਥਾਰਥ ਦੀ ਅਨੰਤ ਬਹੁ-ਰੂਪਤਾ" ਦਾ ਅਖੌਤੀ ਦਵੰਦਵਾਦੀ ਜ਼ਿਕਰ ਕਰਕੇ ਇਸ ਵਿੱਚ "ਵਾਧਾ ਕਰਦਾ ਹੈ" (ਪੰਨਾ 274) ਤਾਂ ਕਾਉਟਸਕੀ ਸਾਮਰਾਜੀਆਂ ਵਲੋਂ ਜਨਤਾ ਨਾਲ਼ ਕੀਤੇ ਜਾ ਰਹੇ ਧੋਖੇ ਦੀ **ਹਮਾਇਤ ਕਰ ਰਿਹਾ ਹੈ।** ਨਿਸ਼ਚੇ ਹੀ ਯਥਾਰਥ ਅਨੰਤ ਤੌਰ 'ਤੇ ਬਹੁ-ਰੂਪੀ ਹੈ। ਇਹ ਗੱਲ ਉੱਕਾ ਹੀ ਸੱਚਾ ਹੈ! ਪਰ ਇਹ ਗੱਲ ਵੀ ਏਨੀ ਹੀ ਨਿਰਸੰਦੇਹ ਹੈ ਕਿ ਅਨੰਤ ਬਹੁ-ਰੂਪਤਾ ਵਿਚਕਾਰ ਦੋ ਮੁੱਖ ਅਤੇ ਬੁਨਿਆਦੀ ਧਾਰਾਵਾਂ ਹਨ; ਯੁੱਧ ਦਾ ਬਾਹਰਮੁੱਖੀ ਤੱਤ ਸਾਮਰਾਜ ਦੀ

"ਰਾਜਨੀਤੀ ਜਾਰੀ ਰੱਖਣਾ" ਅਰਥਾਤ "ਵੱਡੀਆਂ ਤਾਕਤਾਂ" ਦੀ ਜਰਜਰੀ ਬੁਰਜੂਆਜ਼ੀ (ਅਤੇ ਉਹਨਾਂ ਦੀਆਂ ਹਕੂਮਤਾਂ) ਵਲੋਂ ਹੋਰਨਾਂ ਕੌਮਾਂ ਦੀ ਲੁੱਟ ਜਾਰੀ ਰੱਖਣ ਹੈ, ਪਰ ਚਾਲੂ "ਅੰਤਰਮੁਖੀ" ਵਿਚਾਰਧਾਰਾ "ਕੌਮੀ" ਫ਼ਿਕਰੇਬਾਜੀ ਹੈ ਜਿਹੜੀ ਜਨਤਾ ਨੂੰ ਬੁੱਧੂ ਬਣਾਉਣ ਲਈ ਫ਼ੈਲਾਈ ਜਾ ਰਹੀ ਹੈ।

ਕਾਊਟਸਕੀ ਦੇ ਪੁਰਾਣੇ ਭੁਲਾਂਦਾਰਾਵਾਦ ਦਾ, ਜਿਹੜਾ ਘੜੀ-ਮੁੜੀ ਦੁਹਰਾਇਆ ਗਿਆ ਹੈ, ਜੋ ਦਾਹਵਾ ਕਰਦਾ ਹੈ ਕਿ "ਯੁੱਧ ਦੇ ਸ਼ੁਰੂ ਵਿੱਚ" "ਖੱਬੇ-ਪੱਖੀ" ਸਮਝਦੇ ਸਨ ਕਿ ਪ੍ਰਸਥਿਤੀ ਸਾਮਰਾਜ ਅਤੇ ਸੋਸ਼ਲਿਜ਼ਮ ਵਿਚਕਾਰ ਚੋਣ ਪੇਸ਼ ਕਰਦੀ ਹੈ, ਪਹਿਲਾਂ ਹੀ ਵਿਸ਼ਲੇਸ਼ਣ ਕੀਤਾ ਜਾ ਚੁੱਕਾ ਹੈ। ਇਹ ਇੱਕ ਬੇਸ਼ਰਮ ਚਾਲ ਹੈ ਕਿਉਂਕਿ ਕਾਊਟਸਕੀ ਚੰਗੀ ਤਰ੍ਹਾਂ ਜਾਣਦਾ ਹੈ ਕਿ ਖੱਬੇ-ਪੱਖੀਆਂ ਨੇ ਇੱਕ **ਵੱਖਰਾ** ਬਦਲ ਪੇਸ਼ ਕੀਤਾ, ਅਰਥਾਤ, ਕਿ ਜਾਂ ਤਾਂ ਪਾਰਟੀ ਸਾਮਰਾਜੀ ਲੁੱਟ ਅਤੇ ਧੋਖੇ ਵਿੱਚ ਸ਼ਾਮਲ ਹੋ ਜਾਵੇ ਅਤੇ ਜਾਂ ਇਨਕਲਾਬੀ ਅਮਲ ਲਈ ਪ੍ਰਚਾਰ ਅਤੇ ਤਿਆਰੀ ਕਰੇ। ਕਾਊਟਸਕੀ ਇਹ ਵੀ ਜਾਣਦਾ ਹੈ ਕਿ ਜਰਮਨੀ ਵਿੱਚ **ਕੇਵਲ** ਸੈਂਸਰਸ਼ਿਪ ਹੀ ਖੱਬੇ-ਪੱਖੀਆਂ ਨੂੰ ਉਸ ਮੂਰਖ਼ ਕਹਾਣੀ ਦਾ ਪਰਦਾ ਉਘਾੜਨੋਂ ਰੋਕਦੀ ਜਿਹੜੀ ਉਹਦੀ ਜ਼ੂਦੇਕਮ ਦੀ ਅਧੀਨਗੀ ਉਸ ਤੋਂ ਫੈਲਵਾਉਂਦੀ ਹੈ।

ਜਿੱਥੋਂ ਤੱਕ "ਆਮ ਪ੍ਰੋਲੇਤਾਰੀ ਜਨਤਾ" ਅਤੇ "ਮੁੱਠੀ ਭਰ ਪਾਰਲੀਮਾਨਵਾਦੀਆਂ" ਵਿਚਕਾਰ ਸਬੰਧਾਂ ਦਾ ਸਬੰਧ ਹੈ ਕਾਊਟਸਕੀ ਇੱਕ ਅਤਿ-ਅੰਤ ਘਸਿਆ ਹੋਇਆ ਇਤਰਾਜ਼ ਪੇਸ਼ ਕਰਦਾ ਹੈ:

> "ਆਓ ਅਸੀਂ ਜਰਮਨਾਂ ਦੀ ਤਾਂ ਗੱਲ ਹੀ ਨਾ ਕਰੀਏ ਤਾਂ ਜੋ ਅਸੀਂ ਆਪਣੇ ਹੱਕ ਵਿੱਚ ਦਲੀਲਾਂ ਨਾ ਦਈਏ; ਕੌਣ ਗੰਭੀਰਤਾ ਨਾਲ਼ ਇਹ ਗੱਲ ਕਹੇਗਾ ਕਿ ਵਾਇਯਾਂ, ਗੇਦ, ਹਿੰਡਮੈਨ ਅਤੇ ਪਲੈਖ਼ਾਨੋਵ ਜਿਹੇ ਲੋਕ ਰਾਤੋ-ਰਾਤ ਸਾਮਰਾਜੀ ਬਣ ਗਏ ਹਨ ਅਤੇ ਸੋਸ਼ਲਿਜ਼ਮ ਨਾਲ਼ ਵਿਸਾਹ-ਘਾਤ ਕਰ ਗਏ ਹਨ ? ਆਓ ਅਸੀਂ ਪਾਰਲੀਮੈਂਟ ਦੇ ਮੈਂਬਰਾਂ ਅਤੇ "ਆਗੂ ਸੰਸਥਾਵਾਂ" ਦੀ ਤਾਂ ਗੱਲ ਹੀ ਨਾ ਕਰੀਏ (ਸਪੱਸ਼ਟ ਤੌਰ 'ਤੇ ਇੱਥੇ ਕਾਊਟਸਕੀ ਰੋਜ਼ਾ ਲੁਕਸਮਬਰਗ ਅਤੇ ਫ਼ਰਾਂਜ਼ ਮੇਹਰਿੰਗ ਵਲੋਂ ਜਾਰੀ ਕੀਤੇ ਰਸਾਲੇ 'Die Internationale' ਵੱਲ ਇਸ਼ਾਰਾ ਕਰ ਰਿਹਾ ਹੈ, ਜਿਸ ਵਿੱਚ ਆਗੂ ਸੰਸਥਾਵਾਂ, ਅਰਥਾਤ, ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੀਆਂ ਸਰਕਾਰੀ ਸੰਸਥਾਵਾਂ ਇਹਦੀ ਕਾਰਜ-ਕਾਰਨੀ ਕਮੇਟੀ 'Vorstand', ਇਹਦੇ ਪਾਰਲੀਮਾਨੀ ਦਲ, ਆਦਿ ਦਾ ਜ਼ਿਕਰ ਉਸ ਘਿਰਣਾ ਨਾਲ਼ ਕੀਤਾ ਗਿਆ ਹੈ ਜਿਸਦੇ ਉਹ ਹੱਕਦਾਰ ਹਨ) ... ਕੌਣ ਇਹ ਕਹਿਣ ਦੀ ਦਲੇਰੀ ਕਰ ਸਕਦਾ ਹੈ ਕਿ ਪਾਰਲੀਮੈਂਟ ਦੇ ਮੁੱਠੀ ਭਰ ਮੈਂਬਰਾਂ ਵਲੋਂ ਜ਼ਾਰੀ ਕੀਤਾ ਗਿਆ ਹੁਕਮ 40 ਲੱਖ ਸ਼੍ਰੇਣੀ ਚੇਤੰਨ ਜਰਮਨ ਪ੍ਰੋਲੇਤਾਰੀਆਂ ਤੋਂ ਚੌਵੀ ਘੰਟੇ ਦੇ ਅੰਦਰ ਅੰਦਰ, ਆਪਣੇ ਮੰਤਵਾਂ ਤੋਂ ਉੱਕਾ ਹੀ ਉਲਟ ਪੂਰਾ ਉਲਟਾ ਮੋੜ ਕਟਵਾਉਣ ਲਈ ਕਾਫ਼ੀ ਹੈ ? ਜੇ ਇਹ ਗੱਲ ਠੀਕ ਹੁੰਦੀ ਤਾਂ ਇਹ, ਨਿਸ਼ਚੇ ਹੀ, ਨਾ ਕੇਵਲ ਸਾਡੀ ਪਾਰਟੀ ਦੇ, ਸਗੋਂ **ਜਨਤਾ** ਦੇ ਵੀ ਘੋਰ ਨਿਘਾਰ ਦੀ ਸ਼ਾਹਦੀ ਹੁੰਦੀ (ਸ਼ਬਦਾਂ

’ਤੇ ਜ਼ੋਰ ਕਾਊਟਸਕੀ ਨੇ ਦਿੱਤਾ ਹੈ)। ਜੇ ਜਨਤਾ ਅਜਿਹਾ ਹੀ ਕਮਜ਼ੋਰ ਭੇਡਾਂ ਦਾ ਵੱਗ ਹੈ ਤਾਂ ਚੰਗਾ ਹੀ ਹੋਵੇ ਜੇ ਅਸੀਂ ਆਪਣੇ ਆਪ ਨੂੰ ਦਫ਼ਨਾ ਦਈਏ” (ਪੰਨਾ 274)

ਰਾਜਸੀ ਅਤੇ ਵਿਗਿਆਨਕ ਪੱਖ ਤੋਂ, ਮਹਾਨ ਅਧਿਕਾਰੀ ਲੇਖਕ ਕਾਰਲ ਕਾਊਟਸਕੀ ਆਪਣੇ ਅਮਲ ਅਤੇ ਆਪਣੀਆਂ ਤਰਸ-ਯੋਗ ਘੁਸਾਈਆਂ ਦੇ ਇੱਕਠ ਕਾਰਨ, ਬਹੁਤ ਚਿਰ ਪਹਿਲਾਂ ਦਫ਼ਨਾ ਦਿੱਤਾ ਗਿਆ ਹੈ। ਜਿਹੜੇ ਲੋਕ ਇਹ ਗੱਲ ਸਮਝਣੋਂ ਜਾਂ ਘੱਟੋ ਘੱਟ ਅਨੁਭਵ ਕਰਨੋਂ ਅਸਮੱਰਥ ਹਨ, ਜਿਥੋਂ ਤੱਕ ਸੋਸ਼ਲਿਜ਼ਮ ਦਾ ਸਬੰਧ ਹੈ, ਉਹ ਸਾਡੇ ਲਈ ਨਿਰਾਸ਼ਾਜਨਕ ਹਨ; ਇਹੋ ਕਾਰਨ ਹੈ ਕਿ ´Die Internationale[a] ਵਿੱਚ ਮੇਹਰਿੰਗ, ਰੋਜ਼ਾ ਲੁਕਸਮਬਰਗ ਅਤੇ ਉਹਨਾਂ ਦੇ ਸਾਥੀਆਂ ਨੇ ਕਾਊਟਸਕੀ ਅਤੇ ਉਹਦੇ ਸਾਥੀਆਂ ਵੱਲ ਅਤਿ-ਅੰਤ ਘਿਰਣਾ-ਯੋਗ ਜੀਵਾਂ ਵਜੋਂ ਵਰਤਾਰਾ ਕਰਨ ਦਾ ਜੋ ਵਤੀਰਾ ਅਪਣਾਇਆ ਉਹ ਇਹਨਾਂ ਪ੍ਰਸਥਿਤੀਆਂ ਵਿੱਚ ਇੱਕੋ ਇੱਕ ਠੀਕ ਵਤੀਰਾ ਸੀ।

ਜ਼ਰਾ ਵਿਚਾਰੋ: ਲੋਕਾਂ ਦਾ **ਇੱਕੋ ਇੱਕ** ਸਮੂਹ ਜਿਹੜਾ ਇਸ ਯੋਗ ਸੀ ਕਿ ਉਹ ਯੁੱਧ ਸਬੰਧੀ ਆਪਣੇ ਵਿਚਾਰ ਘੱਟ ਜਾਂ ਵੱਧ ਖੁੱਲ੍ਹੀ ਤਰ੍ਹਾਂ ਪ੍ਰਗਟ ਕਰ **ਸਕੇ** (ਅਰਥਾਤ ਇੱਕ ਦਮ ਗ੍ਰਿਫ਼ਤਾਰ ਕੀਤੇ ਜਾਣ ਅਤੇ ਬੈਰਕਾਂ ਵਿੱਚ ਘਸੀਟੇ ਜਾਣ ਜਾਂ ਗੋਲ਼ੀ ਮਾਰ ਦਿੱਤੇ ਜਾਣ ਦੇ ਫ਼ੌਰੀ ਡਰ ਤੋਂ ਬਿਨਾਂ) “ਪਾਰਲੀਮੈਂਟ ਦੇ ਮੁੱਠੀ ਭਰ ਮੈਂਬਰ” (ਜਿਨ੍ਹਾਂ ਨੂੰ ਵੋਟ ਦੇਣ ਦੀ ਖੁੱਲ੍ਹ ਸੀ ਅਤੇ ਅਜਿਹਾ ਕਰਨ ਦਾ ਹੱਕ ਸੀ; ਉਹ ਬਿਲਕੁਲ ਵਿਰੋਧ ਵਿੱਚ ਵੋਟ ਦੇਣ ਦੇ ਯੋਗ ਸਨ। ਰੂਸ ਵਿੱਚ ਵੀ ਅਜਿਹਾ ਕਰਨ ਕਾਰਨ ਮਾਰਿਆ ਕੁੱਟਿਆ ਜਾਂ ਗ੍ਰਿਫ਼ਤਾਰ ਨਾ ਕੀਤਾ ਗਿਆ), ਮੁੱਠੀ ਭਰ ਸਰਕਾਰੀ ਅਧਿਕਾਰੀ, ਪੱਤਰਕਾਰ, ਆਦਿ, ਸਨ। ਅਤੇ ਹੁਣ ਕਾਊਟਸਕੀ ਉਸ ਸਮਾਜੀ **ਪਰਤ** ਦੀ, ਜਿਸ ਦੀ ਮੌਕਾ-ਪ੍ਰਸਤੀ ਦੇ ਦਾਅ-ਪੇਚਾਂ ਅਤੇ ਵਿਚਾਰਧਾਰਾ ਨਾਲ਼ **ਸਬੰਧਾਂ** ਸਬੰਧੀ ਉਹਨੇ ਖ਼ੁਦ ਕਈ ਵਰ੍ਹਿਆਂ ਦੇ ਦੌਰਾਨ ਦਰਜਨਾਂ ਵਾਰ ਲਿਖਿਆ ਹੈ, ਧੋਖੇਬਾਜ਼ੀ ਅਤੇ ਕਮਜ਼ੋਰੀ ਦਾ ਦੋਸ਼ ਬੜੀ ਸ਼ਾਨ ਨਾਲ਼ **ਜਨਤਾ** ਦੇ ਸਿਰ ਮੜ੍ਹ ਦੇਂਦਾ ਹੈ! ਵਿਗਿਆਨਕ ਖੋਜ ਦੀ ਆਮ ਤੌਰ ’ਤੇ ਅਤੇ ਮਾਰਕਸਵਾਦੀ ਦਵੰਦਵਾਦ ਦੀ ਖ਼ਾਸ ਤੌਰ ’ਤੇ ਪਹਿਲੀ ਅਤੇ ਬੁਨਿਆਦੀ ਮੰਗ ਇਹ ਹੈ ਕਿ ਹਰ ਲੇਖਕ ਸੋਸ਼ਲਿਸਟ ਲਹਿਰ ਵਿੱਚ **ਮੁਹਾਣਾਂ** ਵਿਚਕਾਰ—ਉਸ ਮੁਹਾਣ ਦੇ ਜਿਹੜਾ ਗੱਲਾਂ ਕਰ ਰਿਹਾ ਹੈ, ਖਪ ਪਾ ਰਿਹਾ ਹੈ ਅਤੇ ਧੋਖੇ ਸਬੰਧੀ ਚੀਕ-ਚਿਹਾੜਾ ਪਾ ਰਿਹਾ ਹੈ ਅਤੇ ਉਸ ਮੁਹਾਣ ਦੇ ਵਿਚਕਾਰ ਜਿਸਨੂੰ ਕੋਈ ਧੋਖਾ ਦਿਸਦਾ ਹੀ ਨਹੀਂ, ਵਿਚਕਾਰ—ਘੋਲ਼ ਦੇ ਅਤੇ ਉਸ ਤੋਂ ਪਹਿਲਾਂ **ਪੂਰੇ ਦਹਾਕਿਆਂ** ਦੌਰਾਨ ਹੋਏ ਘੋਲ਼ ਦੇ ਵਿਚਕਾਰ **ਸਬੰਧ** ਨੂੰ ਜੋਖੇ ਪਰਖੇ। ਪਰ ਕਾਊਟਸਕੀ ਇਸ ਸਬੰਧੀ ਇੱਕ ਸ਼ਬਦ ਵੀ ਨਹੀਂ ਕਹਿੰਦਾ; ਉਹ ਤਾਂ ਮਹਾਣਾਂ ਅਤੇ **ਰੌਂਆਂ** ਦਾ ਸਵਾਲ ਹੀ ਨਹੀਂ ਉਠਾਉਣਾ ਚਾਹੁੰਦਾ। ਹੁਣ ਤੱਕ ਰੌਂ ਰਹੇ ਹਨ ਪਰ ਹੁਣ ਕੋਈ ਨਹੀਂ ਰਹੇ! ਅੱਜ ਤਾਂ ਕੇਵਲ “ਪ੍ਰਮਾਣਿਕ ਵਿਅਕਤੀਆਂ” ਦੇ ਨਾਂ ਹਨ ਜਿਨ੍ਹਾਂ ਨੂੰ ਅਧੀਨ ਆਤਮਾਵਾਂ ਆਪਣੇ ਰੰਗ ਦੇ ਪੱਤੇ ਵਾਂਗ ਸਦਾ ਹੀ ਪੇਸ਼ ਕਰਦੀਆਂ ਹਨ। ਇਸ ਸਬੰਧ ਵਿੱਚ ਇੱਕ ਦੂਜੇ ਦੇ “ਅਲਪ ਦੋਸ਼ਾਂ” ਉੱਤੇ ਮਿੱਤਰਾਂ ਵਾਲ਼ੇ ਢੰਗ ਨਾਲ਼, “ਤੂੰ ਮੇਰੀ

ਪਿੱਠ ਖੁਰਕ, ਮੈਂ ਤੇਰੀ ਪਿਠ ਖੁਰਕਾਂ" ਦੇ ਨੇਮ ਅਨੁਸਾਰ ਪਰਦਾ ਪਾਉਣ ਲਈ ਇੱਕ ਲਈ ਦੂਜੇ ਦਾ ਜ਼ਿਕਰ ਕਰਨਾ ਬਹੁਤ ਸੁਖੈਨ ਹੈ। ਮਾਰਤੋਵ ਨੇ ਬਰਨ ਵਿੱਚ ਇੱਕ ਲੈਕਚਰ ਵਿੱਚ ਕਿਹਾ, "ਇਹਨੂੰ ਮੌਕਾ-ਪ੍ਰਸਤੀ ਕਿਵੇਂ ਕਿਹਾ ਜਾ ਸਕਦਾ ਹੈ ਜਦੋਂ ਗੇਦ, ਪਲੈਖ਼ਾਨੋਵ ਅਤੇ ਕਾਊਟਸਕੀ..."!(ਵੇਖੋ "ਸੋਤਸਿਆਲ-ਦੈਮੋਕਰਾਤ", ਅੰਕ 36), "ਸਾਨੂੰ ਗੇਦ ਜਿਹੇ ਲੋਕਾਂ ਉੱਤੇ ਮੌਕਾ-ਪ੍ਰਸਤੀ ਦਾ ਦੋਸ਼ ਲਾਉਣ ਵਿੱਚ ਵਧੇਰੇ ਸਾਵਧਾਨੀ ਤੋਂ ਕੰਮ ਲੈਣਾ ਚਾਹੀਦਾ ਹੈ, "ਐਕਸਲਰੋਦ ਨੇ ਲਿਖਿਆ ("ਗੋਲੋਸ", ਨੰ. 86 ਅਤੇ 87)। "ਮੈਂ ਆਪਣੀ ਸਫ਼ਾਈ ਪੇਸ਼ ਨਹੀਂ ਕਰਾਂਗਾਂ," ਬਰਲਿਨ ਤੋਂ ਕਾਊਟਸਕੀ ਕੂਕਿਆ, "ਪਰ ਵਾਇਆਂ, ਗੇਦ, ਹਿੰਡਮੈਨ ਅਤੇ ਪਲੈਖ਼ਾਨੋਵ...!" ਕਿਆ ਸ਼ਾਨਦਾਰ ਪ੍ਰਸਪਰ ਸ਼ਲਾਘਾ ਸੰਮਤੀ ਹੈ!

ਆਪਣੀਆਂ ਲਿਖਤਾਂ ਵਿੱਚ ਕਾਊਟਸਕੀ ਨੇ ਅਧੀਨਗੀ ਦਾ ਏਨਾ ਜੋਸ਼ ਵਿਖਾਇਆ ਹੈ ਕਿ ਉਹ ਹਿੰਡਮੈਨ ਸਾਹਮਣੇ ਵੀ ਪੂਛ ਹਿਲਾਉਂਦਾ ਹੈ ਅਤੇ ਪ੍ਰਸਥਿਤੀ ਨੂੰ ਇਉਂ ਪੇਸ਼ ਕਰਨ ਦਾ ਯਤਨ ਕਰਦਾ ਹੈ ਕਿ ਹਿੰਡਮੈਨ ਤਾਂ ਅਜੇ ਕੱਲ ਹੀ ਭਗੌੜਾ ਬਣਕੇ ਸਾਮਰਾਜ ਨਾਲ਼ ਗਿਆ ਹੈ। ਪਰ ਉਹੋ ´Neue Zeitª ਅਤੇ ਸੰਸਾਰ ਭਰ ਵਿੱਚ ਹੋਰ ਦਰਜਨਾਂ ਸੋਸ਼ਲ-ਡੈਮੋਕਰੈਟਕ ਅਖਬਾਰ **ਕਈ ਵਰ੍ਹਿਆਂ** ਤੋਂ ਹਿੰਡਮੈਨ ਦੇ ਸਾਮਰਾਜ ਸੰਬਧੀ ਲਿਖਦੇ ਰਹੇ ਹਨ। ਜੇ ਕਾਊਟਸਕੀ ਨੇ ਉਹਨਾਂ **ਲੋਕਾਂ** ਦੀਆਂ ਰਾਜਸੀ ਜੀਵਨੀਆਂ ਦਾ ਪੂਰੀ ਤਰ੍ਹਾਂ ਅਧਿਐਨ ਕਰਨ ਦੀ ਖੇਚਲ ਕੀਤੀ ਹੁੰਦੀ ਤਾਂ ਉਹਨੂੰ ਇਹ ਗੱਲ ਚੇਤੇ ਆ ਜਾਂਦੀ ਕਿ ਉਹਨਾਂ ਜੀਵਨੀਆਂ ਵਿੱਚ ਅਜਿਹੀਆਂ ਖ਼ਾਸੀਅਤਾਂ ਅਤੇ ਘਟਨਾਵਾਂ ਹਨ ਜਾਂ ਨਹੀਂ, ਜਿਨ੍ਹਾਂ ਨੇ ਉਹਨਾਂ ਦੇ "ਰਾਤੋ ਰਾਤ" ਨਹੀਂ ਸਗੋਂ ਦਹਾਕਿਆਂ ਦੇ ਦੌਰਾਨ ਭਗੌੜਾ ਬਣਕੇ ਸਾਮਰਾਜ ਨਾਲ਼ ਮਿਲਣ ਲਈ ਰਾਹ ਪੱਧਰਾ ਕੀਤਾ; ਕੀ ਵਾਇਆਂ ਨੂੰ ਜੋਰੇਸਵਾਦੀਆਂ[21] ਨੇ ਕੈਦੀ ਬਣਾਇਆ ਹੋਇਆ ਸੀ; ਅਤੇ ਪਲੈਖ਼ਾਨੋਵ ਨੂੰ ਮੈਨਸ਼ਵਿਕਾਂ[22] ਅਤੇ ਖਾਤਮੇਵਾਦੀਆਂ ਨੇ; ਕੀ ਉਸ ਲਖਣਾਇਕ ਤੌਰ 'ਤੇ ਬੇਜਾਨ ਅਤੇ ਬੇਰਸ ਗੇਦਵਾਦੀ[23] ਰਸਾਲੇ ´Le Socialismeª[24] (ਸੋਸ਼ਲਿਜ਼ਮ) ਵਿੱਚ, ਜਿਹੜਾ ਕਿਸੇ ਵੀ ਮਸਲੇ 'ਤੇ ਕੋਈ ਸੁੰਤਤਰ ਦ੍ਰਿਸ਼ਟੀਕੋਣ ਅਪਣਾਉਣ ਤੋਂ ਅਸਮੱਰਥ ਸੀ, ਗੇਦਵਾਦੀ ਮੁਹਾਣ ਖੁੱਲ੍ਹੇ ਤੌਰ 'ਤੇ ਪਰਦਾ ਪਾਂਦਾ ਰਿਹਾ ਹੈ; ਕੀ ਖੁਦ ਕਾਊਟਸਕੀ (ਅਸੀਂ ਇਹ ਉਹਨਾਂ ਦੇ ਗਿਆਨ ਲਈ ਲਿਖ ਰਹੇ ਹਾਂ ਜਿਨ੍ਹਾਂ ਨੇ ਉਹਨੂੰ ਹਿੰਡਮੈਨ ਅਤੇ ਪਲੈਖ਼ਾਨੋਵ ਦੇ ਬਰਾਬਰ ਰੱਖਿਆ ਹੈ) ਮਿਲੇਰਾਂਦਵਾਦ[25] ਦੇ ਮਸਲੇ ਉੱਤੇ, ਬਰਨਸਟਾਈਨਵਾਦ[26] ਵਿਰੁੱਧ ਘੋਲ਼ ਦੇ ਮੁੱਢਲੇ ਦਿਨਾਂ ਵਿੱਚ ਢਿੱਲਾ ਨਹੀਂ ਰਿਹਾ, ਆਦਿ।

ਪਰ ਕਾਊਟਸਕੀ ਇਹਨਾਂ ਲੀਡਰਾਂ ਦੀਆਂ ਜੀਵਨੀਆਂ ਦੀ ਵਿਗਿਆਨਕ ਜੋਖ਼ ਪਰਖ ਵਿੱਚ ਦਿਲਚਸਪੀ ਦੀ ਰੁਮਕ ਤੱਕ ਨਹੀਂ ਵਿਖਾਉਂਦਾ। ਉਹ ਤਾਂ ਇਹ ਵੇਖਣ ਦਾ ਵੀ ਯਤਨ ਨਹੀਂ ਕਰਦਾ ਕਿ ਇਹ ਲੀਡਰ **ਆਪਣੀਆਂ** ਦਲੀਲਾਂ ਦੇ ਕੇ ਆਪਣੀ ਸਫ਼ਾਈ ਪੇਸ਼ ਕਰ ਰਹੇ ਹਨ ਜਾਂ ਕਿ ਮੌਕਾ-ਪ੍ਰਸਤਾਂ ਅਤੇ ਬੁਰਜੂਆਜ਼ੀ ਦੀਆਂ ਦਲੀਲਾਂ ਦੁਹਰਾਕੇ; ਕਿ ਕੀ ਇਹਨਾਂ ਲੀਡਰਾਂ ਦੇ ਅਮਲਾਂ ਨੇ ਗੰਭੀਰ ਰਾਜਸੀ ਮਹੱਤਤਾ ਉਹਨਾਂ ਦੇ ਆਪਣੇ ਅਸਾਧਾਰਨ ਅਸਰ ਕਰਨ ਅਖ਼ਤਿਆਰ ਕਰ ਲਈ ਹੈ ਜਾਂ ਇਸ ਲਈ ਕਿ ਉਹ ਕਿਸੇ ਹੋਰ ਸਚਮੁੱਚ "ਅਸਲ ਵਾਲ਼ੇ" ਮੁਹਾਣ ਦੇ ਹਮਾਇਤੀ ਹੋ ਗਏ ਹਨ, ਜਿਸਦੀ ਕੋਈ ਫ਼ੌਜੀ ਜਥੇਬੰਦੀ ਹਮਾਇਤ

ਕਰ ਰਹੀ ਹੈ, ਅਰਥਾਤ ਬੁਰਜੂਆ ਮੁਹਾਣ। ਕਾਊਟਸਕੀ ਨੇ ਤਾਂ ਇਸ ਸਵਾਲ ਦੀ ਜੋਖ਼ ਪਰਖ ਸ਼ੁਰੂ ਵੀ ਨਹੀਂ ਕੀਤੀ; ਉਹਨੂੰ ਤਾਂ ਇੱਕੋ ਇੱਕ ਫ਼ਿਕਰ ਹੈ ਜਨਤਾ ਦੀਆਂ ਅੱਖਾਂ ਵਿੱਚ ਘੱਟਾ ਝੋਕਣਾ, ਪ੍ਰਮਾਣਿਕ ਨਾਵਾਂ ਦੀ ਅਵਾਜ਼ ਨਾਲ਼ ਉਹਨਾਂ ਨੂੰ ਅਵਾਕ ਕਰ ਦੇਣਾ, ਉਹਨਾਂ ਨੂੰ ਸਪੱਸ਼ਟ ਮਸਲਾ ਉਠਾਉਣੋਂ ਅਤੇ ਸਭਨਾਂ ਪਾਸਿਆਂ ਤੋਂ ਇਹਦੀ ਜੋਖ ਪਰਖ ਕਰਨੋਂ ਰੋਕਣਾ।*

> "... ਪਾਰਲੀਮੈਂਟ ਦੇ ਮੈਂਬਰਾਂ ਵਲੋਂ ਜਾਰੀ ਕੀਤਾ ਗਿਆ ਹੁਕਮ 40 ਲੱਖ ਸ਼੍ਰੇਣੀ ਚੇਤੰਨ ਜਰਮਨ ਪ੍ਰੋਲਤਾਰੀਆਂ ਤੋਂ ਪੂਰਾ ਉਲਟਾ ਮੋੜ ਕਟਵਾਉਣ ਲਈ ਕਾਫ਼ੀ ਹੈ..."

ਇਸ ਵਿੱਚ ਕਿਹਾ ਹਰ ਸ਼ਬਦ ਝੂਠ ਹੈ। ਜਰਮਨ ਪਾਰਟੀ ਦੇ ਮੈਂਬਰਾਂ ਦੀ ਗਿਣਤੀ 40 ਲੱਖ ਨਹੀਂ ਦਸ ਲੱਖ ਸੀ। ਜਿਹਾ ਕਿ ਕਿਸੇ ਵੀ ਜਥੇਬੰਦੀ ਦੀ ਹਾਲਤ ਵਿੱਚ ਹੁੰਦਾ ਹੈ ਇਸ ਜਨਤਕ ਜਥੇਬੰਦੀ ਦਾ ਇੱਕ-ਮੁੱਠ ਨਿਸ਼ਚਾ ਇੱਕ ਇੱਕ-ਮੁੱਠ ਰਾਜਸੀ ਕੇਂਦਰ ਰਾਹੀਂ, "ਮੁੱਠੀ-ਭਰ" ਰਾਹੀਂ ਪ੍ਰਗਟ ਹੁੰਦਾ ਸੀ, ਜਿਸਨੇ ਸੋਸ਼ਲਿਜ਼ਮ ਨਾਲ਼ ਵਿਸਾਹ-ਘਾਤ ਕੀਤਾ। ਇਸ ਮੁੱਠੀ-ਭਰ ਨੂੰ ਆਪਣੀ ਰਾਏ ਦੇਣ ਲਈ ਕਿਹਾ ਗਿਆ; ਇਸੇ ਮੁੱਠੀ-ਭਰ ਨੂੰ ਵੋਟ ਦੇਣ ਲਈ ਕਿਹਾ ਗਿਆ; ਉਹ ਵੋਟ ਦੇਣ ਯੋਗ ਸਨ; ਉਹ ਲੇਖ ਆਦਿ ਲਿਖਣ ਯੋਗ ਸਨ। ਜਨਤਾ ਦੀ ਰਾਏ ਨਾ ਲਿਖੀ ਗਈ। ਨਾ ਕੇਵਲ ਉਹਨਾਂ ਨੂੰ ਵੋਟ ਨਾ ਦੇਣ ਦਿੱਤੀ ਗਈ ਸਗੋਂ ਉਹ ਗ਼ੈਰ-ਜਥੇਬੰਦ ਸਨ ਅਤੇ ਉਹਨਾਂ ਉਤੇ ਪਾਰਲੀਮੈਂਟ ਦੇ ਮੁੱਠੀ-ਭਰ ਮੈਂਬਰਾਂ ਦੇ ਨਹੀਂ ਸਗੋਂ ਫ਼ੌਜੀ ਅਧਿਕਾਰੀਆਂ ਦੇ **"ਹੁਕਮ ਉੱਤੇ"** ਦਬਾਅ ਪਾਇਆ ਗਿਆ। ਫ਼ੌਜੀ ਜਥੇਬੰਦੀ ਹੋਂਦ ਵਿੱਚ ਹੈ ਅਤੇ ਇਸ ਜਥੇਬੰਦੀ ਦੇ ਲੀਡਰਾਂ ਵਿੱਚ ਉੱਕਾ ਹੀ ਕੋਈ ਵਿਸਾਹ-ਘਾਤ **ਨਹੀਂ** ਸੀ। ਇਹਨੇ ਜਨਤਾ ਨੂੰ **ਇੱਕ ਇੱਕ ਕਰਕੇ** ਬੁਲਾਇਆ ਅਤੇ ਹਰ ਵਿਅਕਤੀ ਨੂੰ ਅਲਟੀਮੇਟਮ ਦੇ ਦਿੱਤਾ: ਆਪਣੇ ਲੀਡਰਾਂ ਦੀ ਸਲਾਹ ਅਨੁਸਾਰ ਫ਼ੌਜ ਵਿੱਚ ਭਰਤੀ ਹੋ ਜਾਓ ਜਾਂ ਤੁਹਾਨੂੰ ਗੋਲ਼ੀ ਮਾਰ ਦਿੱਤੀ ਜਾਵੇਗੀ। ਜਨਤਾ ਜਥੇਬੰਦਕ ਢੰਗ ਨਾਲ਼ ਅਮਲ ਨਾ ਕਰ ਸਕੀ ਕਿਉਂਕਿ ਉਹਨਾਂ ਦੀ ਪਹਿਲਾਂ ਖੜੀ ਕੀਤੀ ਜਥੇਬੰਦੀ, ਇੱਕ ਅਜਿਹੀ ਜਥੇਬੰਦੀ ਜੋ ਲੇਗੀਅਨਾਂ, ਕਾਊਟਸਕੀਆਂ,

---

* ਕਾਊਟਸਕੀ ਵੱਲੋਂ ਵਾਯਿਆਂ ਅਤੇ ਗੇਦ, ਹਿੰਡਮੈਨ ਅਤੇ ਪਲੈਖ਼ਾਨੋਵ ਦਾ ਜ਼ਿਕਰ ਇਕ ਹੋਰ ਸਬੰਧ ਵਿੱਚ ਵੀ ਲਖਣਾਇਕ ਹੈ। ਲੈਂਚ ਅਤੇ ਹਾਇਨਿਸ਼ ਦੀ ਕਿਸਮ ਦੇ ਖੁੱਲ੍ਹੇ ਸਾਮਰਾਜੀ (ਮੌਕਾ-ਪ੍ਰਸਤਾਂ ਦੀ ਤਾਂ ਗੱਲ ਹੀ ਛੱਡੋ) ਖ਼ੁਦ **ਆਪਣੀ** ਨੀਤੀ ਨੂੰ ਹੱਕੀ ਠਹਿਰਾਉਣ ਲਈ ਹਿੰਡਮੈਨ ਅਤੇ ਪਲੈਖ਼ਾਨੋਵ ਦਾ ਜ਼ਿਕਰ ਕਰਦੇ ਹਨ ਅਤੇ ਉਹਨਾਂ ਨੂੰ ਅਜਿਹਾ ਕਰਨ ਦਾ **ਹੱਕ** ਹੈ। ਜਦੋਂ ਉਹ ਕਹਿੰਦੇ ਹਨ ਕਿ ਇਹ ਉਹੋ ਹੀ ਨੀਤੀ ਹੈ ਤਾਂ ਉਹ **ਸੱਚ** ਬੋਲ ਰਹੇ ਹਨ। ਪਰ ਕਾਊਟਸਕੀ ਲੈਂਚ ਅਤੇ ਹਾਇਨਿਸ਼ ਦਾ; ਗਰਮ-ਖਿਆਲੀਏ ਜਿਹੜੇ ਸਾਮਰਾਜੀ ਬਣ ਗਏ ਹਨ, ਜ਼ਿਕਰ ਬੜੀ ਘਿਰਨਾ ਨਾਲ਼ ਕਰਦਾ ਹੈ। ਕਾਊਟਸਕੀ ਰੱਬ ਦਾ ਧੰਨਵਾਦ ਕਰਦਾ ਹੈ ਕਿ ਉਹ ਅਜਿਹੇ ਪਾਪੀਆਂ ਜਿਹਾ ਨਹੀਂ, ਕਿ ਉਹਦੇ ਇਹਨਾਂ ਨਾਲ਼ ਮੱਤ-ਭੇਦ ਹਨ, ਕਿ ਉਹ ਇਨਕਲਾਬੀ ਰਿਹਾ ਹੈ (ਜ਼ਰਾ ਵਿਚਾਰੋ!)। **ਤੱਥ ਤਾਂ ਇਹ ਹੈ** ਕਿ ਕਾਊਟਸਕੀ ਦਾ ਦ੍ਰਿਸ਼ਟੀਕੋਣ ਐਨ ਉਹਨਾਂ ਜਿਹਾ ਹੀ ਹੈ। ਮਕਰੀ ਅੰਧਰਾਸ਼ਟਰਵਾਦੀ ਕਾਊਟਸਕੀ, ਜਿਹੜਾ ਭਾਵੁਕ ਸ਼ਬਦ ਵਰਤਦਾ ਹੈ, ਡੇਵਿਡ ਅਤੇ ਹਾਈਨੇ, ਲੈਂਚ ਅਤੇ ਹੈਇਨਿਸ਼ ਜਿਹੇ ਅੰਧਰਾਸ਼ਟਰਵਾਦੀ ਸਿੱਧੜਾਂ ਨਾਲੋਂ ਵਧੇਰੇ ਘ੍ਰਿਣਤ ਹੈ।

ਅਤੇ ਸ਼ੀਦੇਮਾਨਾਂ ਦੇ "ਮੁੱਠੀ ਭਰ" ਵਿੱਚ ਸਜੀਵ ਹੋਈ ਸੀ, ਉਹਨਾਂ ਨਾਲ਼ ਵਿਸਾਹ-ਘਾਤ ਕਰ ਗਈ ਸੀ। ਪੁਰਾਣੀ ਗਲ਼ੀ-ਸੜੀ ਅਤੇ ਸਮਾਂ ਵਿਹਾ ਚੁੱਕੀ ਜਥੇਬੰਦੀ ਨੂੰ ਰੂੜੀ 'ਤੇ ਸੁੱਟਣ ਅਤੇ **ਨਵੀਂ** ਜਥੇਬੰਦੀ ਖੜੀ ਕਰਨ ਲਈ ਸਮੇਂ ਅਤੇ ਦ੍ਰਿੜ੍ਹਤਾ ਦੁਹਾਂ ਦੀ ਲੋੜ ਹੁੰਦੀ ਹੈ।

ਉਹਨਾਂ ਦੇ ਸਿਰ ਇਹ ਵਾਹਯਾਤ ਵਿਚਾਰ ਮੜ੍ਹ ਕੇ ਕਿ ਯੁੱਧ ਦੇ "ਜਵਾਬ ਵਿੱਚ" ਸਾਮਰਾਜ ਦੇ ਵਿਰੋਧ ਵਿੱਚ "ਜਨਤਾ" ਨੂੰ "ਚੌਵੀ ਘੰਟਿਆਂ ਦੇ ਅੰਦਰ ਅੰਦਰ" ਇਨਕਲਾਬ ਲਿਆਉਣਾ ਅਤੇ ਸੋਸ਼ਲਿਜ਼ਮ "ਸਥਾਪਤ ਕਰਨਾ" ਚਾਹੀਦਾ ਹੈ ਨਹੀਂ ਤਾਂ ਜਨਤਾ "ਕਮਜ਼ੋਰੀ ਅਤੇ ਧੋਖੇਬਾਜ਼ੀ ਪ੍ਰਗਟ" ਕਰ ਰਹੀ ਹੋਵੇਗੀ ਕਾਊਟਸਕੀ ਆਪਣੇ ਵਿਰੋਧੀਆਂ, ਖੱਬੇ-ਪੱਖੀਆਂ ਨੂੰ ਹਰਾਉਣ ਦਾ ਯਤਨ ਕਰਦਾ ਹੈ। ਪਰ ਇਹ ਉੱਕਾ ਹੀ ਵਾਹਯਾਤ ਗੱਲ ਹੈ, ਜਿਹੜੀ ਹੁਣ ਤੱਕ ਅਨਪੜ੍ਹ ਬੁਰਜੂਆਜ਼ੀ ਅਤੇ ਪੁਲਸ ਦੇ ਕਿਤਾਬਚਿਆਂ ਦੇ ਸੰਗ੍ਰਿਹ-ਕਰਤਾ ਇਨਕਾਲਬੀਆਂ ਨੂੰ "ਹਰਾਉਣ" ਲਈ ਵਰਤਦੇ ਰਹੇ ਹਨ ਅਤੇ ਹੁਣ ਕਾਊਟਸਕੀ ਸਾਡੇ ਸਾਹਮਣੇ ਭੁੜਕਾਉਂਦਾ ਹੈ। ਕਾਊਟਸਕੀ ਦੇ ਖੱਬੇ ਪੱਖੀ ਵਿਰੋਧੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਨਕਲਾਬ "ਕੀਤੇ" ਨਹੀਂ ਜਾ ਸਕਦੇ, ਕਿ ਇਨਕਲਾਬ ਇਤਿਹਾਸ ਵਿੱਚ ਬਾਹਰਮੁੱਖੀ ਤੌਰ 'ਤੇ (ਅਰਥਾਤ ਪਾਰਟੀਆਂ ਅਤੇ ਸ਼੍ਰੇਣੀਆਂ ਦੀ ਇੱਛਾ ਤੋਂ ਸੁੰਤਤਰ) ਸੰਕਟਾਂ ਅਤੇ ਮੋੜਾਂ ਵਿੱਚੋਂ ਵਿਕਸਿਤ ਹੁੰਦੇ ਹਨ, ਕਿ ਜਥੇਬੰਦੀ ਤੋਂ ਬਿਨਾਂ ਜਨਤਾ ਵਿੱਚ ਨਿਸ਼ਚੇ ਦੀ ਏਕਤਾ ਨਹੀਂ ਹੁੰਦੀ ਅਤੇ ਇਹ ਕਿ ਇੱਕ ਕੇਂਦਰਿਤ ਰਿਆਸਤ ਦੀ ਬਲਵਾਨ ਅਤੇ ਜਾਬਰ ਫ਼ੌਜੀ ਜਥੇਬੰਦੀ ਵਿਰੁੱਧ ਘੋਲ਼ ਇੱਕ ਔਖਾ ਅਤੇ ਲੰਮਾ ਕੰਮ ਹੈ। ਆਪਣੇ ਲੀਡਰਾਂ ਦੇ ਧੋਖੇ ਕਾਰਨ ਜਨਤਾ ਉਸ ਨਾਜ਼ੁਕ ਘੜੀ ਕੁਝ **ਨਾ** ਕਰ **ਸਕੀ**, ਜਿੱਥੇ ਕਿ ਇਹ "ਮੁੱਠੀ ਭਰ" ਲੀਡਰ ਯੁੱਧ ਲਈ ਰਕਮਾਂ ਵਿਰੁੱਧ ਵੋਟ ਦੇਣ, "ਸ਼੍ਰੇਣੀ ਜੰਗਬੰਦੀ" ਅਤੇ ਯੁੱਧ ਨੂੰ ਹੱਕੀ ਠਹਿਰਾਉਣ ਵਿਰੁੱਧ ਦ੍ਰਿਸ਼ਟੀਕੋਣ ਅਪਣਾਉਣ, ਉਹਨਾਂ ਦੀ **ਆਪਣੀ** ਹਕੂਮਤ ਦੀ ਹਾਰ ਦੇ ਹੱਕ ਵਿੱਚ ਹੋਣ ਦਾ ਐਲਾਨ ਕਰਨ, ਮੋਰਚਿਆਂ ਉੱਤੇ ਆਪੋ ਵਿੱਚ ਭਾਈਚਾਰੇ ਦੇ ਪ੍ਰਗਟਾਅ ਦੇ ਕੌਮਾਂਤਰੀ ਪ੍ਰਬੰਧ ਖੜਾ ਕਰਨ, ਇਨਕਲਾਬੀ ਸਰਗਰਮੀਆਂ ਸ਼ੁਰੂ ਕਰਨ ਦੀ ਲੋੜ ਦੇ ਹੱਕ ਵਿੱਚ ਗ਼ੈਰ-ਕਾਨੂੰਨੀ ਸਾਹਿਤ* ਛਾਪਣ ਦਾ

---

* ਲੱਗਦੇ ਹੱਥ ਇਹ ਵੀ ਕਹਿ ਦਈਏ ਕਿ ਹਕੂਮਤ ਵਲੋਂ ਸ਼੍ਰੇਣੀ ਘ੍ਰਿਣਾ ਅਤੇ ਸ਼੍ਰੇਣੀ ਘੋਲ਼ ਸਬੰਧੀ ਲਿਖਣ ਉੱਤੇ ਪਾਬੰਦੀ ਦੇ ਜਵਾਬ ਵਿੱਚ ਸਾਰੇ ਸੋਸ਼ਲ-ਡੈਮੋਕਰੈਟਿਕ ਅਖ਼ਬਾਰਾਂ ਨੂੰ ਬੰਦ ਕਰ ਦੇਣ ਦੀ ਉੱਕਾ ਹੀ ਕੋਈ ਲੋੜ ਨਹੀਂ ਸੀ। ´ Vorw%orts[a27] ਵਾਂਗ ਇਸ ਸਬੰਧੀ ਨਾ ਲਿਖਣ 'ਤੇ ਰਜ਼ਾਮੰਦ ਹੋ ਜਾਣਾ ਕਮੀਨਾਪਣ ਅਤੇ ਕਾਇਰਤਾ-ਭਰਪੂਰ ਸੀ। ਜਿਸ ਛਿਣ ´ Vorw%orts[a] ਨੇ ਇਹ ਕਬੂਲ ਕੀਤਾ ਉਹ ਰਾਜਸੀ ਤੌਰ 'ਤੇ ਮਰ ਗਿਆ ਅਤੇ ਮਾਰਤੋਵ ਇਹ ਕਹਿਣ ਵਿੱਚ ਬਿਲਕੁਲ ਠੀਕ ਸੀ। ਪਰ ਇਹ ਐਲਾਨ ਕਰਕੇ ਕਿ ਉਹ ਗ਼ੈਰ-ਪਾਰਟੀ ਅਤੇ **ਗੈਰਸੋਸ਼ਲ-ਡੈਮੋਕਰੈਟਿਕ** ਅਖ਼ਬਾਰ ਹਨ ਸਰਕਾਰੀ ਅਖ਼ਬਾਰ ਕਾਇਮ ਰੱਖਣਾ ਸੰਭਵ ਸੀ ਅਤੇ ਉਹਨਾਂ ਨੇ ਕਿਰਤੀਆਂ ਦੇ ਇੱਕ ਹਿੱਸੇ ਦੀ ਸੇਵਾ ਕੀਤੀ, ਅਰਥਾਤ ਉਹ ਗ਼ੈਰ-ਰਾਜਸੀ ਅਖ਼ਬਾਰ ਸਨ। ਗੁਪਤ ਸੋਸ਼ਲ-ਡੈਮੋਕਰੈਟਿਕ ਸਾਹਿਤ ਜਿਸ ਵਿੱਚ ਯੁੱਧ ਦਾ **ਮੁਲੰਕਣ** ਹੋਵੇ ਅਤੇ ਕਾਨੂੰਨੀ ਤੌਰ 'ਤੇ ਛਾਪਿਆ ਕਿਰਤੀ ਸ਼੍ਰੇਣੀ ਸਾਹਿਤ ਜਿਹੜਾ **ਇਸ ਮੁਲੰਕਣ ਤੋਂ ਬਿਨਾਂ** ਹੈ—ਅਰਥਾਤ ਅਜਿਹਾ ਸਾਹਿਤ ਜੋ ਉਹ ਕੁਝ ਨਹੀਂ ਕਹਿੰਦਾ ਜੋ ਸੱਚ ਨਹੀਂ ਪਰ ਕੁਝ ਸਬੰਧੀ ਚੁੱਪ ਰਹਿੰਦਾ ਹੈ—ਇਹ ਸੰਭਵ ਕਿਉਂ ਨਹੀਂ ਸੀ ?

ਪ੍ਰਬੰਧ ਕਰਨ, ਆਦਿ, ਲਈ ਅਤਿ–ਅੰਤ ਸ਼ਾਨਦਾਰ ਪ੍ਰਸਥਿਤੀ ਵਿੱਚ ਸਨ ਅਤੇ ਅਜਿਹਾ ਕਰਨਾ ਉਹਨਾਂ ਦਾ ਫਰਜ਼ ਸੀ।

ਕਾਊਟਸਕੀ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਜਰਮਨ "ਖੱਬੇ–ਪੱਖੀ" ਐਨ ਅਜਿਹੇ ਜਾਂ ਇਉਂ ਕਹੋ **ਇਹੋ ਜਿਹੇ ਹੀ** ਕਦਮਾਂ ਸਬੰਧੀ ਸੋਚ ਰਹੇ ਹਨ, ਅਤੇ ਇਹ ਕਿ ਫ਼ੌਜੀ ਸੈਂਸਰਸ਼ਿਪ ਅਧੀਨ ਉਹ ਇਹਨਾਂ ਗੱਲਾਂ ਸਬੰਧੀ **ਸਿੱਧੇ ਤਰੀਕੇ ਨਾਲ਼**, ਖੁੱਲ੍ਹ ਕੇ ਗੱਲ ਨਹੀਂ ਕਰ ਸਕਦੇ। ਕਾਊਟਸਕੀ ਦੀ ਹਰ ਹੀਲੇ ਮੌਕਾ–ਪ੍ਰਸਤਾਂ ਦੀ ਹਮਾਇਤ ਕਰਨ ਦੀ ਇੱਛਾ ਨੇ ਕਾਊਟਸਕੀ ਨੂੰ ਬੇਮਿਸਾਲ ਬਦਨੀਤੀ ਤੱਕ ਪੁਚਾ ਦਿੱਤਾ ਹੈ: ਫ਼ੌਜੀ ਸੈਂਸਰਾਂ ਪਿੱਛੇ ਓਟ ਲੈ ਕੇ ਉਹ ਖੱਬੇ–ਪੱਖੀਆਂ ਸਬੰਧੀ ਇਸ ਭਰੋਸੇ ਨਾਲ਼ ਖ਼ਾਲਸ ਵਾਹਯਾਤੀਆਂ ਪੜ੍ਹਦਾ ਹੈ ਕਿ ਸੈਂਸਰ ਉਹਨੂੰ ਪਾਜ਼ ਉਘੜਨੋਂ ਬਚਾ ਲੈਣਗੇ।

## VII

ਜਿਸ ਗੰਭੀਰ ਵਿਗਿਆਨਕ ਅਤੇ ਰਾਜਸੀ ਸਵਾਲ ਤੋਂ ਕਾਊਟਸਕੀ ਨੇ ਸਭ ਤਰ੍ਹਾਂ ਦੀਆਂ ਚਾਲਾਂ ਦਾ ਸਹਾਰਾ ਲੈ ਕੇ ਜਾਣ ਬੁੱਝ ਕੇ ਪੱਲਾ ਬਚਾਇਆ ਹੈ, ਅਤੇ ਇਉਂ ਮੌਕਾ–ਪ੍ਰਸਤਾਂ ਨੂੰ ਬਹੁਤ ਮਜ਼ਾ ਦਿੱਤਾ ਹੈ, ਉਹ ਇਹ ਹੈ: ਦੂਜੀ ਇੰਟਰਨੈਸ਼ਨਲ ਦੇ ਸਭ ਤੋਂ ਉੱਘੇ ਲੀਡਰਾਂ ਲਈ ਸੋਸ਼ਲਿਜ਼ਮ ਨਾਲ਼ ਵਿਸਾਹ–ਘਾਤ ਕਰਨਾ ਕਿਵੇਂ **ਸੰਭਵ ਹੋਇਆ** ?

ਇਹ ਸਵਾਲ ਇੱਕਲੇ ਇੱਕਲੇ ਲੀਡਰ ਦੀਆਂ ਜੀਵਨੀਆਂ ਦੇ ਦ੍ਰਿਸ਼ਟੀਕੋਣ ਤੋਂ ਨਹੀਂ ਵਿਚਾਰਿਆ ਜਾਣਾ ਚਾਹੀਦਾ।ਭਵਿੱਖ ਦੇ ਜੀਵਨੀ ਲੇਖਕਾਂ ਨੂੰ ਮਸਲੇ ਦਾ ਇਸ ਪੱਖ ਤੋਂ ਵਿਸ਼ਲੇਸ਼ਣ ਕਰਨਾ ਪਵੇਗਾ ਪਰ ਸੋਸ਼ਲਿਸਟ ਲਹਿਰ ਨੂੰ ਜਿਸ ਗੱਲ ਵਿੱਚ ਦਿਲਚਸਪੀ ਹੈ ਉਹ ਇਹ ਨਹੀਂ, ਸਗੋਂ ਸਮਾਜੀ–ਅੰਧਰਾਸ਼ਟਰਵਾਦੀ **ਮੁਹਾਣ** ਦੇ ਇਤਿਹਾਸਕ ਸੋਮੇ, ਪ੍ਰਸਥਿਤੀਆਂ, ਮਹੱਤਤਾ ਅਤੇ ਸ਼ਕਤੀ ਹੈ। 1) ਸਮਾਜੀ–ਅੰਧਰਾਸ਼ਟਰਵਾਦ ਕਿੱਥੋਂ ਫੁੱਟਿਆ। 2) ਕਿਸ ਚੀਜ਼ ਨੇ ਇਹਨੂੰ ਸ਼ਕਤੀ ਦਿੱਤੀ। 3) ਇਹਦਾ ਮੁਕਾਬਲਾ ਕਿਵੇਂ ਕੀਤਾ ਜਾਵੇ ? ਸਵਾਲ ਵੱਲ ਕੇਵਲ ਅਜਿਹੀ ਪਹੁੰਚ ਨੂੰ ਹੀ ਗੰਭੀਰ ਕਿਹਾ ਜਾ ਸਕਦਾ ਹੈ, "ਵਿਅਕਤੀਆਂ ਸਬੰਧੀ" ਪਹੁੰਚ ਅਮਲ ਵਿੱਚ ਕੰਨੀ ਕਤਰਾਉਣਾ, ਇਕ ਤਰ੍ਹਾਂ ਦਾ ਭੁਲਾਂਦਾਰਾਵਾਦ ਹੈ।

ਪਹਿਲੇ ਸਵਾਲ ਦਾ ਜਵਾਬ ਦੇਣ ਲਈ ਸਾਨੂੰ ਸਭ ਤੋਂ ਪਹਿਲਾਂ ਇਹ ਵੇਖਣਾ ਚਾਹੀਦਾ ਹੈ ਕੀ ਸਮਾਜੀ–ਅੰਧਰਾਸ਼ਟਰਵਾਦ ਦੇ ਵਿਚਾਰਧਾਰਕ ਅਤੇ ਰਾਜਸੀ ਤੱਤ ਸ਼ੋਸਲਿਜ਼ਮ ਵਿੱਚ ਕਿਸੇ ਪਹਿਲੇ ਮੁਹਾਣ ਨਾਲ਼ ਸਬੰਧਤ ਹਨ; ਅਤੇ ਦੂਜਾ ਸਮਾਜੀ–ਅੰਧਰਾਸ਼ਟਰਵਾਦ ਦੇ ਵਿਰੋਧੀਆਂ ਅਤੇ ਹਾਮੀਆਂ ਵਿੱਚ ਸੋਸ਼ਲਿਸਟਾਂ ਦੀ ਅਜੋਕੀ ਵੰਡ ਦਾ—ਯਥਾਰਥਕ ਰਾਜਸੀ ਵੰਡਾਂ ਦੇ ਦ੍ਰਿਸ਼ਟੀਕੋਣ ਤੋਂ—ਉਹਨਾਂ ਵੰਡਾਂ ਨਾਲ਼ ਕੀ ਸਬੰਧ ਹੈ ਜਿਹੜੀਆਂ ਇਤਿਹਾਸਕ ਤੌਰ 'ਤੇ ਇਸਤੋਂ ਪਹਿਲਾਂ ਆਈਆਂ।

ਸਮਾਜੀ–ਅੰਧਰਾਸ਼ਟਰਵਾਦ ਤੋਂ ਸਾਡਾ ਮਤਲਬ ਹੈ ਵਰਤਮਾਨ ਸਾਮਰਾਜੀ ਯੁੱਧ ਵਿੱਚ ਪਿੱਤਰੀ–ਭੂਮੀ ਦੀ ਰੱਖਿਆ ਦੇ ਵਿਚਾਰ ਨੂੰ ਕਬੂਲ ਕਰ ਲੈਣਾ, ਇਸ ਯੁੱਧ ਵਿੱਚ ਸੋਸ਼ਲਿਸਟਾਂ ਅਤੇ ਬੁਰਜੂਆਜ਼ੀ ਅਤੇ ਹਰ ਇੱਕ ਦੀ "ਆਪਣੀ" ਹਕੂਮਤ ਵਿਚਕਾਰ ਏਕੇ ਨੂੰ ਹੱਕੀ ਠਹਿਰਾਉਣਾ, ਹਰ ਇੱਕ ਦੀ "ਆਪਣੀ" ਬੁਰਜੂਆਜ਼ੀ ਵਿਰੁੱਧ ਇਨਕਲਾਬੀ ਅਮਲ

ਲਈ ਪ੍ਰਚਾਰ ਕਰਨੋਂ ਅਤੇ ਇਹਦੀ ਹਮਾਇਤ ਕਰਨੋਂ ਇਨਕਾਰ, ਆਦਿ। ਇਹ ਗੱਲ ਉੱਕਾ ਹੀ ਸਪੱਸ਼ਟ ਹੈ ਕਿ ਸਮਾਜੀ-ਅੰਧਰਾਸ਼ਟਰਵਾਦ ਦਾ ਬੁਨਿਆਦੀ ਵਿਚਾਰਧਾਰਕ ਅਤੇ ਰਾਜਸੀ ਤੱਤ ਮੌਕਾ-ਪ੍ਰਸਤੀ ਦੇ ਅਧਾਰਾਂ ਨਾਲ਼ ਸਗਵਾਂ ਹੈ। ਇਹ **ਉਹੋ ਹੀ** ਰੌਂ ਹੈ। 1914-1915 ਦੇ ਯੁੱਧ ਦੀਆਂ ਪ੍ਰਸਥਿਤੀਆਂ ਵਿੱਚ ਮੌਕਾ-ਪ੍ਰਸਤੀ ਦਾ ਸਿੱਟਾ ਸਮਾਜੀ-ਅੰਧਰਾਸ਼ਟਰਵਾਦ ਹੁੰਦਾ ਹੈ। ਸ਼੍ਰੇਣੀ ਮਿਲਵਰਤਨ ਦਾ ਵਿਚਾਰ ਮੌਕਾ-ਪ੍ਰਸਤੀ ਦਾ ਮੁੱਖ ਲੱਛਣ ਹੈ। ਯੁੱਧ ਨੇ ਇਸ ਵਿਚਾਰ ਨੂੰ ਇਹਦੇ ਮੰਤਕੀ ਅੰਤ ਤੱਕ ਪੁਚਾ ਦਿੱਤਾ ਹੈ ਅਤੇ ਇਹ ਸਧਾਰਨ ਅੰਸ਼ਾਂ ਅਤੇ ਉੱਤੇਜਕਾਂ ਵਿੱਚ ਕੁਝ ਹੋਰ ਅਸਾਧਾਰਨ ਅੰਸ਼ਾਂ ਅਤੇ ਉਤੇਜਕਾਂ ਦਾ ਵਾਧਾ ਕਰ ਦਿੱਤਾ ਹੈ; ਵਿਸ਼ੇਸ਼ ਧਮਕੀਆਂ ਅਤੇ ਜ਼ਬਰ ਰਾਹੀਂ ਇਹਨੇ ਅਸਭਿਅਕ ਅਤੇ ਗ਼ੈਰ-ਜਥੇਬੰਦ ਜਨਤਾ ਨੂੰ ਬੁਰਜੂਆਜ਼ੀ ਨਾਲ਼ ਮਿਲਵਰਤਨ ਕਰਨ ਉੱਤੇ ਮਜ਼ਬੂਰ ਕਰ ਦਿੱਤਾ ਹੈ। ਇਸ ਅਵਸਥਾ ਨੇ ਸੁਭਾਵਕ ਹੀ ਮੌਕਾ-ਪ੍ਰਸਤੀ ਦੇ ਹਾਮੀਆਂ ਦੀ ਗਿਣਤੀ ਵਧਾ ਦਿੱਤੀ ਹੈ ਅਤੇ ਇਸ ਗੱਲ ਦੀ ਵਿਆਖਿਆ ਵੀ ਇਸੇ ਤੋਂ ਹੁੰਦੀ ਹੈ ਕਿ ਕਿਉਂ ਕੱਲ ਦੇ ਕੁਝ ਗ਼ਰਮ-ਖਿਆਲੀਏ ਪਿੱਠ ਵਿਖਾਕੇ ਉਸ ਧੜੇ ਵਿੱਚ ਚਲੇ ਗਏ ਹਨ।

ਮੌਕਾ-ਪ੍ਰਸਤੀ ਦੇ ਅਰਥ ਹਨ ਕਿਰਤੀਆਂ ਦੀ ਨਿਗੂਣੀ ਜਿਹੀ ਘੱਟ-ਗਿਣਤੀ ਦੇ ਅਸਥਾਈ ਹਿੱਤਾਂ ਲਈ ਜਨਤਾ ਦੇ ਬੁਨਿਆਦੀ ਹਿੱਤ ਕੁਰਬਾਨ ਕਰ ਦੇਣਾ ਜਾਂ, ਦੂਜੇ ਸ਼ਬਦਾਂ ਵਿੱਚ, ਕਿਰਤੀਆਂ ਦੇ ਇੱਕ ਹਿੱਸੇ ਅਤੇ ਬੁਰਜੂਆਜ਼ੀ ਵਿਚਕਾਰ ਏਕਾ, ਜਿਸਦਾ ਰੁਖ਼ ਪ੍ਰੋਲੇਤਾਰੀ ਦੀ ਬਹੁ-ਗਿਣਤੀ ਦੇ ਵਿਰੁੱਧ ਹੈ। ਯੁੱਧ ਨੇ ਅਜਿਹੇ ਏਕੇ ਨੂੰ ਵਿਸ਼ੇਸ਼ ਤੌਰ 'ਤੇ ਉੱਘਾ ਅਤੇ ਅਟੱਲ ਬਣ ਦਿੱਤਾ ਹੈ। ਮੌਕਾ-ਪ੍ਰਸਤੀ ਸਰਮਾਏਦਾਰੀ ਦੇ ਵਿਕਾਸ ਦੇ ਸਮੇਂ ਦੇ ਵਿਸ਼ੇਸ਼ ਲੱਛਣਾਂ ਨੇ ਪੈਦਾ ਕੀਤੀ ਜਦੋਂ ਵਿਸ਼ੇਸ਼-ਅਧਿਕਾਰਾਂ ਵਾਲ਼ੇ ਕਾਮਿਆਂ ਦੀ ਪਰਤ ਦੇ ਮੁਕਾਬਲਤ ਅਮਨ-ਭਰੇ ਅਤੇ ਸਭਿਆ ਜੀਵਨ ਨੇ ਉਹਨਾਂ ਦਾ "ਬੁਰਜੂਆਕਰਣ" ਕਰ ਦਿੱਤਾ, ਉਹਨਾਂ ਨੂੰ ਕੌਮੀ ਸਰਮਾਏਦਾਰਾਂ ਦੇ ਮੇਜ਼ ਤੋਂ ਕੁਝ ਬੁਰਕੀਆਂ ਦਿੱਤੀਆਂ ਅਤੇ ਉਹਨਾਂ ਨੂੰ ਗ਼ਰੀਬ ਹੋਈ ਅਤੇ ਲੁੱਟੀ-ਖਸੁੱਟੀ ਜਨਤਾ ਦੇ ਦੁੱਖਾਂ, ਵਖਤਾਂ ਅਤੇ ਇਨਕਲਾਬੀ ਸੁਭਾਅ ਤੋਂ ਵੱਖ ਕਰ ਦਿੱਤਾ। ਸਾਮਰਾਜੀ ਯੁੱਧ ਇਸ ਪ੍ਰਸਥਿਤੀ ਨੂੰ ਸਿੱਧੀ ਤਰ੍ਹਾਂ ਜਾਰੀ ਰੱਖਣਾ ਅਤੇ ਸਿਖਰ ਉੱਤੇ ਅਪੜਨਾ ਹੈ, ਕਿਉਂਕਿ ਇਹ ਯੁੱਧ ਵੱਡ-ਤਾਕਤੀ **ਵਿਸ਼ੇਸ਼-ਅਧਿਕਾਰਾਂ** ਲਈ, ਬਸਤੀਆਂ ਦੀ ਨਵੀਂ ਵੰਡ ਲਈ ਅਤੇ ਹੋਰ ਕੌਮਾਂ ਉੱਤੇ ਗ਼ਲਬੇ ਲਈ ਹੈ। ਕਿਰਤੀ ਸ਼੍ਰੇਣੀ ਦੀ ਨਿੱਕ-ਬੁਰਜੂਆ "ਉਪਰਲੀ-ਪਰਤ" ਜਾਂ ਅਮੀਰ-ਸ਼ਾਹੀ (ਅਤੇ ਨੌਕਰਸ਼ਾਹੀ) ਵੱਲੋਂ ਆਪਣੀ ਵਿਸ਼ੇਸ਼ ਅਧਿਕਾਰਾਂ ਵਾਲ਼ੀ ਪ੍ਰਸਥਿਤੀ ਬਚਾਏ ਰੱਖਣਾ—ਅਜਿਹਾ ਹੈ ਨਿੱਕ-ਬੁਰਜੂਆ ਮੌਕਾ-ਪ੍ਰਸਤ ਆਸਾਂ ਦਾ ਸੁਭਾਵਕ ਤੌਰ 'ਤੇ ਯੁੱਧ ਦੇ ਸਮੇਂ ਜਾਰੀ ਰਹਿਣਾ ਅਤੇ ਉਹਦੇ ਅਨੁਸਾਰੀ ਦਾਅ-ਪੇਚ, ਅਜਿਹਾ ਹੈ ਅਜੋਕੇ ਸਮਾਜੀ-ਸਾਮਰਾਜ ਦਾ ਆਰਥਕ ਅਧਾਰ*। ਅਤੇ, ਨਿਸ਼ਚੇ ਹੀ, ਪੁਰਾਣੀ ਆਦਤ,

---

* ਇਹ ਹਨ ਇਹ ਪ੍ਰਗਟ ਕਰਨ ਵਾਲ਼ੇ ਉਦਾਹਰਣ ਕਿ ਸਾਮਰਾਜੀ ਅਤੇ ਬੁਰਜੂਆਜ਼ੀ "ਵੱਡ-ਤਾਕਤੀ" ਅਤੇ ਕੌਮੀ ਵਿਸ਼ੇਸ਼-ਅਧਿਕਾਰਾਂ ਦੀ ਮਹੱਤਤਾ ਨੂੰ ਕਿਰਤੀਆਂ ਨੂੰ ਵੰਡਣ ਅਤੇ ਉਹਨਾਂ ਦਾ ਧਿਆਨ ਸੋਸ਼ਲਿਜ਼ਮ ਵਲੋਂ ਹਟਾਉਣ ਲਈ ਕਿੰਨਾ ਵੱਡ-ਮੁੱਲਾ ਸਮਝਦੇ ਹਨ। ਇੱਕ ਪੁਸਤਕ "ਮਹਾਨਤਮ ਰੋਮ ਅਤੇ ਮਹਾਨਤਮ ਬਰਤਾਨੀਆ" (ਆਕਸਫ਼ੋਰਡ, 1912) ਵਿੱਚ ➪

ਨਿਸਬਤਨ "ਅਮਨ-ਭਰੇ" ਵਿਕਾਸ ਦਾ ਨਿੱਤ-ਕਰਮ, ਕੌਮੀ ਤੁਅਸਬ, ਤਿੱਖੇ ਮੋੜਾਂ ਦਾ ਅਤੇ ਉਹਨਾਂ ਵਿੱਚ ਅਵਿਸ਼ਵਾਸ—ਇਹ ਉਹ ਵਾਧੂ ਪ੍ਰਸਥਿਤੀਆਂ ਹਨ ਜਿਨ੍ਹਾਂ ਨੇ ਮੌਕਾ-ਪ੍ਰਸਤੀ ਨੂੰ ਵੀ ਅਤੇ ਮੌਕਾ-ਪ੍ਰਸਤੀ ਨਾਲ਼ ਧੋਖੇਬਾਜ਼ ਅਤੇ ਕਾਇਰ ਸਮਝੌਤੇ ਨੂੰ ਵੀ ਵਧਾਇਆ ਹੈ—ਉੱਪਰੋਂ ਉਪਰੋਂ ਥੋੜੇ ਸਮੇਂ ਲਈ ਅਤੇ ਕੇਵਲ ਵਿਸ਼ੇਸ਼ ਕਾਰਨਾਂ ਅਤੇ ਮੰਤਵਾਂ ਕਰਕੇ ਹੀ। ਯੁੱਧ ਨੇ ਇਸ ਮੌਕਾ-ਪ੍ਰਸਤੀ ਨੂੰ, ਜਿਸਦੀ ਦਹਾਕਿਆਂ ਤੱਕ ਪਰਵਈ ਹੁੰਦੀ ਰਹੀ ਹੈ, ਤਬਦੀਲ ਕਰ ਦਿੱਤਾ ਹੈ, ਇਹਨੂੰ ਉਚੇਰੀ ਪੱਧਰ ਉੱਤੇ ਅਪੜਾ ਦਿੱਤਾ ਹੈ, ਇਹਦੀਆਂ ਭਾਹਾਂ ਦੀ ਗਿਣਤੀ ਅਤੇ ਵੰਨ-ਸਵੰਨਤਾ ਵਧਾ ਦਿੱਤੀ ਹੈ, ਇਹਦੇ ਹਾਮੀਆਂ ਦੀਆਂ ਸਫ਼ਾਂ ਵਿੱਚ ਵਾਧਾ

---

⇨ ਬਰਤਾਨਵੀ ਸਾਮਰਾਜੀ ਲੂਕਾਸ ਅਜੋਕੀ ਬਰਤਾਨਵੀ ਸਲਤਨਤ ਵਿੱਚ ਗ਼ੈਰ-ਗੋਰੇ ਲੋਕਾਂ ਦੀਆਂ ਨਿਰਯੋਗਤਾਵਾਂ ਨੂੰ ਕਬੂਲ ਕਰਦਾ ਹੈ (ਪੰਨਾ 96-97) ਅਤੇ ਕਹਿੰਦਾ ਹੈ ਕਿ "ਸਾਡੀ ਆਪਣੀ ਸਲਤਨਤ ਵਿੱਚ ਜਿਥੇ ਕਿਧਰੇ ਗੋਰੇ ਅਤੇ ਗ਼ੈਰ-ਗੋਰੇ ਕਿਰਤੀ ਨਾਲ਼ੋ ਨਾਲ਼ ਹੁੰਦੇ ਹਨ... ਉਹ ਇੱਕ ਪੱਧਰ ਉੱਤੇ ਕੰਮ ਨਹੀਂ ਕਰਦੇ, ਸਗੋਂ ਗੋਰਾ ਆਦਮੀ... ਗ਼ੈਰ-ਗੋਰੇ ਆਦਮੀ ਦਾ ਨਿਗਰਾਨ ਹੁੰਦਾ ਹੈ। (ਪੰਨਾ98)"। ਇੱਕ ਪੈਂਫ਼ਲਟ "ਯੁੱਧ ਤੋਂ ਪਿੱਛੋਂ ਸੋਸ਼ਲ-ਡੈਮੋਕਰੈਸੀ" (1915) ਵਿੱਚ ਅਰਵਿਨ ਬੈਲਗਰ; ਜਿਹੜਾ ਸੋਸ਼ਲ-ਡੈਮੋਕਰੈਟਾਂ ਵਿਰੁੱਧ ਸ਼ਾਹੀ ਏਕੇ ਦਾ ਪਹਿਲੀਆਂ ਦਾ ਸਕੱਤਰ ਹੈ, ਸੋਸ਼ਲ-ਡੈਮੋਕਰੈਟਾਂ ਦੇ ਵਤੀਰੇ ਦੀ ਸ਼ਲਾਘਾ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਹ ਲਾਜ਼ਮੀ ਹੈ ਕਿ ਉਹ "ਖ਼ਾਲਸ ਲੇਬਰ ਪਾਰਟੀ" ਬਣ ਜਾਣ (ਪੰਨਾ43), ਇੱਕ "ਕੌਮੀ" ਅਤੇ "ਜਰਮਨ ਲੇਬਰ ਪਾਰਟੀ" (ਪੰਨਾ 45), ਜਿਸਦੇ "ਕੌਮਾਂਤਰੀਵਾਦੀ, ਅਦਾਰਸ਼ਵਾਦੀ" ਅਤੇ "ਇਨਕਲਾਬੀ" ਵਿਚਾਰ ਨਾ ਹੋਣ (ਪੰਨਾ 44)। ਵਿਦੇਸ਼ਾਂ ਵਿੱਚ ਲੱਗੀ ਪੂੰਜੀ ਸਬੰਧੀ ਇੱਕ ਪੁਸਤਕ (1907)[28] ਵਿੱਚ ਜਰਮਨ ਸਾਮਰਾਜੀ ਸਾਰਟੋਰੀਅਸ ਵਾਨ ਵਾਲਟਰਹਾਊਸਨ "ਕੌਮੀ ਭਲਾਈ" (ਪੰਨਾ 438) ਨੂੰ—ਜੋ ਬਸਤੀਆਂ ਉੱਪਰ ਕਬਜ਼ਾ ਕਰਨਾ ਹੈ—ਅੱਖੋਂ ਉਹਲੇ ਕਰਨ ਲਈ ਜਰਮਨ ਸੋਸ਼ਲ-ਡੈਮੋਕਰੈਟਾਂ ਨੂੰ ਦੋਸ਼ ਦਿੰਦਾ ਹੈ ਅਤੇ ਅਵਾਸ ਵਿਰੁੱਧ ਉਹਨਾਂ ਦੇ ਘੋਲ਼ ਲਈ ਬਰਤਾਨਵੀ ਕਿਰਤੀਆਂ ਦੇ "ਯਥਾਰਥਵਾਦ" ਦੀ ਸ਼ਲਾਘਾ ਕਰਦਾ ਹੈ। ਸੰਸਾਰ ਰਾਜ-ਨੀਤੀ ਦੇ ਨਿਯਮਾਂ ਸਬੰਧੀ ਇੱਕ ਪੁਸਤਕ ਵਿੱਚ ਜਰਮਨ ਕੂਟ-ਨੀਤਕ ਰੁਦੋਰਫੇਰ[29] ਇਸ ਆਮ ਤੌਰ 'ਤੇ ਜਾਣੇ ਤੱਥ ਉੱਤੇ ਜ਼ੋਰ ਦਿੰਦਾ ਹੈ ਕਿ ਪੂੰਜੀ ਦਾ ਕੌਮਾਂਤਰੀਕਰਣ ਕਿਸੇ ਵੀ ਤਰ੍ਹਾਂ ਸ਼ਕਤੀ ਅਤੇ ਰਸੂਖ਼ ਲਈ "ਬਹੁ ਗਿਣਤੀ ਵਿੱਚ ਹਿੱਸੇਦਾਰੀ" ਪ੍ਰਾਪਤ ਕਰਨ ਲਈ ਕੌਮੀ ਸਰਮਾਏਦਾਰਾਂ ਦੇ ਤਿੱਖੇ ਹੋਏ ਘੋਲ਼ ਨੂੰ ਖ਼ਤਮ ਨਹੀਂ ਕਰਦਾ। ਲੇਖਕ ਕਹਿੰਦਾ ਹੈ ਕਿ ਕਿਰਤੀ ਇਸ ਤਿੱਖੇ -ਹੋਏ ਘੋਲ਼ ਵਿੱਚ ਖਿੱਚੇ ਆਉਂਦੇ ਹਨ (ਪੰਨਾ 175)। ਇਹ ਪੁਸਤਕ ਅਕਤੂਬਰ 1913 ਵਿੱਚ ਛਪੀ ਹੈ ਅਤੇ ਲੇਖਕ ਬੜੀ ਸਪੱਸ਼ਟਤਾ ਨਾਲ਼ "ਪੂੰਜੀ ਦੇ ਹਿੱਤਾਂ" ਦੇ (ਪੰਨਾ157) ਨਵੀਨ ਯੁੱਧਾਂ ਦਾ ਕਾਰਨ ਹੋਣ ਦੀ ਗੱਲ ਕਰਦਾ ਹੈ। ਉਹ ਕਹਿੰਦਾ ਹੈ ਕਿ "ਕੌਮੀ ਰੌਂ" ਦਾ ਸਵਾਲ ਸੋਸ਼ਲਿਜ਼ਮ ਦਾ ਧੁਰਾ ਬਣ ਜਾਂਦਾ ਹੈ (ਪੰਨਾ 176) ਅਤੇ ਇਹ ਕਿ ਹਕੂਮਤਾਂ ਲਈ ਸੋਸ਼ਲ-ਡੈਮੋਕਰੈਟਾਂ ਦੇ ਕੌਮਾਂਤਰੀ ਪ੍ਰਗਟਾਵਿਆਂ ਤੋਂ ਡਰਨ ਦੀ ਕੋਈ ਲੋੜ ਨਹੀਂ (ਪੰਨਾ 177), ਜਿਹੜੇ ਅਸਲ ਵਿੱਚ ਸਦਾ ਵਧੇਰੇ ਕੌਮੀ ਬਣਦੇ ਜਾ ਰਹੇ ਹਨ (ਪੰਨਾ 103, 110, 173)। ਜੇ ਇਹ ਕਿਰਤੀਆਂ ਨੂੰ ਕੌਮੀ ਅਸਰ ਵਿੱਚੋਂ ਕੱਢ ਸਕੇ ਤਾਂ ਕੌਮਾਂਤਰੀ ਸੋਸ਼ਲਿਜ਼ਮ ਜੇਤੂ ਹੋਵੇਗਾ ਕਿਉਂਕਿ ਕੇਵਲ ਹਿੰਸਾ ਰਾਹੀਂ ਕੁਝ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ; ਪਰ ਜੇ ਕੌਮੀ ਭਾਵਨਾਵਾਂ ਭਾਰੂ ਹੋ ਗਈਆਂ ਤਾਂ ਹਾਰ ਹੋ ਜਾਵੇਗੀ (ਪੰਨਾ 173-174)

ਕੀਤਾ ਹੈ, ਉਹਨਾਂ ਦੀਆਂ ਦਲੀਲਾਂ ਨੂੰ ਅਨੇਕਾਂ ਨਵੇਂ ਭੁਲਾਂਦਰਿਆਂ ਨਾਲ਼ ਭਰਪੂਰ ਕੀਤਾ ਹੈ ਅਤੇ ਅਸੀਂ ਕਹਿ ਸਕਦੇ ਹਾਂ ਕਿ ਅਨੇਕਾਂ ਨਵੀਂਆਂ ਨਦੀਆਂ ਅਤੇ ਨਾਲ਼ਿਆਂ ਨੂੰ ਮੌਕਾ-ਪ੍ਰਸਤੀ ਦੀ ਮੁੱਖ ਧਾਰਾ ਨਾਲ਼ ਮਿਲਾ ਦਿੱਤਾ ਹੈ। ਪਰ ਮੁੱਖ ਧਾਰਾ ਲੋਪ ਨਹੀਂ ਹੋਈ। ਯਥਾਰਥ ਇਹਦੇ ਉਲਟ ਹੈ।

ਸਮਾਜੀ-ਅੰਧਰਾਸ਼ਟਰਵਾਦ ਇੱਕ ਅਜਿਹੀ ਮੌਕਾ-ਪ੍ਰਸਤੀ ਹੈ ਜੋ ਇਸ ਹੱਦ ਤੱਕ ਪੱਕ ਗਈ ਹੈ ਕਿ ਸੋਸ਼ਲਿਸਟ ਪਾਰਟੀਆਂ ਅੰਦਰ ਇਸ ਬੁਰਜੂਆ ਗੜ੍ਹ ਦੀ **ਲਗਾਤਾਰ** ਹੋਂਦ ਅਸੰਭਵ ਹੋ ਗਈ ਹੈ।

ਜਿਹੜੇ ਲੋਕ ਸਮਾਜੀ-ਅੰਧਰਾਸ਼ਟਰਵਾਦ ਅਤੇ ਮੌਕਾ-ਪ੍ਰਸਤੀ ਵਿਚਕਾਰ ਅਤਿ-ਅੰਤ ਨੇੜਵੇਂ ਅਤੇ ਅਟੁੱਟ ਸੰਬਧ ਨੂੰ ਵੇਖਣੋਂ ਇਨਕਾਰੀ ਹਨ ਉਹ ਵਿਕੋਲਤ੍ਰੇ ਉਦਾਹਰਣਾਂ ਨੂੰ ਫ਼ੜਦੇ ਹਨ—ਅਮਕਾ ਜਾਂ ਢਮਕਾਂ ਮੌਕਾ-ਪ੍ਰਸਤ, ਉਹ ਕਹਿੰਦੇ ਹਨ, ਕੌਮਾਂਤਰੀਵਾਦੀ ਹੋ ਗਿਆ ਹੈ; ਅਮਕਾ ਜਾਂ ਢਮਕਾ ਗਰਮ-ਖਿਆਲੀਆਂ ਅੰਧਰਾਸ਼ਟਰਵਾਦੀ ਬਣ ਗਿਆ ਹੈ। ਪਰ ਜਿੱਥੋਂ ਤੱਕ **ਮੁਹਾਣਾਂ** ਦੇ ਵਿਕਾਸ ਦਾ ਸਬੰਧ ਹੈ ਅਜਿਹੀਆਂ ਦਲੀਲਾਂ ਦਾ ਕੋਈ ਵਜ਼ਨ ਨਹੀਂ। ਪਹਿਲੀ ਗੱਲ ਤਾਂ ਇਹ ਕਿ ਮਜ਼ਦੂਰ ਲਹਿਰ ਵਿੱਚ ਅੰਧਰਾਸ਼ਟਰਵਾਦ ਅਤੇ ਮੌਕਾ-ਪ੍ਰਸਤੀ ਦਾ ਆਰਥਕ ਅਧਾਰ ਇੱਕੋ ਹੈ: ਪ੍ਰੋਲੇਤਾਰੀ ਦੀ ਗਿਣਤੀ ਵਿੱਚ ਨਿੱਕੀ ਜਿਹੀ ਉੱਪਰਲੀ ਪਰਤ ਅਤੇ ਨਿੱਕੀ ਬੁਰਜੂਆਜ਼ੀ ਵਿਚਕਾਰ—ਜਿਨ੍ਹਾਂ ਨੂੰ ਉਹਨਾਂ ਦੇ "ਆਪਣੇ" ਕੌਮੀ ਸਰਮਾਏ ਦੇ ਵਿਸ਼ੇਸ਼ ਅਧਿਕਾਰਾਂ ਤੋਂ ਕੁਝ ਬੁਰਕੀਆਂ ਹੀ ਮਿਲਦੀਆਂ ਹਨ—ਆਮ ਪ੍ਰੋਲਤਾਰੀ ਜਨਤਾ ਵਿਰੁੱਧ ਏਕਾ। ਦੂਜੇ, ਦੁਹਾਂ ਮੁਹਾਣਾਂ ਦਾ ਵਿਚਾਰਧਾਰਕ ਅਤੇ ਰਾਜਸੀ ਤੱਤ ਇੱਕੋ ਹੈ। ਤੀਜੇ ਸੋਸ਼ਲਿਸਟਾਂ ਦੀ ਮੌਕਾ-ਪ੍ਰਸਤ ਮੁਹਾਣ ਅਤੇ ਇਨਕਾਲਬੀ ਮੁਹਾਣ ਵਿੱਚ ਵੰਡ, ਜਿਹੜੀ ਦੂਜੀ ਇੰਟਰਨੈਸ਼ਨਲ ਦੇ ਸਮੇਂ (1889-1914) ਦੀ ਲਖਣਾਇਕ ਸੀ, ਮੋਟੇ ਤੌਰ 'ਤੇ ਅੰਧਰਾਸ਼ਟਰਵਾਦੀਆਂ ਅਤੇ ਕੌਮਾਂਤਰੀਵਾਦੀਆਂ ਵਿਚਕਾਰ ਨਵੀਂ ਵੰਡ ਦੀ **ਅਨੁਸਾਰੀ ਹੈ।**

ਇਸ ਅੰਤਲੇ ਬਿਆਨ ਦੀ ਸ਼ੁੱਧਤਾ ਅਨੁਭਵ ਕਰਨ ਲਈ ਮਨੁੱਖ ਨੂੰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸਮਾਜਿਕ ਵਿਗਿਆਨ (ਆਮ ਤੌਰ 'ਤੇ ਵਿਗਿਆਨ ਵਾਂਗ) ਆਮ ਤੌਰ 'ਤੇ **ਸਮੂਹਕ** ਵਰਤਾਰਿਆਂ ਨਾਲ਼ ਸਬੰਧਤ ਹੁੰਦਾ ਹੈ ਵਿਕੋਲਤ੍ਰੇ ਮਾਮਲਿਆਂ ਨਾਲ਼ ਨਹੀਂ। ਆਓ ਅਸੀਂ ਦਸ ਯੂਰਪੀ ਦੇਸ਼ਾਂ ਨੂੰ ਲਈਏ: ਜਰਮਨੀ, ਬਰਤਾਨੀਆ, ਰੂਸ, ਇਟਲੀ, ਹਾਲੈਂਡ, ਸਵੀਡਨ, ਬਲਗੇਰੀਆ, ਸਵਿਟਜ਼ਰਲੈਂਡ, ਫ਼ਰਾਂਸ ਅਤੇ ਬੈਲਜ਼ੀਅਮ। ਪਹਿਲੇ ਅੱਠਾਂ ਦੇਸ਼ਾਂ ਵਿੱਚ ਕੌਮਾਂਤਰੀਵਾਦ ਅਨੁਸਾਰ ਨਵੀਂ ਵੰਡ ਪੁਰਾਣੀ ਵੰਡ (ਮੌਕਾ-ਪ੍ਰਸਤੀ ਅਨੁਸਾਰ) ਦੀ ਅਨੁਸਾਰੀ ਹੈ: ਜਰਮਨੀ ਵਿੱਚ ´Sozialistische Monatshefte[a30] (ਸੋਸ਼ਲਿਸਟ ਮਾਸਕ ਰਸਾਲਾ) ਜਿਹੜਾ ਮੌਕਾ-ਪ੍ਰਸਤੀ ਦਾ ਗੜ੍ਹ ਸੀ ਅੰਧਰਾਸ਼ਟਰਵਾਦ ਦਾ ਗੜ੍ਹ ਬਣ ਗਿਆ ਹੈ, ਕੌਮਾਂਤਰੀਵਾਦ ਦੇ ਵਿਚਾਰਾਂ ਅਤੇ ਅਤਿ ਦੇ ਖੱਬੇ-ਪੱਖੀਆਂ ਦੀ ਪ੍ਰੋੜਤਾ ਪ੍ਰਾਪਤ ਹੈ। ਬਰਤਾਨੀਆ ਵਿੱਚ ਬਰਤਾਨਵੀ ਸੋਸ਼ਲਿਸਟ ਪਾਰਟੀ[31] ਅੰਦਰ ਸੱਤਾਂ ਵਿੱਚੋਂ ਤਿੰਨ ਕੌਮਾਂਤਰੀਵਾਦੀ ਹਨ (ਤਾਜ਼ਾ ਗਿਣਤੀ ਅਨੁਸਾਰ ਕੌਮਾਂਤਰੀਵਾਦੀ ਪ੍ਰਸਤਾਵ ਦੇ ਹੱਕ ਵਿਚ 66 ਵੋਟਾਂ ਪਾਈਆਂ ਅਤੇ ਵਿਰੁੱਧ 84), ਪਰ ਮੌਕਾ-ਪ੍ਰਸਤ **ਗੁੱਟ** (ਲੇਬਰ ਪਾਰਟੀ[32], ਜਮ੍ਹਾਂ ਫ਼ੇਬੀਅਨ[33] ਜਮ੍ਹਾਂ

ਇੰਡੀਪੈਂਡੈਂਟ ਲੇਬਰ ਪਾਰਟੀ[34]) ਵਿੱਚ ਸੱਤਾਂ ਵਿੱਚੋਂ ਇੱਕ ਤੋਂ ਵੀ **ਘੱਟ** ਕੌਮਾਂਤਰੀਵਾਦੀ ਹੈ।* ਰੂਸ ਵਿੱਚ ਖਾਤਮੇਵਾਦੀ "ਨਾਸ਼ਾ ਜ਼ਾਰੀਆ"[37], ਮੌਕਾ-ਪ੍ਰਸਤਾਂ ਦੀ ਮੁੱਖ ਟੇਕ, ਅੰਧਰਾਸ਼ਟਰਵਾਦ ਦੀ ਮੁੱਖ ਟੇਕ ਬਣ ਗਿਆ ਹੈ। ਪਲੈਖ਼ਾਨੋਵ ਅਤੇ ਅਲੈਕਸਿੰਸਕੀ ਵਧੇਰੇ ਖੱਪ ਪਾ ਰਹੇ ਹਨ ਪਰ ਅਸੀਂ ਪੰਜਾਂ ਵਰ੍ਹਿਆਂ (1910-14) ਦੇ ਅਨੁਭਵ ਤੋਂ ਜਾਣਦੇ ਹਾਂ ਕਿ ਉਹ ਰੂਸ ਅੰਦਰ ਜਨਤਾ ਵਿੱਚ ਨੇਮ-ਬੱਧ ਪ੍ਰਚਾਰ ਕਰਨ ਦੇ ਅਸਮੱਰਥ ਹਨ। ਰੂਸ ਵਿੱਚ ਕੌਮਾਂਤਰੀਵਾਦ ਦਾ ਕੇਂਦਰ "ਪਰਾਵਦਾਵਾਦ"[38] ਅਤੇ ਦੂਮਾਂ ਵਿੱਚ ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਹੈ ਜੋ ਉਹਨਾਂ ਉੱਨਤ ਕਿਰਤੀਆਂ ਦੀ ਪ੍ਰਤਿਨਿਧਤਾ ਕਰਦੇ ਹਨ ਜਿਨ੍ਹਾਂ 1912[39] ਵਿੱਚ ਪਾਰਟੀ ਨੂੰ ਮੁੜ ਸਥਾਪਿਤ ਕੀਤਾ।

ਇਟਲੀ ਵਿੱਚ ਬਿਸੋਲਾਤੀ ਅਤੇ ਉਹਦੇ ਸਾਥੀਆਂ ਦੀ ਪਾਰਟੀ ਜਿਹੜੀ ਮੌਕਾ-ਪ੍ਰਸਤ ਸੀ, ਅੰਧਰਾਸ਼ਟਰਵਾਦੀ ਬਣ ਗਈ ਹੈ। **ਕਿਰਤੀਆਂ** ਦੀ ਪਾਰਟੀ ਕੌਮਾਂਤਰੀਵਾਦ ਦੀ ਪ੍ਰਤਿਨਿਧ ਹੈ। ਆਮ ਕਿਰਤੀ **ਜਨਤਾ** ਇਸ ਪਾਰਟੀ ਦੇ ਨਾਲ਼ ਹੈ; ਮੌਕਾ-ਪ੍ਰਸਤ, ਪਾਰਲੀਮਾਨੀਵਾਦੀ ਅਤੇ ਨਿੱਕੀ ਬੁਰਜੂਆਜ਼ੀ ਅੰਧਰਾਸ਼ਟਰਵਾਦੀ ਹਨ। ਕਈ ਮਹੀਨਿਆਂ ਦੇ ਦੌਰਾਨ ਇਟਲੀ ਵਿੱਚ ਇੱਕ ਅਜ਼ਾਦ ਚੋਣ ਕੀਤੀ ਜਾ ਸਕਦੀ ਸੀ ਅਤੇ ਕੀਤੀ ਗਈ, ਸਬੱਬੀ ਤੌਰ 'ਤੇ ਨਹੀਂ ਸਗੋਂ ਆਮ ਪ੍ਰੋਲੇਤਾਰੀ ਅਤੇ ਨਿੱਕ-ਬੁਰਜੂਆ ਟੋਲੀਆਂ ਦੇ ਸ਼੍ਰੇਣੀ ਦ੍ਰਿਸ਼ਟੀਕੋਣ ਅਨੁਸਾਰ।

ਹਾਲੈਂਡ ਵਿੱਚ ਤ੍ਰੋਏਲਸਤਰਾ ਦੀ ਮੌਕਾ-ਪ੍ਰਸਤ ਪਾਰਟੀ ਆਮ ਤੌਰ 'ਤੇ ਅੰਧਰਾਸ਼ਟਰਵਾਦ ਨੂੰ ਕਬੂਲ ਕਰ ਗਈ ਹੈ (ਸਾਨੂੰ ਇਸ ਗੱਲੋਂ ਧੋਖਾ ਨਹੀਂ ਖਾਣਾ ਚਾਹੀਦਾ ਕਿ ਹਾਲੈਂਡ ਵਿੱਚ ਵੱਡੀ ਬੁਰਜੂਆਜ਼ੀ ਵਾਂਗ ਨਿੱਕੀ ਬੁਰਜੂਆਜ਼ੀ ਵੀ ਜਰਮਨੀ ਨੂੰ ਵਿਸ਼ੇਸ਼ ਤੌਰ 'ਤੇ ਘ੍ਰਿਣਾ ਕਰਦੀ ਹੈ ਕਿਉਂਕਿ ਉਹ ਉਹਨਾਂ ਨੂੰ "ਸਭ ਤੋਂ ਸੌਖੀ ਤਰ੍ਹਾਂ" ਹੜੱਪ ਕਰ ਸਕਦਾ ਹੈ)। ਗੋਰਟਰ ਅਤੇ ਪਾਨੇਕੁਕ ਦੀ ਅਗਵਾਈ ਹੇਠ ਕੰਮ ਕਰਨ ਵਾਲ਼ੀ ਮਾਰਕਸਵਾਦੀ ਪਾਰਟੀ ਹੀ ਹੈ ਜਿਸਨੇ ਦ੍ਰਿੜ, ਸੱਚੇ, ਜੁਸ਼ੀਲੇ ਅਤੇ ਨਿਸ਼ਚੇਵਾਨ ਕੌਮਾਂਤਰੀਵਾਦੀ ਪੈਦਾ ਕੀਤੇ ਹਨ। ਸਵੀਡਨ ਵਿੱਚ ਮੌਕਾ-ਪ੍ਰਸਤ ਲੀਡਰ ਬਰਾਨਟਿੰਗ ਜਰਮਨੀ ਦੇ ਸੋਸ਼ਲਿਸਟਾਂ ਉੱਤੇ ਧੋਖੇ ਦਾ ਦੋਸ਼ ਲਾਏ ਜਾਣ ਉੱਤੇ ਨਾਰਾਜ਼ ਹੈ, ਪਰ ਖੱਬੇ-ਪੱਖੀਆਂ ਦੇ ਨੇਤਾ ਹੇਗਲੁੰਡ ਨੇ ਕਿਹਾ ਹੈ ਕਿ ਉਹਦੇ ਕੁਝ ਅਨੁਸਾਰੀਆਂ ਦਾ ਐਨ ਇਹੋ ਵਿਚਾਰ ਹੈ (ਵੇਖੋ "ਸੋਤਸਿਆਲ-ਦੈਮੋਕਰਾਤ", ਅੰਕ 36)। ਬਲਗੇਰੀਆ ਵਿੱਚ "ਤੇਸਨਯਾਕੀਆਂ"[40] ਨੇ, ਜੋ ਮੌਕਾ-ਪ੍ਰਸਤੀ ਦੇ ਵਿਰੋਧੀ ਹਨ ਆਪਣੇ ਅਖ਼ਬਾਰ ("ਨੋਵੋ ਵਰੇਮੇ")[41] ਵਿੱਚ ਜਰਮਨ ਸੋਸ਼ਲ-ਡੈਮੋਕਰੈਟਾਂ ਉੱਤੇ "ਇੱਕ ਗੰਦਾ ਕੰਮ

---

* ਅਕਸਰ **ਇਕੱਲੀ** ਇੰਡੀਪੈਂਡੈਂਟ ਲੇਬਰ ਪਾਰਟੀ ਦਾ ਹੀ ਬਰਤਾਨਵੀ ਸੋਸ਼ਲਿਸਟ ਪਾਰਟੀ ਨਾਲ ਮੁਕਾਬਲਾ ਕੀਤਾ ਜਾਂਦਾ ਹੈ। ਇਹ ਗੱਲ ਗ਼ਲਤ ਹੈ। ਸਾਨੂੰ ਬੁਨਿਆਦੀ ਗੱਲਾਂ ਨੂੰ ਵਿਚਾਰਨਾ ਚਾਹੀਦਾ ਹੈ, ਜਥੇਬੰਦੀ ਦੇ ਰੂਪਾਂ ਨੂੰ ਨਹੀਂ। ਰੋਜ਼ਾਨਾ ਅਖ਼ਬਾਰਾਂ ਨੂੰ ਹੀ ਲਓ: ਉਹਨਾਂ ਦੀ ਗਿਣਤੀ ਦੋ ਹੈ: ਇੱਕ 'Daily Herald[a35] ਸੋਸ਼ਲਿਸਟ ਪਾਰਟੀ ਦਾ ਤਰਜਮਾਨ ਅਤੇ ਦੂਜਾ 'Daily Citizen[a36] ਮੌਕਾਪ੍ਰਸਤ ਗੁਟ ਦਾ ਤਰਜ਼ਮਾਨ। ਰੋਜ਼ਾਨਾ ਅਖ਼ਬਾਰ ਪ੍ਰਾਪੇਗੰਡਾ, ਐਜ਼ੀਟੇਸ਼ਨ ਅਤੇ ਜਥੇਬੰਦੀ ਦਾ ਵਾਸਤਵਿਕ ਕੰਮ ਕਰਦੇ ਹਨ।

ਕਰਨ ਦਾ "ਦੋਸ਼ ਲਾਇਆ ਹੈ। ਸਵਿਟਜ਼ਰਲੈਂਡ ਵਿੱਚ ਮੌਕਾ-ਪ੍ਰਸਤ ਗਰੈਲਿਖ ਦੇ ਅਨੁਸਾਰੀ ਜਰਮਨ ਸੋਸ਼ਲ-ਡੈਮੋਕਰੈਟਾਂ ਨੂੰ ਹੱਕੀ ਠਹਿਰਾਉਣ ਵੱਲ ਝੁਕਾਅ ਰੱਖਦੇ ਹਨ (ਵੇਖੋ ਉਹਨਾਂ ਦਾ ਤਰਜ਼ਮਾਨ ਜ਼ਿਊਰਿਖ਼ ਦਾ ´ Volksrechet[a42]), ਪਰ ਜਿਹੜੇ ਕਿਤੇ ਵਧੇਰੇ ਗ਼ਰਮ-ਖਿਆਲ ਆਰ. ਗਰਿਮ ਦੀ ਹਮਾਇਤ ਕਰਦੇ ਹਨ। ਉਹਨਾਂ ਬਰਨ ਦੇ ਅਖ਼ਬਾਰ ´Berner Tagwacht[a43] ਨੂੰ ਜਰਮਨ ਖੱਬੇ-ਪੱਖੀਆਂ ਦੇ ਤਰਜ਼ਮਾਨ ਵਿੱਚ ਤਬਦੀਲ ਕਰ ਦਿੱਤਾ ਹੈ। ਦੇਸ਼ਾਂ ਵਿੱਚੋਂ ਕੇਵਲ ਦੋ ਦੇਸ਼—ਫ਼ਰਾਂਸ ਅਤੇ ਬੈਲਜੀਅਮ—ਛੋਟਾਂ ਹਨ, ਪਰ ਇੱਥੇ ਵੀ ਬਿਲਕੁਲ ਠੀਕ ਗੱਲ ਕਰਦਿਆਂ ਅਸੀਂ ਕੌਮਾਂਤਰੀਵਾਦੀਆਂ ਦੀ ਅਣਹੋਂਦ ਨਹੀਂ ਸਗੋਂ ਉਹਨਾਂ ਦੀ ਅਤਿ-ਅੰਤ ਕਮਜ਼ੋਰੀ ਅਤੇ ਨਿਰਾਸ਼ਾ ਵੇਖਦੇ ਹਾਂ (ਕੁਝ ਹੱਦ ਤੱਕ ਇਹ ਅਜਿਹੇ ਕਾਰਨਾਂ ਕਰਕੇ ਹੈ ਜਿਹੜੇ ਸੌਖੇ ਹੀ ਸਮਝ ਆ ਸਕਦੇ ਹਨ); ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਵਾਇਯਾਂ ਨੇ ´ LíHumanitÈ[a44] ਵਿੱਚ ਖ਼ੁਦ ਮੰਨਿਆ ਹੈ ਕਿ ਉਹਨੂੰ ਆਪਣੇ ਪਾਠਕਾਂ ਵਲੋਂ ਕੌਮਾਂਤਰੀਵਾਦੀ ਖ਼ਤ ਆਏ ਹਨ, ਪਰ ਉਹਨੇ ਇਹਨਾਂ ਵਿੱਚੋਂ **ਇੱਕ ਵੀ ਨਹੀਂ** ਛਾਪਿਆ!

ਮੋਟੇ ਮੋਟੇ ਤੌਰ ਉੱਤੇ ਜੇ ਅਸੀਂ ਮੁਹਾਣਾਂ ਅਤੇ ਰੌਆਂ ਨੂੰ ਲਈਏ ਤਾਂ ਸਾਨੂੰ ਮੰਨਣਾ ਪੈਂਦਾ ਹੈ ਕਿ ਯੂਰਪੀ ਸੋਸ਼ਲਿਜ਼ਮ ਦੇ ਮੌਕਾ-ਪ੍ਰਸਤ ਹਿੱਸੇ ਨੇ ਸੋਸ਼ਲਿਜ਼ਮ ਨਾਲ਼ ਧੋਖਾ ਕੀਤਾ ਹੈ ਅਤੇ ਭਗੌੜਾ ਬਣਕੇ ਅੰਧਰਾਸ਼ਟਰਵਾਦ ਨਾਲ਼ ਜਾ ਰਲਿਆ ਹੈ। ਇਹਦੀ ਸ਼ਕਤੀ ਅਤੇ ਸਰਕਾਰੀ ਪਾਰਟੀਆਂ ਅੰਦਰ ਇਹਦੀ ਜਾਪਦੀ ਸਰਵ-ਸ਼ਕਤੀਮਾਨਤਾ ਦਾ ਸੋਮਾ ਕੀ ਹੈ? ਹੁਣ ਜਦੋਂ ਉਹ ਆਪ ਇਹਦੇ ਨਾਲ਼ ਸਬੰਧਤ ਹੈ, ਕਾਊਟਸਕੀ, ਜਿਸਨੂੰ ਇਤਿਹਾਸ ਸਬੰਧੀ ਸਵਾਲ ਖੜੇ ਕਰਨ ਦੀ ਬਹੁਤ ਸੁਹਣੀ ਜਾਚ ਹੈ, ਵਿਸ਼ੇਸ਼ ਤੌਰ 'ਤੇ ਜੇ ਉਹ ਪ੍ਰਾਚੀਨ ਰੋਮ ਜਾਂ ਅਜਿਹੇ ਹੀ ਮਾਮਲਿਆਂ ਸਬੰਧੀ ਹੋਣ ਜਿਨ੍ਹਾਂ ਦਾ ਸਾਡੇ ਸਮਿਆਂ ਦੇ ਮਾਮਲਿਆਂ ਨਾਲ਼ ਕੋਈ ਸਬੰਧ ਨਹੀਂ, ਮਕਰੀ ਢੰਗ ਨਾਲ਼ ਸਮਝ ਨਾ ਆਉਣ ਦਾ ਬਹਾਨਾ ਘੜਦਾ ਹੈ। ਮੌਕਾ-ਪ੍ਰਸਤਾਂ ਅਤੇ ਅੰਧਰਾਸ਼ਟਰਵਾਦੀਆਂ ਦੀ ਅਥਾਹ ਸ਼ਕਤੀ ਦਾ ਸੋਮਾ ਬੁਰਜੂਆਜ਼ੀ ਨਾਲ਼, ਹਕੂਮਤਾਂ ਅਤੇ ਫ਼ੌਜਾਂ ਦੇ ਜਨਰਲ ਸਟਾਫ਼ਾਂ ਨਾਲ਼ **ਉਹਨਾਂ ਦਾ ਸਮਝੌਤਾ** ਹੈ। ਰੂਸ ਵਿੱਚ ਅਕਸਰ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਜਾਂਦਾ, ਜਿੱਥੇ ਇਹ ਫ਼ਰਜ਼ ਕਰ ਲਿਆ ਜਾਂਦਾ ਹੈ ਕਿ ਮੌਕਾ-ਪ੍ਰਸਤ ਸੋਸ਼ਲਿਸਟ ਪਾਰਟੀਆਂ ਦਾ ਇੱਕ **ਹਿੱਸਾ** ਹਨ, ਕਿ ਹਰ ਸਮੇਂ ਇਹਨਾਂ ਪਾਰਟੀਆਂ ਵਿੱਚ ਦੋ ਅਤਿ ਦੇ ਪੱਖ ਰਹੇ ਹਨ ਅਤੇ ਰਹਿਣਗੇ, ਕਿ "ਹਰ ਤਰ੍ਹਾਂ ਦੀ ਅਤਿ" ਤੋਂ ਬਚਣਾ ਚਾਹੀਦਾ ਹੈ, ਇਤਿਆਦ— ਅਤੇ ਅਜਿਹੇ ਹੀ ਅਨੇਕਾਂ ਹੋਰ ਅਸੱਭਿਅਕ ਰਟੇ ਰਟਾਏ ਗੁਰ।

ਅਸਲ ਵਿੱਚ ਕਿਰਤੀਆਂ ਦੀਆਂ ਪਾਰਟੀਆਂ ਵਿੱਚ ਮੌਕਾ-ਪ੍ਰਸਤਾਂ ਦੀ ਰਸਮੀ ਮੈਂਬਰਸ਼ਿਪ ਕਿਸੇ ਵੀ ਤਰ੍ਹਾਂ ਉਹਨਾਂ ਦੇ ਬਾਹਰਮੁਖੀ ਤੌਰ 'ਤੇ ਬੁਰਜੂਆਜ਼ੀ ਦਾ ਇੱਕ ਰਾਜਸੀ ਦਸਤਾ, ਇਹਦੇ ਰਸੂਖ਼ ਨੂੰ ਚਲਾਉਣ ਵਾਲ਼ੇ ਅਤੇ ਮਜ਼ਦੂਰ ਲਹਿਰ ਵਿੱਚ ਇਹਦੇ ਦਲਾਲ ਹੋਣ ਨੂੰ ਗ਼ਲਤ ਸਾਬਤ ਨਹੀਂ ਕਰਦੀ। ਜਦੋਂ ਮੌਕਾ-ਪ੍ਰਸਤ ਜ਼ੂਦੇਕੁਮ ਨੇ, ਜਿਸਦਾ ਪ੍ਰਸਿੱਧੀ ਦਾ ਦਾਅਵਾ ਹੇਰੋਸਟਰਾਟਸ[45] ਜਿਹਾ ਹੈ, ਮਨਾਉਣੇ ਢੰਗ ਨਾਲ਼ ਇਸ ਸਮਾਜੀ ਅਤੇ ਸ਼੍ਰੇਣੀ ਸੱਚ ਨੂੰ ਸਾਬਤ ਕਰ ਦਿੱਤਾ ਤਾਂ ਅਨੇਕ ਭਲੇ ਲੋਕਾਂ ਦਾ ਮੂੰਹ ਹੈਰਾਨੀ ਨਾਲ਼ ਟੱਡਿਆ ਰਹਿ ਗਿਆ। ਫ਼ਰਾਂਸੀਸੀ ਸੋਸ਼ਲਿਸਟ ਅਤੇ ਪਲੈਖ਼ਾਨੋਵ ਘ੍ਰਿਣਾ ਨਾਲ਼ ਜ਼ੂਦੇਕੁਮ ਵੱਲ ਇਸ਼ਾਰਾ ਕਰਦੇ ਹਨ—

ਭਾਵੇਂ ਜੇ ਵਾਂਡਰਵੇਲਡੇ, ਸੇਮਬਾਤ ਜਾਂ ਪਲੇਖ਼ਾਨੋਵ ਨੇ ਸ਼ੀਸ਼ੇ ਵਿੱਚ ਝਾਤ ਮਾਰੀ ਹੁੰਦੀ ਤਾਂ ਉਹਨਾਂ ਨੂੰ ਥੋੜੇ ਵੱਖਰੇ ਕੌਮੀ ਨਕਸ਼ਾਂ ਵਾਲ਼ੇ **ਜੂਦੇਕੁਮ ਤੋਂ ਬਿਨਾਂ** ਹੋਰ ਕੁਝ ਨਾ ਦਿਸਦਾ। ਜਰਮਨ ਕਾਰਜ-ਕਾਰਨੀ (Vorstand) ਨੇ, ਜੋ ਹੁਣ ਕਾਊਟਸਕੀ ਦੀ ਸ਼ਲਾਘਾ ਕਰਦੀ ਹੈ ਅਤੇ ਜਿਸਦੀ ਕਾਊਟਸਕੀ ਸ਼ਲਾਘਾ ਕਰਦਾ ਹੈ, ਚੇਤੰਨਤਾ, ਨਿਰਮਾਣ ਢੰਗ ਅਤੇ ਸਾਊ ਢੰਗ ਨਾਲ਼ (ਜ਼ੂਦੇਕੁਮ ਦਾ ਨਾਂ ਲਏ ਬਿਨਾਂ)—ਇਹ ਐਲਾਨ ਕਰਨ ਦੀ ਕਾਹਲ਼ ਕੀਤੀ ਹੈ ਕਿ ਉਹ ਜ਼ੂਦੇਕਮ ਦੀ ਸੇਧ ਨਾਲ਼ "ਸਹਿਮਤ ਨਹੀਂ"।

ਇਹ ਹਾਸੋ-ਹੀਣੀ ਗੱਲ ਹੈ, ਕਿਉਂਕਿ, ਨਾਜ਼ੁਕ ਘੜੀ ਇੱਕਲਾ ਜ਼ੂਦੇਕੁਮ ਹੀ ਅਸਲ ਵਿੱਚ ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦੀਆਂ ਨੀਤੀਆਂ ਵਿੱਚ, ਸੌ ਹਾਸਾਂ ਜਾਂ ਕਾਊਟਸਕੀਆਂ ਨਾਲੋਂ ਬਲਵਾਨ ਸਾਬਤ ਹੋਇਆ ਸਭਨਾਂ ਮੁਹਾਣਾਂ ਨਾਲੋਂ, (ਐਨ, ਉਸੇ ਤਰ੍ਹਾਂ ਜਿਵੇਂ "ਨਾਸ਼ਾ ਜ਼ਾਰੀਆ" ਇੱਕਲਾ ਬਰਸੇਲਜ਼ ਟੋਲੀ[46] ਦੇ, ਜੋ ਉਸ ਅਖ਼ਬਾਰ ਨਾਲ਼ੋਂ ਰਿਸ਼ਤਾ ਤੋੜਨੋ ਡਰਦੀ ਹੈ, ਬਲਵਾਨ ਹੈ)।

ਅਜਿਹਾ ਕਿਉਂ ਹੋਇਆ ? ਕਿਉਂਕਿ ਜ਼ੂਦੇਕੁਮ ਦੀ ਪਿੱਠ ਉੱਤੇ ਇੱਕ ਵੱਡੀ ਤਾਕਤ ਦੀ ਬੁਰਜੂਆਜ਼ੀ, ਹਕੂਮਤ ਅਤੇ ਫ਼ੌਜ ਦਾ ਜਨਰਲ ਸਟਾਫ਼ ਹਨ। ਉਹ ਹਜ਼ਾਰ ਤਰੀਕਿਆਂ ਨਾਲ਼ ਜ਼ੂਦੇਕੁਮ ਦੀ ਨੀਤੀ ਦੀ ਸਹਾਇਤਾ ਕਰਦੇ ਹਨ ਜਦੋਂ ਕਿ ਉਹਦੇ ਵਿਰੋਧੀਆਂ ਦੀ ਨੀਤੀ ਨੂੰ ਜੇਲ੍ਹਾਂ, ਅਤੇ ਗੋਲ਼ੀ-ਮਾਰ ਦਸਤੇ ਸਮੇਤ, ਹਰ ਤਰੀਕੇ ਨਾਲ਼ ਅਸਫ਼ਲ ਬਣਾਇਆ ਜਾਂਦਾ ਹੈ। ਜ਼ੂਦੇਕੁਮ ਦੀ ਅਵਾਜ਼ ਬੁਰਜੂਆ ਅਖ਼ਬਾਰਾਂ ਦੀਆਂ ਲਖੂਖਾ ਪ੍ਰਤੀਆਂ ਰਾਹੀਂ ਜਨਤਾ ਤੱਕ ਅਪੜਦੀ ਹੈ (ਐਨ ਉਸੇ ਤਰ੍ਹਾਂ ਜਿਵੇਂ ਵਾਂਡਰਵੇਲਡੇ , ਸੇਮਬਾਤ ਅਤੇ ਪਲੈਖ਼ਾਨੋਵ ਦੀ ਅਵਾਜ਼ ਅਪੜਦੀ ਹੈ), ਪਰ ਇਹਦੇ ਵਿਰੋਧੀਆਂ ਦੀਆਂ ਅਵਾਜ਼ਾਂ ਫ਼ੌਜੀ ਸੈਂਸਰਸ਼ਿਪ ਕਾਰਨ ਕਾਨੂੰਨੀ ਅਖ਼ਬਾਰਾਂ ਵਿੱਚ **ਨਹੀਂ** ਸੁਣੀਆਂ ਜਾ ਸਕਦੀਆਂ।

ਇਸ ਗੱਲ ਸਬੰਧੀ ਆਮ ਸੰਮਤੀ ਹੈ ਕਿ ਮੌਕਾਪ੍ਰਸਤੀ ਵਿਅਕਤੀਆਂ ਵਲੋ ਕੋਈ ਸਬੱਬੀ ਵਰਤਾਰਾ, ਪਾਪ, ਭੁੱਲ ਜਾਂ ਧੋਖਾ ਨਹੀਂ, ਸਗੋਂ ਇਤਿਹਾਸ ਦੇ ਇੱਕ ਪੂਰੇ ਯੁੱਗ ਦੀ ਸਮਾਜੀ ਉਪਜ ਹੈ। ਇਸ ਸੱਚ ਦੀ ਮਹੱਤਤਾ ਵੱਲ ਸਦਾ ਹੀ ਚੋਖਾ ਧਿਆਨ ਨਹੀਂ ਦਿੱਤਾ ਜਾਂਦਾ। ਕਾਨੂੰਨੀਵਾਦ ਨੇ ਮੌਕਾਪ੍ਰਸਤੀ ਦੀ ਪਰਵਈ ਕੀਤੀ ਹੈ। 1881 ਅਤੇ 1914 ਦੇ ਵਿਚਕਾਰਲੇ ਸਮੇਂ ਵਿੱਚ ਕਿਰਤੀਆਂ ਦੀਆਂ ਪਾਰਟੀਆਂ ਨੂੰ ਬੁਰਜੂਆ ਕਾਨੂੰਨੀਵਾਦ ਦਾ ਲਾਭ ਉਠਾਉਣਾ ਪਿਆ। ਜਦੋਂ ਸੰਕਟ ਆਇਆ ਤਾਂ ਉਹਨਾਂ ਨੂੰ ਕੰਮ ਦੇ ਗ਼ੈਰ-ਕਾਨੂੰਨੀ ਢੰਗ ਅਪਣਾਉਣੇ ਚਾਹੀਦੇ ਸਨ (ਪਰ ਇਹ ਅਤਿ-ਅੰਤ ਬਲ ਅਤੇ ਦ੍ਰਿੜਤਾ ਨੂੰ ਅਨੇਕ ਹੋਰ ਚਾਲਾਂ ਨਾਲ਼ ਮਿਲਾਏ ਬਿਨਾਂ ਨਹੀਂ ਕੀਤਾ ਜਾ ਸਕਦਾ)। ਇੱਕ **ਇੱਕਲਾ** ਜ਼ੂਦੇਕੁਮ ਗ਼ੈਰ-ਕਾਨੂੰਨੀ ਢੰਗ ਅਪਣਾਏ ਜਾਣੋਂ ਰੋਕਣ ਲਈ ਕਾਫ਼ੀ ਸੀ, ਕਿਉਂਕਿ ਇਤਿਹਾਸਕ-ਦਾਰਸ਼ਨਿਕ ਅਰਥਾਂ ਵਿੱਚ ਗੱਲ ਕਰਦਿਆਂ, ਸਾਰਾ "ਪੁਰਾਣਾ ਸੰਸਾਰ" ਉਹਦੀ ਪਿੱਠ 'ਤੇ ਹੈ ਅਤੇ ਅਮਲੀ ਰਾਜਨੀਤੀ ਦੇ ਪੱਖ ਤੋਂ ਗੱਲ ਕਰਦਿਆਂ ਉਹਨੇ, ਜ਼ੂਦੇਕੁਮ ਨੇ, ਬੁਰਜੂਆਜ਼ੀ ਨੂੰ ਉਹਦੇ ਸ਼੍ਰੇਣੀ ਦੁਸ਼ਮਣ ਦੀਆਂ ਸਭੇ ਯੋਜਨਾਵਾਂ ਦੱਸ ਦਿੱਤੀਆਂ ਹਨ ਅਤੇ ਦੱਸ ਦੇਵੇਗਾ।

ਤੱਥ ਤਾਂ ਇਹ ਹੈ ਕਿ ਸਮੁੱਚੀ ਜਰਮਨ ਸੋਸ਼ਲ-ਡੈਮੋਕਰੈਟ ਪਾਰਟੀ (ਅਤੇ ਇਹੋ

ਗੱਲ ਫ਼ਰਾਂਸੀਸੀ ਅਤੇ **ਹੋਰ** ਪਾਰਟੀਆਂ ਸਬੰਧੀ ਵੀ ਠੀਕ ਹੈ), **ਕੇਵਲ** ਉਹੋ ਕੁਝ ਕਰਦੀਆਂ ਹਨ ਜੋ ਜ਼ੂਦੇਕੁਮ ਨੂੰ ਪਸੰਦ ਹੈ, ਜੋ ਜ਼ੂਦੇਕੁਮ ਸਹਾਰ ਸਕਦਾ ਹੈ। ਕਾਨੂੰਨੀ ਤੌਰ 'ਤੇ ਹੋਰ ਕੁਝ **ਨਹੀਂ** ਕੀਤਾ ਜਾ ਸਕਦਾ। ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਜੋ ਕੁਝ ਵੀ **ਇਮਾਨਦਾਰ** ਅਤੇ ਸੱਚ-ਮੁੱਚ ਸੋਸ਼ਲਿਸਟ ਵਾਪਰਦਾ ਹੈ ਉਹ ਉਹਦੇ ਕੇਂਦਰਾਂ ਦਾ **ਵਿਰੋਧ** ਕਰਕੇ ਵਾਪਰਦਾ ਹੈ, ਇਹਦੀ ਕਾਰਜ-ਕਰਨੀ ਅਤੇ ਕੇਂਦਰੀ ਤਰਜਮਾਨ ਤੋਂ ਇੱਕ **ਲਾਂਭੇ ਹੋ ਕੇ** ਵਾਪਰਦਾ ਹੈ, ਜਥੇਬੰਦਕ ਡਸਿਪਲਿਨ **ਤੋੜ ਕੇ**, **ਗੁੱਟਬੰਦਕ ਢੰਗ ਨਾਲ਼** ਵਾਪਰਦਾ ਹੈ, ਇੱਕ ਨਵੀਂ ਪਾਰਟੀ ਦੇ ਨਵੇਂ ਅਤੇ ਬੇਨਾਮ ਕੇਂਦਰਾਂ ਦੇ ਨਾਂ 'ਤੇ ਵਾਪਰਦਾ ਹੈ, ਜਿਹਾ ਕਿ, ਮਿਸਾਲ ਵਜੋਂ ਜਰਮਨ ਖੱਬੇ-ਪੱਖੀਆਂ ਦੇ ਮੈਨੀਫ਼ੈਸਟੋ ਸਬੰਧੀ ਹੋਇਆ, ਜੋ ਇਸ ਵਰ੍ਹੇ ਦੀ 31 ਮਈ[47] ਦੇ 'Berner Tagwacht'ਵਿੱਚ ਛਾਪਿਆ ਗਿਆ। ਤੱਥ ਤਾਂ ਇਹ ਹੈ ਕਿ ਇੱਕ **ਨਵੀਂ** ਪਾਰਟੀ ਉੱਭਰ ਰਹੀ ਹੈ, ਬਲਵਾਨ ਹੋ ਰਹੀ ਅਤੇ ਜਥੇਬੰਦ ਕੀਤੀ ਜਾ ਰਹੀ ਹੈ, ਇੱਕ ਕਿਰਤੀਆਂ ਦੀ ਸੱਚੀ ਪਾਰਟੀ, ਇੱਕ ਸੱਚੀ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਪਾਰਟੀ ਜਿਹੜੀ ਲੇਗਿਨ, ਜ਼ੂਦੇਕੁਮ, ਕਾਊਟਸਕੀ, ਹਾਸ, ਸ਼ੀਦੇਮਾਨ ਅਤੇ ਉਹਨਾਂ ਦੇ ਸਾਥੀਆਂ ਦੀ ਪੁਰਾਣੀ ਅਤੇ ਭ੍ਰਿਸ਼ਟ ਕੌਮੀ-ਉਦਾਰਪੰਥੀ ਪਾਰਟੀ ਜਿਹੀ ਨਹੀਂ।*

ਇਸ ਲਈ ਇਹ ਡੂੰਘਾ ਇਤਿਹਾਸਕ ਸੱਚ ਸੀ, ਜਿਹੜਾ ਮੌਕਾਪ੍ਰਸਤ "ਮਾਨੀਟਰ" ਨੇ ਪੁਰਾਤਨਵਾਦੀ ਅਖ਼ਬਾਰ "ਪ੍ਰੈਸਿਮੇ ਯਾਰਬੂਖੇਰ"[48] ਵਿੱਚ ਉਗਲ ਦਿੱਤਾ ਜਦੋਂ ਉਹਨੇ ਕਿਹਾ ਕਿ ਇਹ ਮੌਕਾਪ੍ਰਸਤਾਂ (**ਅਰਥਾਤ ਬੁਰਜੂਆਜ਼ੀ**) ਲਈ ਮਾੜਾ ਹੋਵੇਗਾ, ਜੇ ਅਜੋਕੇ ਸੋਸ਼ਲ-ਡੈਮੋਕਰੈਟਕ **ਸੱਜੇ-ਪੱਖ ਵੱਲ ਮੁੜ ਪੈਣ**—ਕਿਉਂਕਿ ਉਸ ਹਾਲਤ ਵਿੱਚ ਕਿਰਤੀ ਇਹਨੂੰ ਛੱਡ ਜਾਣਗੇ। ਮੌਕਾ-ਪ੍ਰਸਤਾਂ (ਅਤੇ ਬੁਰਜੂਆਜ਼ੀ ਨੂੰ) ਉਹੋ ਜਿਹੀ ਪਾਰਟੀ ਦੀ ਲੋੜ ਹੈ ਜਿਹੋ ਜਿਹੀ

---

* 4 ਅਗਸਤ ਦੀਆਂ ਇਤਿਹਾਸਕ ਵੋਟਾਂ (ਯੁੱਧ ਲਈ ਰਕਮਾਂ ਮਨਜ਼ੂਰ ਕਰਨ ਸਬੰਧੀ- ਸੰਪਾ:) ਪੈਣ ਤੋਂ ਪਹਿਲਾਂ ਜੋ ਕੁਝ ਵਾਪਰਿਆ ਉਹ ਅਤਿ-ਅੰਤ ਲਖਣਾਇਕ ਹੈ। ਸਰਕਾਰੀ ਪਾਰਟੀ ਨੇ ਇਹ ਕਹਿ ਕੇ ਕਿ ਬਹੁ-ਗਿਣਤੀ ਨੇ ਫ਼ੈਸਲਾ ਕੀਤਾ ਅਤੇ ਸਭਨਾਂ ਨੇ ਸਰਬ-ਸਮੰਤੀ ਨਾਲ਼ ਹੱਕ ਵਿੱਚ ਵੋਟਾਂ ਦਿੱਤੀਆਂ, ਇਸ ਘਟਨਾ ਉੱਤੇ ਨੌਕਰਸ਼ਾਹੀ ਪਖੰਡ ਦਾ ਪਰਦਾ ਪਾ ਦਿੱਤਾ ਹੈ। ਪਰ ਸ਼ੇਟਰੇਬੇਲ ਨੇ ਇਸ ਪਖੰਡ ਦਾ ਪਾਜ ਉਘੇੜ ਦਿੱਤਾ ਜਦੋਂ ਉਹਨੇ 'Die Internationale' ਵਿੱਚ ਸੱਚ ਦੱਸ ਦਿੱਤਾ। ਰਾਈਖ਼ਸਟਾਗ ਦੇ ਸੋਸ਼ਲ-ਡੈਮੋਕਰੈਟਿਕ ਮੈਂਬਰ **ਦੋ** ਟੋਲੀਆਂ ਵਿੱਚ ਵੰਡੇ ਗਏ ਜਿਨ੍ਹਾਂ ਵਿੱਚੋਂ ਹਰ ਇੱਕ ਇੱਕ **ਅੰਤਮ-ਚਿਤਾਉਣੀ**, ਅਰਥਾਤ ਇੱਕ ਭਿੰਨ-ਮਤੀਆ ਫ਼ੈਸਲਾ, ਅਰਥਾਤ ਅਜਿਹਾ ਫ਼ੈਸਲਾ ਜਿਸ ਨਾਲ਼ ਦੁਫ਼ੇੜ ਪੈ ਸਕਦੀ ਸੀ, ਲੈ ਕੇ ਆਇਆ। ਇੱਕ ਟੋਲੀ, ਮੌਕਾਪ੍ਰਸਤਾਂ ਨੇ, ਜਿਨ੍ਹਾਂ ਦੀ ਗਿਣਤੀ ਲਗਭਗ ਤੀਹ ਸੀ, **ਹਰ ਹਾਲਤ ਵਿੱਚ ਹੱਕ ਵਿੱਚ** ਵੋਟ ਦੇਣ ਦਾ ਫ਼ੈਸਲਾ ਕੀਤਾ; ਦੂਜੀ ਖੱਬੇ-ਪੱਖੀ ਟੋਲੀ ਨੇ, ਜਿਸ ਵਿੱਚ ਲਗ-ਭਗ ਪੰਦਰਾਂ ਲੋਕ ਸਨ—ਘੱਟ ਦ੍ਰਿੜਤਾ ਨਾਲ਼—ਵਿਰੁੱਧ ਵੋਟ ਦੇਣ ਦਾ ਫ਼ੈਸਲਾ ਕੀਤਾ। ਜਦੋਂ "ਕੇਂਦਰ" ਅਰਥਾਤ "ਜਿਲ੍ਹਣ" ਨੇ ਜਿਹੜੇ ਕਦੇ ਦ੍ਰਿੜ੍ਹ ਫ਼ੈਸਲਾ ਨਹੀਂ ਕਰਦੇ, ਮੌਕਾਪ੍ਰਸਤਾਂ ਨਾਲ਼ ਵੋਟ ਦਿੱਤੀ ਤਾਂ ਖੱਬੇ-ਪੱਖੀਆਂ ਦੀ ਜ਼ਬਰਦਸਤ ਹਾਰ ਹੋਈ ਅਤੇ ਉਹਨਾਂ ਈਨ ਮੰਨ ਲਈ ! ਜਰਮਨ ਸੋਸ਼ਲ-ਡੈਮੋਕਰੈਟਾਂ ਵਿੱਚ "ਏਕਤਾ" ਦੀ ਸਾਰੀ ਗੱਲ ਨਿਰੋਲ ਪਖੰਡ ਹੈ, ਜੋ ਮੌਕਾਪ੍ਰਸਤਾਂ ਦੀ ਅੰਤਮ-ਚਿਤਾਉਣੀ ਸਾਹਮਣੇ ਖੱਬ-ਪੱਖੀਆਂ ਦੇ ਹਮੇਸ਼ਾਂ ਈਨ ਮੰਨ ਲੈਣ ਉੱਤੇ ਪਰਦਾ ਪਾਉਂਦੀ ਹੈ।

ਅੱਜ ਹੈ, ਜਿਹੜੀ ਸੱਜੇ ਅਤੇ ਖੱਬੇ ਪੱਖਾਂ ਨੂੰ **ਇੱਕਠਾ ਰੱਖਦੀ ਹੈ** ਅਤੇ ਜਿਸਦੀ ਪ੍ਰਤਿਨਿਧਤਾ ਸਰਕਾਰੀ ਤੌਰ 'ਤੇ ਕਾਊਟਸਕੀ ਕਰਦਾ ਹੈ ਜਿਹੜਾ ਬੜੇ ਸਰਲ, "ਪੂਰੀ ਤਰ੍ਹਾਂ" ਮਾਰਕਸਵਾਦੀ ਫ਼ਿਕਰੇਬਾਜ਼ੀ ਰਾਹੀਂ ਸੰਸਾਰ, ਵਿੱਚ ਹਰ ਗੱਲ ਨੂੰ ਠੀਕ ਸਾਬਤ ਕਰ ਸਕਦਾ ਹੈ। ਜ਼ਬਾਨੀ ਕਲਾਮੀ ਲੋਕਾਂ, ਜਨਤਾ ਕਿਰਤੀਆਂ ਲਈ ਸੋਸ਼ਲਿਜ਼ਮ ਅਤੇ ਇਨਕਲਾਬੀ ਭਾਵਨਾ; ਅਮਲ ਵਿੱਚ ਜ਼ੂਦੇਕੂਮਵਾਦ, ਹਰ ਗੰਭੀਰ ਸੰਕਟ ਸਮੇਂ ਬੁਰਜੂਆਜ਼ੀ ਦਾ ਸਾਥ ਦੇਣਾ। ਅਸੀਂ ਕਹਿੰਦੇ ਹਾਂ: **ਹਰ** ਸੰਕਟ, ਕਿਉਂਕਿ ਕਿਸੇ ਵੀ ਗੰਭੀਰ ਰਾਜਸੀ ਹੜ੍ਹਤਾਲ ਸਮੇਂ, ਅਤੇ ਕੇਵਲ ਯੁੱਧ ਦੇ ਸਮੇਂ ਹੀ ਨਹੀਂ, "ਅਜ਼ਾਦ ਅਤੇ ਪਾਰਲੀਮਾਨੀ" ਬਰਤਾਨੀਆ ਅਤੇ ਫ਼ਰਾਂਸ ਵਾਂਗ, "ਸਾਮੰਤਵਾਦੀ" ਜਰਮਨੀ ਵੀ ਕਿਸੇ ਨਾ ਕਿਸੇ ਨਾਂ ਹੇਠ **ਇੱਕ ਦਮ** ਮਾਰਸ਼ਲ ਲਾਅ ਲਾਗੂ ਕਰ ਦੇਵੇਗਾ। ਕਿਸੇ ਵੀ ਮਨੁੱਖ ਨੂੰ ਜਿਸਦੀ ਅਕਲ ਅਤੇ ਹੋਸ਼ ਟਿਕਾਣੇ ਹੈ ਇਸ ਵਿੱਚ ਸ਼ੱਕ ਨਹੀਂ ਹੋ ਸਕਦਾ।

ਇਸ ਵਿੱਚੋਂ ਤਰਕ ਅਨੁਸਾਰ ਉਸ ਸਵਾਲ ਦਾ ਜਵਾਬ ਨਿਕਲਦਾ ਹੈ ਜਿਹੜਾ ਉੱਪਰ ਉਠਾਇਆ ਗਿਆ ਹੈ, ਅਰਥਾਤ, ਸਮਾਜੀ-ਅੰਧਰਾਸ਼ਟਰਵਾਦ ਦਾ ਮੁਕਾਬਲਾ ਕਿਵੇਂ ਕੀਤਾ ਜਾਵੇ ? ਸਮਾਜੀ-ਅੰਧਰਾਸ਼ਟਰਵਾਦ ਮੌਕਾ-ਪ੍ਰਸਤੀ ਹੈ ਜਿਹੜੀ ਇਸ ਹੱਦ ਤੱਕ ਪੱਕ ਗਈ ਹੈ, "ਅਮਨ-ਭਰੀ" ਸਰਮਾਏਦਾਰੀ ਦੇ ਨਿਸਬਤਨ ਲੰਮੇ ਸਮੇਂ ਵਿੱਚ ਏਨੀ ਬਲਵਾਨ ਅਤੇ ਢੀਠ ਹੋ ਗਈ ਹੈ, ਆਪਣੀ ਵਿਚਾਰਧਾਰਾ ਵਿੱਚ ਏਨੀ ਨਿਸ਼ਚਿਤ ਹੋ ਗਈ ਹੈ ਅਤੇ ਬੁਰਜੂਆਜ਼ੀ ਅਤੇ ਹਕੂਮਤਾਂ ਨਾਲ਼ ਇਹਦੇ ਸਬੰਧ ਏਨੇ ਨੇੜਵੇਂ ਹੋ ਗਏ ਹਨ ਕਿ ਕਿਰਤੀਆਂ ਦੀਆਂ ਸੋਸ਼ਲ-ਡੈਮੋਕਰੈਟਿਕ ਪਾਰਟੀਆਂ **ਅੰਦਰ ਅਜਿਹੇ ਮੁਹਾਣ ਨੂੰ** ਸਹਾਰਿਆ **ਨਹੀਂ** ਜਾ ਸਕਦਾ। ਮਾੜੂਏ, ਪਤਲੇ ਤਲੇ ਵਾਲ਼ੀਆਂ ਜੁੱਤੀਆਂ, ਕਿਸੇ ਨਿੱਕੇ ਜਿਹੇ ਨਗਰ ਦੀਆਂ ਸਵਾਹਰੀਆਂ ਸੜਕਾਂ ਉੱਤੇ ਚੱਲਣ ਲਈ ਕਾਫ਼ੀ ਹਨ ਪਰ ਪਹਾੜਾਂ ਵਿੱਚ ਚੱਲਣ ਲਈ ਭਾਰੇ, ਮੇਖਾਂ ਵਾਲ਼ੇ ਬੂਟਾਂ ਦੀ ਲੋੜ ਹੁੰਦੀ ਹੈ। ਯੂਰਪ ਵਿੱਚ ਸੋਸ਼ਲਿਜ਼ਮ ਉਸ ਨਿਸਬਤਨ ਅਮਨ-ਭਰੇ ਪੜਾਅ ਵਿੱਚੋਂ ਲੰਘ ਆਇਆ ਹੈ ਜੋ ਤੰਗ ਅਤੇ ਕੌਮੀ ਹੱਦਾਂ ਤੱਕ ਸੀਮਤ ਹੈ।1914-15 ਦਾ ਯੁੱਧ ਸ਼ੁਰੂ ਹੋਣ ਤੋਂ ਪਿੱਛੋਂ ਇਹ ਇਨਕਲਾਬੀ ਅਮਲ ਦੇ ਪੜਾਅ ਵਿੱਚ ਦਾਖਲ ਹੋ ਗਿਆ ਹੈ; ਇਸ ਸਬੰਧੀ ਕੋਈ ਸ਼ੱਕ ਨਹੀਂ ਹੋ ਸਕਦਾ ਕਿ ਮੌਕਾ-ਪ੍ਰਸਤੀ ਨਾਲ਼ ਮੁੰਕਮਲ ਤੋੜ-ਵਿਛੋੜੇ, ਇਹਨੂੰ ਕਿਰਤੀਆਂ ਦੀਆਂ ਪਾਰਟੀਆਂ ਵਿੱਚੋਂ ਕੱਢਣ ਦਾ ਸਮਾਂ ਆ ਗਿਆ ਹੈ।

ਕੌਮਾਂਤਰੀ ਵਿਕਾਸ ਦਾ ਨਵਾਂ ਯੁੱਗ ਸੋਸ਼ਲਿਜ਼ਮ ਸਾਹਮਣੇ ਜਿਹੜੇ ਕੰਮ ਰੱਖਦਾ ਹੈ, ਨਿਸ਼ਚੇ ਹੀ, ਉਹਨਾਂ ਨੂੰ ਪ੍ਰੀਭਾਸ਼ਤ ਕਰਨ ਨਾਲ਼, ਇਹ ਗੱਲ ਇੱਕ ਦਮ ਪ੍ਰਤੱਖ ਨਹੀਂ ਹੋ ਜਾਂਦੀ ਕਿ ਕਿਰਤੀਆਂ ਦੀਆਂ ਇਨਕਲਾਬੀ ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੇ ਨਿੱਕ-ਬੁਰਜੂਆ ਮੌਕਾ-ਪ੍ਰਸਤ ਪਾਰਟੀਆਂ ਤੋਂ ਵੱਖ ਹੋਣ ਦਾ ਅਮਲ ਵੱਖ ਵੱਖ ਦੇਸ਼ਾਂ ਵਿੱਚ ਕਿੰਨੀ ਤੇਜ਼ੀ ਨਾਲ਼ ਅਤੇ ਕਿਨ੍ਹਾਂ ਨਿਸ਼ਚਿਤ ਰੂਪਾਂ ਵਿੱਚ ਚਲੇਗਾ। ਪਰ ਇਹ ਇਸ ਗੱਲ ਨੂੰ ਅਨੁਭਵ ਕਰਨ ਦੀ ਲੋੜ ਨੂੰ ਸਪੱਸ਼ਟ ਤੌਰ 'ਤੇ ਪ੍ਰਗਟ ਕਰਦਾ ਹੈ ਕਿ ਅਜਿਹਾ ਵਖਰੇਵਾਂ ਅਟੱਲ ਹੈ ਅਤੇ ਕਿਰਤੀਆਂ ਦੀਆਂ ਪਾਰਟੀਆਂ ਦੀ ਸਮੁੱਚੀ ਨੀਤੀ ਦਾ ਰੁਖ਼ ਇਸ ਦ੍ਰਿਸ਼ਟੀਕੋਣ ਵੱਲ ਹੋਣਾ ਚਾਹੀਦਾ ਹੈ।

1914-15 ਦਾ ਯੁੱਧ ਇਤਿਹਾਸ ਵਿੱਚ ਏਨਾ ਵੱਡਾ ਮੋੜ ਹੈ ਕਿ ਮੌਕਾ-ਪ੍ਰਸਤੀ ਵੱਲ ਵਤੀਰਾ ਉਹ **ਨਹੀਂ** ਰਹਿ **ਸਕਦਾ** ਜੋ ਪਹਿਲੇ ਸੀ। ਜੋ ਕੁਝ ਵਾਪਰਿਆ ਹੈ ਉਹਨੂੰ ਮੇਟਿਆ ਨਹੀਂ ਜਾ ਸਕਦਾ। ਇਸ ਤੱਥ ਨੂੰ ਕਿਰਤੀਆਂ ਦੇ ਮਨਾਂ ਵਿੱਚੋਂ ਜਾਂ ਬੁਰਜੂਆਜ਼ੀ ਦੇ ਅਨੁਭਵ ਵਿੱਚੋਂ ਜਾਂ ਆਮ ਤੌਰ 'ਤੇ ਸਾਡੇ ਯੁੱਗ ਦੇ ਸਬਕਾਂ ਵਿੱਚੋਂ ਮਿਟਾਉਣਾ ਅਸੰਭਵ ਹੈ ਕਿ ਸੰਕਟਾਂ ਦੇ ਛਿਣ ਮੌਕਾ-ਪ੍ਰਸਤ ਕਿਰਤੀਆਂ ਦੀਆਂ ਪਾਰਟੀਆਂ ਅੰਦਰ ਉਹਨਾਂ ਅੰਸ਼ਾਂ ਦਾ ਕੇਂਦਰ ਸਾਬਤ ਹੋਏ ਜਿਹੜੇ ਭਗੌੜੇ ਬਣ ਕੇ ਬੁਰਜੂਆਜ਼ੀ ਨਾਲ਼ ਜਾ ਰਲੇ। ਯੂਰਪ ਦੇ ਪੱਧਰ 'ਤੇ ਗੱਲ ਕਰਦਿਆਂ— ਕਿਹਾ ਜਾ ਸਕਦਾ ਹੈ ਕਿ ਮੌਕਾਪ੍ਰਸਤੀ ਆਪਣੇ ਗਭਰੇਟ ਪੜਾਅ 'ਤੇ ਸੀ। ਯੁੱਧ ਸ਼ੁਰੂ ਹੋਣ ਨਾਲ਼ ਇਹ ਭਰ-ਜੁਆਨ ਹੋ ਗਈ ਅਤੇ ਇਹਦੀ "ਮਾਸੂਮੀ" ਅਤੇ ਗਭਰੇਟਪੁਣਾ ਹੁਣ ਵਾਪਸ ਨਹੀਂ ਲਿਆਏ ਜਾ ਸਕਦੇ। ਇੱਕ ਪੂਰੀ ਸਮਾਜੀ ਪਰਤ, ਜਿਸ ਵਿੱਚ ਪਾਰਲੀਮੈਂਟ ਦੇ ਮੈਂਬਰ, ਪੱਤਰਕਾਰ, ਟਰੇਡ ਯੂਨੀਅਨਾਂ ਦੇ ਅਧਿਕਾਰੀ, ਵਿਸ਼ੇਸ਼ ਅਧਿਕਾਰਾਂ ਵਾਲ਼ਾ ਦਫ਼ਤਰੀ ਅਮਲਾ ਅਤੇ ਪ੍ਰੋਲੇਤਾਰੀ ਦੀਆਂ ਕੁਝ ਪਰਤਾਂ ਸ਼ਾਮਲ ਹਨ ਉਭਰਿਆ ਹੈ ਅਤੇ ਆਪਣੀ ਕੌਮੀ ਬੁਰਜੂਆਜ਼ੀ ਨਾਲ਼ **ਇਕ ਜਾਨ ਹੋ ਗਿਆ** ਹੈ, ਜਿਹੜੀ ਇਹਦੀ ਸ਼ਲਾਘਾ ਕਰਨ ਅਤੇ ਇਹਨੂੰ ਅਨੁਸਾਰਨ ਦੇ ਪੂਰੀ ਤਰ੍ਹਾਂ ਯੋਗ ਸਾਬਤ ਹੋਈ ਹੈ। ਇਤਿਹਾਸ ਦੀ ਚਾਲ ਮੋੜੀ ਜਾਂ ਰੋਕੀ ਨਹੀਂ ਜਾ ਸਕਦੀ—ਅਸੀਂ ਤਿਆਰੀ ਦੀਆਂ ਕਾਨੂੰਨੀ ਕਿਰਤੀ-ਸ਼੍ਰੇਣੀ ਜਥੇਬੰਦੀਆਂ ਤੋਂ, ਜੋ ਮੌਕਾ-ਪ੍ਰਸਤੀ ਦੀ ਪਕੜ ਵਿੱਚ ਹਨ, ਇਨਕਲਾਬੀ ਜਥੇਬੰਦੀਆਂ ਵੱਲ ਜਿਨ੍ਹਾਂ ਆਪਣੇ ਆਪ ਨੂੰ ਕਾਨੂੰਨਵਾਦ ਦੀਆਂ ਹੱਦਾਂ ਅੰਦਰ ਸੀਮਤ ਨਹੀਂ ਰੱਖਣਾ, ਜਿਹੜੀਆਂ ਮੌਕਾ-ਪ੍ਰਸਤ ਧੋਖੇਬਾਜ਼ੀ ਵਿਰੁੱਧ, ਆਪਣੀ ਰੱਖਿਆ ਕਰਨ ਦੇ ਯੋਗ ਹਨ, ਪ੍ਰੋਲੇਤਾਰੀ ਦੀਆਂ "ਸੱਤਾ ਲਈ ਘੋਲ਼", ਬੁਰਜੂਆਜ਼ੀ ਦਾ ਤਖ਼ਤਾ ਉਲਟਣ ਲਈ ਘੋਲ਼ ਸ਼ੁਰੂ ਕਰਨ ਵਾਲ਼ੀਆਂ ਜਥੇਬੰਦੀਆਂ ਵੱਲ, ਨਿਡਰ ਤੌਰ 'ਤੇ ਜਾ ਸਕਦੇ ਹਾਂ ਅਤੇ ਸਾਨੂੰ ਜਾਣਾ ਚਾਹੀਦਾ ਹੈ।

ਨਾਲ਼ੇ ਇਹ ਤੱਥ ਇਸ ਗੱਲ ਨੂੰ ਸਾਬਤ ਕਰਦਾ ਹੈ ਕਿ ਜਿਹੜੇ ਲੋਕ ਇਸ ਸਵਾਲ ਨਾਲ਼ ਕਿ ਦੂਜੀ ਇੰਟਰਨੈਸ਼ਨਲ ਦੇ ਗੇਦ, ਪਲੈਖ਼ਾਨੋਵ, ਕਾਉਟਸਕੀ, ਆਦਿ ਜਿਹੇ ਪ੍ਰਮਾਣਿਕ ਵਿਅਕਤੀਆਂ ਦਾ ਕੀ ਕੀਤਾ ਜਾਵੇ, ਆਪਣੇ ਵੀ ਅਤੇ ਕਿਰਤੀਆਂ ਦੇ ਮਨ ਵੀ ਧੁੰਦਲਾਉਂਦੇ ਹਨ, ਉਹਨਾਂ ਦੇ ਵਿਚਾਰ ਕਿੰਨੇ ਗ਼ਲਤ ਹਨ। ਅਮਲ ਵਿੱਚ ਅਜਿਹਾ ਕੋਈ ਸਵਾਲ ਉੱਠਦਾ ਹੀ ਨਹੀਂ। ਜੇ ਇਹ ਲੋਕ ਨਵੇਂ ਕੰਮਾਂ ਨੂੰ ਸਮਝਣੋਂ ਅਸਮੱਰਥ ਰਹਿੰਦੇ ਹਨ ਤਾਂ ਉਹਨਾਂ ਨੂੰ ਇੱਕ ਪਾਸੇ ਹਟ ਜਾਣਾ ਪਵੇਗਾ ਜਾਂ ਹੁਣ ਵਾਂਗ ਹੀ ਮੌਕਾ-ਪ੍ਰਸਤਾਂ ਦੀ ਕੈਦ ਵਿੱਚ ਰਹਿਣਾ ਪਵੇਗਾ। ਜੇ ਇਹ ਲੋਕ ਆਪਣੇ ਆਪ ਨੂੰ "ਕੈਦ" ਤੋਂ ਛੁੜਵਾ ਲੈਂਦੇ ਹਨ, ਉਹਨਾਂ ਨੂੰ ਇਨਕਲਾਬੀਆਂ ਦੀ ਧਿਰ ਵਿੱਚ ਮੁੜ ਆਉਣ ਦੇ ਰਾਹ ਵਿੱਚ **ਰਾਜਸੀ** ਔਕੜਾਂ ਤਾਂ ਉੱਕਾ ਹੀ ਪੇਸ਼ ਨਹੀਂ ਆਉਣਗੀਆਂ। ਕੁਝ ਵੀ ਹੋਵੇ, ਕਿਰਤੀ-ਸ਼੍ਰੇਣੀ ਲਹਿਰ ਵਿੱਚ ਮੁਹਾਣਾਂ ਵਿਚਕਾਰ ਘੋਲ਼ ਅਤੇ ਨਵੇਂ ਯੁੱਗ ਦੇ ਸਵਾਲ ਦੀ ਥਾਂ ਵਿਅਕਤੀਆਂ ਦੇ ਰੋਲ਼ ਦੇ ਸਵਾਲ ਨੂੰ ਦੇਣਾ ਵਾਹਯਾਤ ਗੱਲ ਹੈ।

## VIII

ਦੂਜੀ ਇੰਟਰਨੈਸ਼ਨਲ ਦੇ ਯੁੱਗ ਵਿੱਚ ਕਿਰਤੀ ਸ਼੍ਰੇਣੀ ਦੀਆਂ ਕਾਨੂੰਨੀ ਜਨਤਕ ਜਥੇਬੰਦੀਆਂ, ਸ਼ਾਇਦ ਸੋਸ਼ਲਿਸਟ ਪਾਰਟੀਆਂ, ਅਤਿ—ਅੰਤ ਮਹੱਤਵ—ਪੂਰਨ ਲੱਛਣ ਹਨ। ਇਹ ਜਰਮਨ ਪਾਰਟੀ ਵਿੱਚ ਸਭ ਤੋਂ ਵੱਧ ਮਜ਼ਬੂਤ ਹਨ ਅਤੇ ਇੱਥੇ ਹੀ 1914-15 ਦੇ ਯੁੱਧ ਨੇ ਇੱਕ ਅਤਿ-ਅੰਤ ਡੂੰਘਾ ਸੰਕਟ ਪੈਦਾ ਕੀਤਾ ਅਤੇ ਮਸਲੇ ਨੂੰ ਅਤਿ-ਅੰਤ ਫ਼ੌਰੀ ਬਣਾ ਦਿੱਤਾ। ਇਨਕਲਾਬੀ ਸਰਗਰਮੀਆਂ ਦਾ ਸਿੱਟਾ ਪੁਲਸ ਵਲੋਂ ਇਹਨਾਂ ਕਾਨੂੰਨੀ ਜਥੇਬੰਦੀਆਂ ਨੂੰ ਇੱਕ ਦਮ ਤੋੜ ਦੇਣਾ ਹੁੰਦਾ ਅਤੇ ਲੇਗੀਨ ਅਤੇ ਕਾਊਟਸਕੀ ਸਮੇਤ— ਪੁਰਾਣੀ ਪਾਰਟੀ ਨੇ ਅਜੋਕੀਆਂ ਕਾਨੂੰਨੀ ਜਥੇਬੰਦੀਆਂ ਨੂੰ ਕਾਇਮ ਰੱਖਣ ਖ਼ਾਤਰ ਪ੍ਰੋਲੇਤਾਰੀ ਦੇ ਇਨਕਲਾਬੀ ਮੰਤਵਾਂ ਨੂੰ ਕੁਰਬਾਨ ਕਰ ਦਿੱਤਾ। ਇਸ ਤੋਂ ਕਿੰਨਾ ਇਨਕਾਰ ਕਿਉਂ ਨਾ ਕੀਤਾ ਜਾਵੇ, ਇਹ ਇੱਕ ਤੱਥ ਹੈ। ਇਹਨਾਂ ਪ੍ਰੋਲੇਤਾਰੀ ਦੇ ਇਨਕਲਾਬ ਦੇ ਹੱਕ ਨੂੰ ਮੁੱਠੀ ਭਰ ਚੌਣਾਂ ਦੀਆਂ ਕਣੀਆਂ—ਅਜੋਕੀ ਪੁਲਸੀ ਕਾਨੂੰਨ ਵਲੋਂ ਆਗਿਆ ਦਿੱਤੀਆਂ ਜਥੇਬੰਦੀਆਂ—ਦੇ ਬਦਲੇ ਵੇਚ ਦਿੱਤਾ ਗਿਆ।

ਮਿਸਾਲ ਵਜੋਂ ਜਰਮਨ ਸੋਸ਼ਲ-ਡੈਮੋਕਰੈਟਕ ਟਰੇਡ ਯੂਨੀਅਨਾਂ ਦੇ ਲੀਡਰ ਕਾਰਲ ਲੇਗੀਨ ਦਾ ਪੈਂਫ਼ਲਟ "ਟਰੇਡ ਯੂਨੀਅਨ ਅਧਿਕਾਰੀਆਂ ਲਈ ਪਾਰਟੀ ਦੇ ਅੰਦਰਲੇ ਜੀਵਨ ਵਿੱਚ ਵਧੇਰੇ ਹਿੱਸਾ ਲੈਣਾ ਕਿਉਂ ਜ਼ਰੂਰੀ ਹੈ?" (ਬਰਲਿਨ , 1915) ਨੂੰ ਹੀ ਲਓ। ਇਹ ਸਪੱਸ਼ਟ ਰਿਪੋਰਟ ਹੈ ਜਿਹੜੀ 27 ਫਰਵਰੀ 1915 ਨੂੰ ਟਰੇਡ ਯੂਨੀਅਨਾਂ ਦੇ ਅਧਿਕਾਰੀਆਂ ਦੇ ਇੱਕ ਇੱਕਠ ਸਾਹਮਣੇ ਪੜ੍ਹੀ ਗਈ। ਇਸ ਰਿਪੋਰਟ ਦੌਰਾਨ ਲੇਗੀਨ ਨੇ ਇੱਕ ਬੜੀ ਰੌਚਕ ਦਸਤਾਵੇਜ਼ ਪੜ੍ਹੀ— ਅਤੇ ਇਸ ਪੈਂਫ਼ਲਟ ਵਿੱਚ ਸ਼ਾਮਲ ਕੀਤੀ — ਜਿਸ ਦੀ ਉਂਝ ਫ਼ੌਜੀ ਸੈਂਸਰ ਪ੍ਰਵਾਨਗੀ ਦਾ ਦੇਂਦਾ। ਇਹ ਦਸਤਾਵੇਜ਼—ਅਖੌਤੀ "ਨੀਡਰਬਾਰਨਿਮ (ਬਰਲਿਨ ਦੀ ਇੱਕ ਬਸਤੀ) ਦੇ ਖੇਤਰ ਦੇ ਵਕਤਿਆਂ ਦੇ ਨੋਟ"—ਜਰਮਨੀ ਦੇ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਾਂ ਦੇ ਵਿਚਾਰਾਂ ਦੀ, ਪਾਰਟੀ ਵਿਰੁੱਧ ਉਹਨਾਂ ਦੇ ਰੋਸ ਦੀ ਵਿਆਖਿਆ ਹੈ। ਇਹ ਦਸਤਾਵੇਜ਼ ਕਹਿੰਦੀ ਹੈ ਕਿ ਇਨਕਲਾਬੀ ਸੋਸ਼ਲ-ਡੈਮੋਕਰੈਟ ਇੱਕ ਅੰਸ਼ ਨੂੰ ਅਗਾਊ ਨਾ ਵੇਖ ਸਕੇ ਅਤੇ ਨਹੀਂ ਸਨ ਵੇਖ ਸਕਦੇ, ਅਰਥਾਤ:

> "ਜਰਮਨ ਸੋਸ਼ਲ-ਡੈਮੋਕਰੈਸੀ ਅਤੇ ਟਰੇਡ ਯੂਨੀਅਨਾਂ ਦੀ ਸਮੁੱਚੀ ਜਥੇਬੰਦ ਸ਼ਕਤੀ ਯੁੱਧ ਦੀ ਹਕੂਮਤ ਦਾ ਸਾਥ ਦੇਵੇਗੀ ਅਤੇ ਇਹ ਸਾਰੀ ਸ਼ਕਤੀ ਜਨਤਾ ਦਾ ਇਨਕਲਾਬੀ ਜੋਸ਼ ਕੁਚਲਣ ਲਈ ਵਰਤੀ ਜਾਵੇਗੀ" ਲੇਗੀਨ ਦੇ ਪੈਂਫ਼ਲਟ ਦਾ ਪੰਨਾ 34)

ਇਹ ਨਿਰੋਲ ਸੱਚ ਹੈ। ਇਸੇ ਦਸਤਾਵੇਜ਼ ਵਿੱਚ ਸ਼ਾਮਲ ਹੇਠ ਲਿਖਿਆ ਬਿਆਨ ਵੀ ਸੱਚ ਹੈ:

> "4 ਅਗਸਤ ਨੂੰ ਰਾਈਖ਼ਸਟਾਗ ਵਿੱਚ ਸੋਸ਼ਲ-ਡੈਮੋਕਰੈਟਿਕ ਦਲ ਦੀਆਂ ਵੋਟਾਂ ਨੇ ਸਾਬਤ ਕਰ ਦਿੱਤਾ ਕਿ ਇਕ ਹੋਰ ਤਰ੍ਹਾਂ ਦਾ ਵਤੀਰਾ, ਜੇ ਉਹਦੀਆਂ ਜੜ੍ਹਾਂ ਜਨਤਾ ਵਿੱਚ ਬਹੁਤ ਡੂੰਘੀਆਂ ਵੀ ਹੁੰਦੀਆਂ, ਇੱਕ ਪਰਖ਼ੀ ਪਾਰਟੀ ਦੀ

ਲੀਡਰਸ਼ਿਪ ਹੇਠ ਆਪਣੇ ਆਪ ਨੂੰ ਮੰਨਵਾ ਨਹੀਂ ਸੀ ਸਕਦਾ। ਇਹ ਕੇਵਲ ਪਾਰਟੀ ਦੀਆਂ ਆਗੂ ਜਥੇਬੰਦੀਆਂ ਦੀ ਇੱਛਾ ਵਿਰੁੱਧ ਹੀ, ਪਾਰਟੀ ਅਤੇ ਟਰੇਡ ਯੂਨੀਅਨਾਂ ਦੇ ਵਿਰੋਧ 'ਤੇ ਕਾਬੂ ਪਾ ਕੇ ਹੀ ਆਪਣੇ ਆਪ ਨੂੰ ਮੰਨਵਾ ਸਕਦਾ ਸੀ" (ਉਪਰੋਕਤ)।

ਇਹ ਹੈ ਨਿਰੋਲ ਸੱਚ।

"ਜੇ ਰਾਈਖ਼ਸਟਾਗ ਵਿੱਚ ਸੋਸ਼ਲ-ਡੈਮੋਕਰੈਟਿਕ ਦਲ 4 ਅਗਸਤ ਨੂੰ ਆਪਣਾ ਫ਼ਰਜ਼ ਪੂਰਾ ਕਰਦਾ ਤਾਂ ਸ਼ਾਇਦ ਜਥੇਬੰਦੀ ਦਾ ਬਾਹਰਲਾ ਰੂਪ ਤਬਾਹ ਹੋ ਜਾਂਦਾ, ਪਰ ਇਹਦੀ ਆਤਮਾ ਰਹਿ ਜਾਂਦੀ, ਉਹ ਆਤਮਾ ਜਿਸਨੇ ਸੋਸ਼ਲਿਸਟ-ਵਿਰੋਧੀ ਕਾਨੂੰਨ[49] ਦੇ ਸਮੇਂ ਪਾਰਟੀ ਵਿੱਚ ਜਾਨ ਪਾਈ ਅਤੇ ਇਹਨੂੰ ਸਭਨਾਂ ਮੁਸ਼ਕਲਾਂ ਉੱਤੇ ਕਾਬੂ ਪਾਉਣ ਵਿੱਚ ਸਹਾਇਤਾ ਦਿੱਤੀ" (ਉਪਰੋਕਤ)।

ਲੇਗੀਨ ਦੇ ਪੈਂਫ਼ਲਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਉਹਦੀ ਤਕਰੀਰ ਸੁਣਨ ਲਈ ਇਕੱਠੇ ਕੀਤੇ "ਲੀਡਰਾਂ" ਨੇ, ਜਿਹੜੇ ਆਪਣੇ ਆਪ ਨੂੰ ਟਰੇਡ ਯੂਨੀਅਨਾਂ ਦੇ ਮੁਖੀ ਅਧਿਕਾਰੀ ਆਖਦੇ ਸਨ, ਇਹ ਗੱਲ ਸੁਣੀ ਤਾਂ ਉਹ **ਹੱਸ ਪਏ**। ਇਹ ਵਿਚਾਰ ਕਿ ਸੰਕਟ ਦੇ ਸਮੇਂ ਗ਼ੈਰ-ਕਾਨੂੰਨੀ ਇਨਕਲਾਬੀ ਜਥੇਬੰਦੀਆਂ ਜਥੇਬੰਦ ਕਰਨਾ ਸੰਭਵ ਅਤੇ ਜ਼ਰੂਰੀ ਹੈ (ਜਿਹਾ ਕਿ ਸੋਸ਼ਲਿਸਟ-ਵਿਰੋਧੀ ਕਾਨੂੰਨ ਸਮੇਂ ਕੀਤਾ ਗਿਆ ਸੀ) ਉਹਨਾਂ ਨੂੰ **ਹਾਸੋ-ਹੀਣਾ** ਲੱਗਾ। ਆਪਣੀ ਛਾਤੀ ਠੋਕਦੇ ਹੋਏ ਬੁਰਜੂਆਜ਼ੀ ਦਾ ਅਤਿ-ਅੰਤ ਵਫ਼ਾਦਾਰ ਪਾਹਰੂਆ-ਕੁੱਤਾ ਚੀਕਿਆ:

"ਇਹ ਸਪੱਸ਼ਟ ਤੌਰ 'ਤੇ ਅਰਾਜਕਤਾਵਾਦੀ ਵਿਚਾਰ ਹੈ: ਜਨਤਾ ਰਾਹੀਂ ਮਸਲੇ ਦਾ ਹੱਲ ਕਰਨ ਲਈ ਜਥੇਬੰਦੀ ਨੂੰ ਤਬਾਹ ਕਰਨਾ। ਮੇਰੇ ਮਨ ਵਿੱਚ ਇਸ ਸਬੰਧੀ ਕੋਈ ਸ਼ੱਕ ਨਹੀਂ ਕਿ ਇਹ ਅਰਾਜਕਤਾਵਾਦੀ ਵਿਚਾਰ ਹੈ!'"

"ਬਿਲਕੁਲ ਠੀਕ! ਬਿਲਕੁਲ ਠੀਕ!" (ਉਪਰੋਕਤ, ਪੰਨਾ 37), ਆਪਣੇ ਆਪ ਨੂੰ ਕਿਰਤੀ ਸ਼੍ਰੇਣੀ ਦੀਆਂ ਸੋਸ਼ਲ-ਡੈਮੋਕਰੈਟਕ ਜਥੇਬੰਦੀਆਂ ਦੇ ਲੀਡਰ ਕਹਿਣ ਵਾਲ਼ੇ ਬੁਰਜੂਆਜ਼ੀ ਦੇ ਚਾਟੜਿਆਂ ਦੀਆਂ ਉੱਚੀਆਂ ਆਵਾਜ਼ਾਂ ਦੀ ਸਾਂਝੀ ਖੱਪ ਉਠੀ।

ਇੱਕ ਸਿੱਖਿਆਦਾਇਕ ਚਿੱਤਰ! ਲੋਕ ਬੁਰਜੂਆ ਕਾਨੂੰਨੀਵਾਦ ਕਾਰਨ ਏਨੇ ਨੀਚ ਅਤੇ ਨਕਾਰਾ ਹੋ ਗਏ ਹਨ ਕਿ ਉਹ ਇਨਕਲਾਬੀ ਘੋਲ਼ ਦੀ ਅਗਵਾਈ ਕਰਨ ਲਈ ਇੱਕ **ਹੋਰ ਤਰ੍ਹਾਂ** ਦੀਆਂ ਜਥੇਬੰਦੀਆਂ, **ਗ਼ੈਰ-ਕਾਨੂੰਨੀ** ਜਥੇਬੰਦੀਆਂ, ਦੀ ਲੋੜ **ਚਿਤਵ** ਵੀ ਨਹੀਂ ਸਕਦੇ। ਇਹ ਲੋਕ ਏਨੇ ਡਿੱਗ ਗਏ ਹਨ ਕਿ ਉਹ ਸੋਚਦੇ ਹਨ ਕਿ ਪੁਲਸ ਦੀ ਆਗਿਆ ਨਾਲ਼ ਹੋਂਦ ਵਿੱਚ ਆਈਆਂ ਕਾਨੂੰਨੀ ਯੂਨੀਅਨਾਂ ਇੱਕ ਤਰ੍ਹਾਂ ਦੀ ਅਤਿ-ਅੰਤ ਸਿਖ਼ਰ ਹਨ- ਜਿਵੇਂ ਸੰਕਟ ਦੇ ਸਮੇਂ ਅਜਿਹੀਆਂ ਯੂਨੀਅਨਾਂ ਨੂੰ **ਆਗੂ** ਸੰਸਥਾਵਾਂ ਵਜੋਂ **ਬਚਾਈ ਰੱਖਣ** ਦੀ ਗੱਲ ਸੋਚੀ ਵੀ ਜਾ ਸਕਦੀ ਹੈ। ਇਹ ਹੈ ਮੌਕਾ-ਪ੍ਰਸਤੀ ਦਾ ਜਿਉਂਦਾ ਦਵੰਦਵਾਦ; ਕਾਨੂੰਨੀ ਯੂਨੀਅਨਾਂ ਦੇ ਵਾਧੇ ਨੇ ਹੀ ਅਤੇ ਕੇਵਲ ਲੇਖਾ ਰੱਖਣ ਦੀ ਆਦਤ ਨੇ ਹੀ, ਜਿਹੜੀ ਈਮਾਨਦਾਰ ਅਸਭਿਅਕ ਲੋਕਾਂ ਵਿੱਚ ਹੰਦੀ ਹੈ, ਇਕ ਅਜਿਹੀ ਪ੍ਰਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਵਿੱਚ

ਇਹ ਈਮਾਨਦਾਰ ਅਸਭਿਅਕ ਲੋਕ ਧੋਖੇਬਾਜ਼ ਅਤੇ ਭਗੌੜੇ ਸਾਬਤ ਹੋਏ ਹਨ, ਜਿਹੜੇ ਜਨਤਾ ਦੀ ਇਨਕਲਾਬੀ ਸਰਗਰਮੀ ਦਾ **ਸਾਹ ਘੁੱਟ** ਸਕਦੇ ਹਨ। ਇਹ ਕੋਈ ਸਬੱਬੀ ਗੱਲ ਨਹੀਂ। ਇੱਕ ਇਨਕਲਾਬੀ ਜਥੇਬੰਦੀ ਦੀ ਉਸਾਰੀ ਸ਼ੁਰੂ ਕਰਨਾ ਲਾਜ਼ਮੀ ਹੈ—ਨਵੀਂ ਇਤਿਹਾਸਕ ਪ੍ਰਸਥਿਤੀ, ਪ੍ਰੋਲੇਤਾਰੀ ਇਨਕਲਾਬੀ ਅਮਲ, ਇਹ ਮੰਗ ਕਰਦਾ ਹੈ—ਪਰ ਇਹ ਕੰਮ ਪੁਰਾਣੇ ਲੀਡਰਾਂ, ਇਨਕਲਾਬੀ ਸ਼ਕਤੀ ਦਾ ਗਲ਼ਾ ਘੁੱਟਣ ਵਾਲ਼ਿਆਂ, **ਤੋਂ ਉੱਪਰ ਉੱਠ ਕੇ ਹੀ**, ਪੁਰਾਣੀ ਪਾਰਟੀ **ਤੋਂ ਉੱਪਰ ਉੱਠ ਕੇ ਹੀ**, ਉਹਦੀ **ਤਬਾਹੀ** ਰਾਹੀਂ ਕੀਤਾ ਜਾ ਸਕਦਾ ਹੈ।

ਨਿਰਸੰਦੇਹ, ਉਲਟ-ਇਨਕਲਾਬੀ ਅਸਭਿਅਕ ਲੋਕ ਚੀਕ ਉਠਦੇ ਹਨ, "ਅਰਾਜਕਤਾਵਾਦ!", ਐਨ ਉਸੇ ਤਰ੍ਹਾਂ ਜਿਵੇਂ ਮੌਕਾ-ਪ੍ਰਸਤ ਐਡੁਆਰਦ ਡੇਵਿਡ ਉਸ ਸਮੇਂ "ਅਰਾਜਕਤਾਵਾਦ!" ਕੂਕਿਆ ਜਦੋਂ ਉਹਨੇ ਕਾਰਲ ਲੀਬਕਨੇਖਤ ਦਾ ਵਿਰੋਧ ਕੀਤਾ। ਜਰਮਨੀ ਵਿੱਚ ਉਹੋ ਲੀਡਰ ਇਮਾਨਦਾਰ ਸੋਸ਼ਲਿਸਟ ਰਹਿ ਗਏ ਹਨ ਜਿਨ੍ਹਾਂ ਨੂੰ ਮੌਕਾ-ਪ੍ਰਸਤ ਅਰਾਜਕਤਾਵਾਦੀ ਕਹਿ ਕੇ ਬਦੂ ਕਰਦੇ ਹਨ...।

ਅਜੋਕੀ ਫ਼ੌਜ ਨੂੰ ਹੀ ਲਓ। ਇਹ ਜਥੇਬੰਦੀ ਦੀ ਸੋਹਣੀ ਮਿਸਾਲ ਹੈ। ਇਹ ਜਥੇਬੰਦੀ ਇਸੇ ਲਈ ਚੰਗੀ ਹੈ ਕਿ ਇਹ **ਲਚਕਦਾਰ** ਹੈ ਅਤੇ ਇਹਦੇ ਨਾਲ਼ ਹੀ ਨਾਲ਼ ਲਖੂਖਾ ਲੋਕਾਂ ਨੂੰ **ਨਿਸ਼ਚੇ ਹੀ ਇਕੱਤਾ** ਦੇਣ ਯੋਗ ਹੈ। ਅੱਜ ਇਹ ਲਖੂਖਾ ਲੋਕ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਆਪਣੇ ਘਰਾਂ ਵਿੱਚ ਰਹਿੰਦੇ ਹਨ, ਭਲਕੇ ਲਾਮ-ਬੰਦੀ ਦਾ ਹੁਕਮ ਹੋ ਜਾਂਦਾ ਹੈ ਅਤੇ ਇਹ ਸੇਵਾ 'ਤੇ ਹਾਜ਼ਰ ਹੋ ਜਾਂਦੇ ਹਨ। ਅੱਜ ਉਹ ਮੋਰਚਿਆਂ ਵਿੱਚ ਪਏ ਹੁੰਦੇ ਹਨ ਅਤੇ ਇਹ ਹਾਲਤ ਮਹੀਨਿਆਂ ਤੱਕ ਜਾਰੀ ਰਹਿ ਸਕਦੀ ਹੈ; ਭਲਕੇ ਉਹਨਾਂ ਨੂੰ ਇੱਕ ਨਵੀਂ ਤਰਤੀਬ ਅਨੁਸਾਰ ਹਮਲੇ ਲਈ ਲਿਜਾਇਆ ਜਾਂਦਾ ਹੈ। ਅੱਜ ਉਹ ਗੋਲੀਆਂ ਅਤੇ ਬੰਬਾਂ ਦੇ ਟੋਟਿਆਂ ਤੋਂ ਬਚਣ ਵਿੱਚ ਚਮਤਕਾਰ ਵਿਖਾਉਂਦੇ ਹਨ, ਭਲਕੇ ਉਹ ਦੂ-ਬਦੂ ਯੁੱਧ ਵਿੱਚ ਚਮਤਕਾਰ ਵਿਖਾਉਂਦੇ ਹਨ। ਅੱਜ ਉਹਨਾਂ ਦੇ ਅੱਗੇ-ਵਧੇ ਦਸਤੇ ਸੁਰੰਗਾਂ ਵਿਛਾਉਂਦੇ ਹਨ; ਭਲਕੇ ਉੱਪਰ ਉਡ ਰਹੇ ਹਵਾਬਾਜ਼ਾਂ ਦੀ ਅਗਵਾਈ ਹੇਠ ਉਹ ਵੀਹਾਂ ਮੀਲ ਅੱਗੇ ਵਧਦੇ ਹਨ। ਜਦੋਂ ਇੱਕੋ ਇੱਕ ਮੰਤਵ ਨੂੰ ਪ੍ਰਾਪਤ ਕਰਨ ਲਈ ਅਤੇ ਇੱਕੋ ਇੱਕ ਨਿਸ਼ਚੇ ਤੋਂ ਉਤਸ਼ਾਹਤ ਹੋਏ ਲੱਖਾਂ ਲੋਕ ਆਪਣੇ ਸੰਚਾਰ ਦੇ ਰੂਪ ਅਤੇ ਆਪਣਾ ਵਤੀਰਾ ਤਬਦੀਲ ਕਰ ਲੈਂਦੇ ਹਨ, ਆਪਣੀਆਂ ਸਰਗਰਮੀਆਂ ਦਾ ਸਥਾਨ ਅਤੇ ਢੰਗ ਤਬਦੀਲ ਕਰ ਲੈਂਦੇ ਹਨ, ਘੋਲ਼ ਦੀਆਂ ਤਬਦੀਲ ਹੁੰਦੀਆਂ ਪ੍ਰਸਥਿਤੀਆਂ ਅਤੇ ਲੋੜਾਂ ਅਨੁਸਾਰ ਆਪਣੇ ਸੰਦ ਅਤੇ ਹਥਿਆਰ ਤਬਦੀਲ ਕਰ ਲੈਂਦੇ ਹਨ—ਤਾਂ ਇਹ ਸਭ ਕੁੱਝ ਅਸਲੀ ਜਥੇਬੰਦੀ ਹੈ।

ਬੁਰਜੂਆਜ਼ੀ ਵਿਰੁੱਧ ਕਿਰਤੀ ਸ਼੍ਰੇਣੀ ਦੇ ਘੋਲ਼ ਸਬੰਧੀ ਵੀ ਇਹ ਠੀਕ ਹੈ। ਅੱਜ ਕੋਈ ਇਨਕਲਾਬੀ ਪ੍ਰਸਥਿਤੀ ਨਹੀਂ, ਜਿਹੜੀਆਂ ਪ੍ਰਸਥਿਤੀਆਂ ਜਨਤਾ ਵਿੱਚ ਬੇਚੈਨੀ ਪੈਦਾ ਕਰਦੀਆਂ ਜਾਂ ਉਹਦੀਆਂ ਸਰਗਰਮੀਆਂ ਨੂੰ ਤਿੱਖਾ ਕਰਦੀਆਂ ਹਨ, ਅੱਜ ਉਹਨਾਂ ਦੀ ਹੋਂਦ ਨਹੀਂ, ਅੱਜ ਤੁਹਾਨੂੰ ਵੋਟ ਦੀ ਪਰਚੀ ਦਿੱਤੀ ਜਾਂਦੀ ਹੈ—ਇਹਨੂੰ ਲੈ ਲਓ, ਇਉਂ ਜਥੇਬੰਦ ਹੋਣਾ ਸਿੱਖੋ ਕਿ ਤੁਸੀਂ ਇਹਨੂੰ ਆਪਣੇ ਵੈਰੀ ਵਿਰੁੱਧ ਹਥਿਆਰ ਵਜੋਂ ਵਰਤ ਸਕੋ ਅਤੇ ਉਹਨਾਂ ਲੋਕਾਂ ਲਈ ਸੁਖਦਾਇਕ ਕਾਨੂੰਨ-ਘੜਨੀਆਂ ਪਦਵੀਆਂ ਪ੍ਰਾਪਤ ਕਰਨ ਲਈ ਨਹੀਂ, ਜਿਹੜੇ

ਜੇਲ੍ਹ ਜਾਣ ਦੇ ਡਰ ਕਾਰਨ ਆਪਣੀਆਂ ਪਾਰਲੀਮੈਂਟ ਦੀਆਂ ਸੀਟਾਂ ਨਾਲ਼ ਚੰਬੜੇ ਰਹਿੰਦੇ ਹਨ। ਭਲਕੇ ਤੁਹਾਡੀ ਵੋਟ ਦੀ ਪਰਚੀ ਤੁਹਾਥੋਂ ਲੈ ਲਈ ਜਾਂਦੀ ਹੈ, ਤੁਹਾਨੂੰ ਇੱਕ ਕਫ਼ਲ ਜਾਂ ਇੱਕ ਸ਼ਾਨਦਾਰ, ਅਤਿ ਨਵੀਨ ਤੇਜ਼ੀ ਨਾਲ਼ ਤੇਜ਼ ਗੋਲਾ ਚਲਾਉਣ ਵਾਲ਼ੀ ਤੋਪ ਦਿੱਤੀ ਜਾਂਦੀ ਹੈ—ਮੌਤ ਅਤੇ ਤਬਾਹੀ ਦਾ ਇਹ ਹਥਿਆਰ ਲੈ ਲਓ, ਉਹਨਾਂ ਲੋਕਾਂ ਦੀ ਡੁਸਕਣ ਦੀ ਪਰਵਾਹ ਨਾ ਕਰੋ ਜਿਹੜੇ ਯੁੱਧ ਤੋਂ ਡਰਦੇ ਹਨ; ਸੰਸਾਰ ਵਿੱਚ ਅਜੇ ਅਜਿਹਾ ਬਹੁਤ ਕੁੱਝ ਬਾਕੀ ਹੈ ਜਿਸਨੂੰ ਅੱਗ ਅਤੇ ਤਲਵਾਰ ਨਾਲ਼ ਤਬਾਹ ਕਰਨਾ **ਲਾਜ਼ਮੀ** ਹੈ; ਜੇ ਜਨਤਾ ਵਿੱਚ ਗ਼ੁੱਸਾ ਅਤੇ ਨਿਰਾਸ਼ਾ ਵੱਧ ਜਾਂਦੇ ਹਨ, ਜੇ ਇੱਕ ਇਨਕਲਾਬੀ ਪ੍ਰਸਥਿਤੀ ਪੈਦਾ ਹੋ ਜਾਂਦੀ ਹੈ, ਤਾਂ ਨਵੀਆਂ ਜਥੇਬੰਦੀਆਂ ਸਿਰਜਣ ਲਈ ਅਤੇ ਮੌਤ ਅਤੇ ਤਬਾਹੀ ਦੇ ਇਹ ਲਾਹੇਵੰਦੇ ਹਥਿਆਰ **ਆਪਣੀਆਂ** ਹਕੂਮਤਾਂ ਅਤੇ **ਆਪਣੀ** ਬੁਰਜੂਆਜ਼ੀ **ਵਿਰੁੱਧ ਵਰਤਣ** ਲਈ ਤਿਆਰ ਕਰੋ।

ਨਿਸ਼ਚੇ ਹੀ ਇਹ ਕੰਮ ਸੌਖਾ ਨਹੀਂ। ਇਹ ਹੱਡ-ਭੰਨ ਤਿਆਰੀ, ਸਰਗਰਮੀ ਅਤੇ ਭਾਰੀ ਕੁਰਬਾਨੀਆਂ ਦੀ ਮੰਗ ਕਰੇਗਾ। ਇਹ ਜਥੇਬੰਦੀ ਅਤੇ ਘੋਲ਼ ਦਾ ਇੱਕ **ਨਵਾਂ** ਰੂਪ ਹੈ ਅਤੇ ਇਹ ਵੀ **ਸਿੱਖਣਾ ਪੈਣਾ ਹੈ**, ਅਤੇ ਗਿਆਨ ਗ਼ਲਤੀਆਂ ਅਤੇ ਹਾਰਾਂ ਤੋਂ ਬਿਨਾਂ ਪ੍ਰਾਪਤ ਨਹੀਂ ਹੁੰਦਾ। ਸ਼੍ਰੇਣੀ ਘੋਲ਼ ਦਾ ਇਹ ਰੂਪ ਦਾ ਚੋਣਾਂ ਨਾਲ਼ ਉਹੋ ਸਬੰਧ ਹੈ ਜਿਹੜਾ ਇੱਕ ਕਿਲ੍ਹੇ 'ਤੇ ਹੱਲੇ ਦਾ ਪੈਂਤੜੇਬਾਜ਼ੀ, ਕੂਚਾਂ ਜਾਂ ਮੋਰਚਿਆਂ ਵਿੱਚ ਪਏ ਰਹਿਣ ਨਾਲ਼ ਹੈ। ਇਤਿਹਾਸ ਅਜਿਹੀ ਸਰਗਰਮੀ ਨੂੰ **ਅਕਸਰ ਫ਼ੌਰੀ ਕੰਮ ਨਹੀਂ** ਬਣਾਉਂਦਾ, ਪਰ ਜਦੋਂ ਇਹ ਅਜਿਹਾ ਬਣ ਜਾਂਦਾ ਹੈ ਤਾਂ ਇਹਦੀ ਮਹੱਤਤਾ ਵਰ੍ਹਿਆਂ-ਬੱਧੀ ਅਨੁਭਵ ਕੀਤੀ ਜਾਂਦੀ ਹੈ। ਜਿਨ੍ਹਾਂ **ਦਿਨਾਂ** ਵਿੱਚ ਘੋਲ਼ ਦੇ **ਅਜਿਹੇ** ਢੰਗ ਵਰਤੇ ਜਾ ਸਕਦੇ ਹਨ ਅਤੇ ਵਰਤੇ ਜਾਣੇ ਚਾਹੀਦੇ ਹਨ, ਉਹ ਹੋਰਨਾਂ ਇਤਿਹਾਸਕ ਯੁੱਗਾਂ ਦੇ **ਵੀਹਾਂ ਵਰ੍ਹਿਆਂ** ਦੇ ਬਰਾਬਰ ਹਨ।

ਜ਼ਰਾ ਕਾ. ਕਾਊਟਸਕੀ ਅਤੇ ਕਾ. ਲੇਗੀਨ ਵਿਚਕਾਰ ਮੁਕਾਬਲਾ ਕਰੋ। ਕਾਊਟਸਕੀ ਲਿਖਦਾ ਹੈ;

> "ਜਿੰਨਾਂ ਚਿਰ ਪਾਰਟੀ ਛੋਟੀ ਸੀ, ਯੁੱਧ ਵਿਰੁੱਧ ਹਰ ਰੋਸ ਦੀ ਦਲੇਰੀ ਦੇ ਕਦਮ ਵਜੋਂ ਪ੍ਰਾਪੇਗੰਡਾ ਵਾਲ਼ੀ ਮਹੱਤਤਾ ਸੀ। ...ਰੂਸੀ ਅਤੇ ਸਰਬੀਆ ਦੇ ਸਾਥੀਆਂ ਦੇ ਵਤੀਰੇ ਦੀ ਆਮ ਸ਼ਲਾਘਾ ਕੀਤੀ ਗਈ ਹੈ। ਜਿੰਨੀ ਕੋਈ ਪਾਰਟੀ ਮਜ਼ਬੂਤ ਹੋ ਜਾਂਦੀ ਹੈ, ਇਹਦੇ ਨਿਰਣਿਆਂ ਦੇ ਮੰਤਵਾਂ ਵਿੱਚ, ਪ੍ਰਾਪੇਗੰਡਾਂ ਦੇ ਉਤਨੇ ਵਧੇਰੇ ਵਿਚਾਰ ਹੁੰਦੇ ਹਨ, ਜਿਨ੍ਹਾਂ ਦੀ ਤਾਣੀ ਅਮਲੀ ਸਿੱਟਿਆਂ ਦੇ ਹਿਸਾਬ-ਕਿਤਾਬ ਨਾਲ਼ ਰਲ਼ੀ ਜਾਂਦੀ ਹੈ, ਅਤੇ ਦੁਹਾਂ ਮੰਤਵਾਂ ਵੱਲ ਬਰਾਬਰ ਹੱਦ ਤੱਕ ਯੋਗ ਧਿਆਨ ਦੇਣਾ ਉਤਨਾ ਹੀ ਔਖਾ ਬਣ ਜਾਂਦਾ ਹੈ ਅਤੇ ਇਹਦੇ ਬਾਵਜੂਦ ਦੁਹਾਂ ਵਿੱਚੋਂ ਕਿਸੇ ਨੂੰ ਭੁਲਾਇਆ ਨਹੀਂ ਜਾ ਸਕਦਾ। ਇਸ ਲਈ ਅਸੀਂ ਜਿੰਨੇ ਵਧੇਰੇ ਮਜ਼ਬੂਤ ਹੁੰਦੇ ਹਾਂ, ਉਤਨੀ ਸੌਖੀ ਤਰ੍ਹਾਂ ਹੀ ਹਰ ਨਵੀਂ ਅਤੇ ਗੁੰਝਲਦਾਰ ਪ੍ਰਸਥਿਤੀ ਵਿੱਚ ਸਾਡੇ ਵਿਚਕਾਰ ਮਤਭੇਦ ਪੈਦਾ ਹੋ ਜਾਂਦੇ ਹਨ। ("ਕੌਮਾਂਤਰੀਵਾਦ ਅਤੇ ਯੁੱਧ", ਪੰਨਾ 30)।

ਕਾਊਟਸਕੀ ਦੀਆਂ ਇਹਨਾਂ ਦਲੀਲਾਂ ਦਾ ਲੇਗੀਨ ਤੋਂ ਇੱਕੋ ਇੱਕ ਫ਼ਰਕ ਇਹ

ਹੈ ਕਿ ਇਹ ਪਖੰਡੀ ਅਤੇ ਕਾਇਰ ਹਨ। ਤੱਤ ਵਿੱਚ ਕਾਊਟਸਕੀ ਲੇਗੀਨ ਦੇ ਇਨਕਲਾਬੀ ਸਰਗਰਮੀਆਂ ਦੇ ਘ੍ਰਿਣਤ ਤਿਆਗ ਦੀ ਹਿਮਾਇਤ ਕਰਦਾ ਅਤੇ ਉਹਨੂੰ ਹੱਕੀ ਠਹਿਰਾਉਂਦਾ ਹੈ, ਪਰ ਇਹ ਉਹ ਚੋਰੀ ਚੋਰੀ ਕਰਦਾ ਹੈ ਅਤੇ ਆਪਣੇ ਵਲੋਂ ਕਰਾਰ ਨਹੀਂ ਦੇਂਦਾ; ਉਹ ਇਸ਼ਾਰਿਆਂ ਨਾਲ਼ ਕੰਮ ਚਲਾਉਂਦਾ ਹੈ ਅਤੇ ਆਪਣੇ ਆਪ ਨੂੰ ਲੇਗੀਨ ਦੀ ਅਤੇ ਰੂਸੀਆਂ ਦੇ ਇਨਕਲਾਬੀ ਵਤੀਰੇ ਦੁਹਾਂ ਦੀ ਸ਼ਲਾਘਾ ਕਰਨ ਤੱਕ ਸੀਮਤ ਰੱਖਦਾ ਹੈ। ਸਾਨੂੰ, ਰੂਸੀਆਂ ਨੂੰ ਕੇਵਲ ਉਦਾਰ-ਪੰਥੀਆਂ ਵਿੱਚ ਇਨਕਲਾਬੀਆਂ ਵੱਲ ਅਜਿਹਾ ਵਤੀਰਾ ਵੇਖਣ ਦੀ ਆਦਤ ਹੈ; ਉਹ ਸਦਾ ਇਨਕਲਾਬੀਆਂ ਦੀ "ਦਲੇਰੀ" ਨੂੰ ਪ੍ਰਵਾਨ ਕਰਨ ਲਈ ਤਿਆਰ ਰਹਿੰਦੇ ਹਨ ਪਰ ਕਿਸੇ ਦੀ ਹਾਲਤ ਵਿੱਚ ਆਪਣੇ ਪੜ-ਮੌਕਾਪ੍ਰਸਤ ਦਾਅ-ਪੇਚ ਤਿਆਗਣ ਨੂੰ ਤਿਆਰ ਨਹੀਂ। ਸਵੈ-ਮਾਣ ਵਾਲ਼ੇ ਇਨਕਲਾਬੀ ਕਾਊਟਸਕੀ ਵਲੋਂ "ਸ਼ਲਾਘਾ ਦੇ ਪ੍ਰਗਟਾਵਾਂ" ਨੂੰ ਕਬੂਲ ਨਹੀਂ ਕਰਨਗੇ ਅਤੇ ਰੋਹ ਨਾਲ਼ ਸਵਾਲ ਦੀ ਅਜਿਹੀ ਪੇਸ਼ਕਾਰੀ ਨੂੰ ਰੱਦ ਕਰ ਦੇਣਗੇ। ਜੇ ਇਨਕਲਾਬੀ ਪ੍ਰਸਥਿਤੀ ਨਾ ਹੁੰਦੀ, ਜੇ ਇਨਕਲਾਬੀ ਅਮਲ ਦਾ ਪ੍ਰਚਾਰ ਕਰਨਾ ਲਾਜ਼ਮੀ ਨਾ ਹੁੰਦਾ, ਰੂਸੀਆਂ ਅਤੇ ਸਰਬਾਂ ਦਾ ਵਤੀਰਾ **ਠੀਕ ਨਾ** ਹੁੰਦਾ, ਉਹਨਾਂ ਦੇ ਦਾਅ-ਪੇਚ ਗ਼ਲਤ ਹੁੰਦੇ। ਲੇਗੀਨ ਅਤੇ ਕਾਊਟਸਕੀ ਜਿਹੇ ਸੂਰਮਿਆਂ ਨੂੰ ਚਾਹੀਦਾ ਹੈ ਕਿ ਉਹ ਘੱਟੋ-ਘੱਟੋ ਆਪਣੇ ਨਿਸ਼ਚਿਆਂ ਦੀ ਦਲੇਰੀ ਤਾਂ ਪ੍ਰਗਟ ਕਰਨ; ਉਹਨਾਂ ਨੂੰ ਚਾਹੀਦਾ ਹੈ ਕਿ ਗੱਲ ਖੁਲ੍ਹ ਕੇ ਕਹਿਣ।

ਪਰ ਜੇ ਰੂਸੀਆਂ ਅਤੇ ਸਰਬਾਂ ਦੇ ਦਾਅ-ਪੇਚ "ਸ਼ਲਾਘਾ" ਯੋਗ ਹਨ ਤਾਂ ਜਰਮਨੀ ਅਤੇ ਫ਼ਰਾਂਸ ਆਦਿ ਦੀਆਂ ਮਜ਼ਬੂਤ ਪਾਰਟੀਆਂ ਦੇ ਇਹਨਾਂ ਦੇ **ਉਲਟ** ਦਾਅ-ਪੇਚਾਂ ਨੂੰ ਹੱਕੀ ਠਹਿਰਾਉਣਾ ਗ਼ਲਤ ਹੈ। ਜਾਣ ਬੁਝ ਕੇ ਅਸਪੱਸ਼ਟ ਵਾਕੰਸ਼—"ਅਮਲੀ ਸਿੱਟੇ"—ਰਾਹੀਂ ਕਾਊਟਸਕੀ ਨੇ ਇਹ ਸਾਫ਼ ਸੱਚ **ਛੁਪਾਇਆ** ਹੈ ਕਿ ਮਹਾਨ ਅਤੇ ਮਜ਼ਬੂਤ ਪਾਰਟੀਆਂ ਹਕੂਮਤ ਵਲੋਂ ਆਪਣੀਆਂ ਜਥੇਬੰਦੀਆਂ ਤੋੜ ਦਿੱਤੇ ਜਾਣ, ਆਪਣੇ ਫ਼ੰਡ ਜ਼ਬਤ ਕਰ ਲਏ ਜਾਣ ਅਤੇ ਆਪਣੇ ਲੀਡਰਾਂ ਦੇ ਗ੍ਰਿਫ਼ਤਾਰ ਕਰ ਲਏ ਜਾਣ ਦੀ ਸੰਭਾਵਨਾ ਤੋਂ **ਡਰ ਗਈਆਂ।** ਇਹਦੇ ਅਰਥ ਇਹ ਹਨ ਕਿ ਇਨਕਲਾਬੀ ਦਾਅ-ਪੇਚ ਅਪਣਾਉਣ ਤੋਂ ਜਿਹੜੇ ਅਸੁਖਾਵੇਂ "ਅਮਲੀ ਸਿੱਟੇ" ਨਿਕਲਦੇ ਹਨ, ਉਹਨਾਂ ਦੀ ਦਲੀਲ ਦੇ ਕੇ ਕਾਊਟਸਕੀ ਸੋਸ਼ਲਿਜ਼ਮ ਨਾਲ਼ ਵਿਸਾਹ-ਘਾਤ ਨੂੰ ਹੱਕੀ ਠਹਿਰਾਉਂਦਾ ਹੈ। ਕੀ ਇਹ ਮਾਰਕਸਵਾਦ ਦੀ ਕੁਵਰਤੋਂ ਨਹੀਂ ?

"ਅਸੀਂ ਗ੍ਰਿਫ਼ਤਾਰ ਹੋ ਸਕਦੇ ਸਾਂ", 4 ਅਗਸਤ ਨੂੰ ਯੁੱਧ ਲਈ ਰਕਮਾਂ ਪ੍ਰਵਾਨ ਕਰਨ ਦੇ ਹੱਕ ਵਿੱਚ ਵੋਟ ਦੇਣ ਵਾਲ਼ੇ ਪਾਰਲੀਮੈਂਟ ਦੇ ਮੈਂਬਰਾਂ ਵਿੱਚੋਂ ਇੱਕ ਨੇ ਬਰਲਿਨ ਵਿਖੇ ਕਿਰਤੀਆਂ ਦੇ ਇੱਕ ਜਲਸੇ ਵਿੱਚ ਕਿਹਾ। ਕਿਰਤੀਆਂ ਜਵਾਬ ਵਿੱਚ ਜ਼ੋਰਦਾਰ ਅਵਾਜ਼ ਵਿੱਚ ਬਸ ਏਨਾ ਹੀ ਕਿਹਾ, "ਸੋ, ਇਹਦੇ ਵਿੱਚ ਮਾੜੀ ਗੱਲ ਕਿਹੜੀ ਸੀ ?"

ਜੇ ਹੋਰ ਕੋਈ ਅਜਿਹਾ **ਸੰਕੇਤ** ਨਹੀਂ ਸੀ ਜੋ ਜਰਮਨਾਂ **ਅਤੇ ਫ਼ਰਾਂਸੀਸੀ** ਕਿਰਤੀ ਜਨਤਾ ਵਿੱਚ ਇਨਕਲਾਬੀ ਭਾਵਨਾਵਾਂ ਅਤੇ ਇਨਕਲਾਬੀ ਅਮਲ ਲਈ ਤਿਆਰੀ ਦੀ ਲੋੜ ਪੈਦਾ ਕਰਦਾ ਤਾਂ ਇੱਕ ਦਲੇਰ ਤਕਰੀਰ ਲਈ ਪਾਰਲੀਮੈਂਟ ਦੇ ਇੱਕ ਮੈਂਬਰ ਦੀ ਗ੍ਰਿਫ਼ਤਾਰੀ ਉਹਨਾਂ ਦੇ ਇਨਕਾਲਬੀ ਕੰਮ ਵਿੱਚ ਵੱਖ ਵੱਖ ਦੇਸ਼ਾਂ ਦੇ ਪ੍ਰੋਲੇਤਾਰੀਆਂ ਲਈ **ਏਕੇ** ਦੀ ਸੱਦ

ਵਜੋਂ ਲਾਹੇਵੰਦੀ ਹੁੰਦੀ। ਅਜਿਹੀ ਏਕਤਾ ਕਾਇਮ ਕਰਨਾ **ਸੌਖਾ** ਨਹੀਂ; ਇਸੇ ਲਈ ਇਹ ਪਾਰਲੀਮੈਂਟ ਦੇ ਮੈਂਬਰਾਂ ਦਾ, ਜਿਨ੍ਹਾਂ ਦੀ ਉੱਚ-ਪਦਵੀ ਸਮੁੱਚੇ ਰਾਜਸੀ ਦ੍ਰਿਸ਼ਟੀ-ਖੇਤਰ ’ਤੇ ਉਹਨਾਂ ਦੀ ਨਿਗਾਹ ਨੂੰ ਏਨਾ ਵਿਸ਼ਾਲ ਬਣਾਉਂਦੀ ਹੈ, ਇਹ ਫ਼ਰਜ਼ ਸੀ ਕਿ ਉਹ **ਪਹਿਲ-ਕਦਮੀ ਵਿਖਾਉਂਦੇ।**

ਨਾ ਕੇਵਲ ਯੁੱਧ ਦੇ ਸਮੇਂ ਹੀ ਸਗੋਂ ਨਿਸ਼ਚੇ ਹੀ ਹਰ ਨਾਜ਼ੁਕ ਰਾਜਸੀ ਪ੍ਰਸਥਿਤੀ ਵਿੱਚ, ਕਿਸੇ ਕਿਸਮ ਦੇ ਜਨਤਕ ਇਨਕਲਾਬੀ ਅਮਲ ਦੀ ਤਾਂ ਗੱਲ ਹੀ ਨਾ ਕਰੋ, **ਵੱਧ ਤੋਂ ਵੱਧ ਅਜ਼ਾਦ** ਬੁਰਜੂਆ ਦੇਸ਼ ਦੀ ਹਕੂਮਤ ਵੀ ਕਾਨੂੰਨੀ ਜਥੇਬੰਦੀਆਂ ਨੂੰ ਖ਼ਤਮ ਕਰ ਦੇਣ, ਉਹਨਾਂ ਦੇ ਫ਼ੰਡ ਜ਼ਬਤ ਕਰ ਲੈਣ, ਉਹਨਾਂ ਦੇ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲੈਣ ਅਤੇ ਅਜਿਹੇ ਹੀ ਹੋਰ “ਅਮਲੀ ਸਿੱਟਿਆਂ” ਦੀ ਧਮਕੀ ਦੇਵੇਗੀ। ਤਾਂ ਫੇਰ ਅਸੀਂ ਕੀ ਕਰੀਏ ? ਇਸ ਅਧਾਰ ਉੱਤੇ ਮੌਕਾ-ਪ੍ਰਸਤਾਂ ਨੂੰ ਹੱਕੀ ਠਹਿਰਾਈਏ ਜਿਵੇਂ ਕਾਊਟਸਕੀ ਕਰਦਾ ਹੈ ? ਪਰ ਇਹਦਾ ਅਰਥ ਹੋਵੇਗਾ ਸੋਸ਼ਲ-ਡੈਮੋਕਰੈਟਕ ਪਾਰਟੀਆਂ ਦੀ ਲਿਬਰਲ-ਲੇਬਰ ਪਾਰਟੀਆਂ ਵਿੱਚ ਕਾਇਆ-ਪਲਟ ਨੂੰ ਹੱਕੀ ਠਹਿਰਾਉਣਾ।

ਕੋਈ ਵੀ ਸ਼ੋਸਲਿਸਟ ਇੱਕੋ ਇੱਕ ਸਿੱਟਾ ਕੱਢ ਸਕਦਾ ਹੈ, ਅਰਥਾਤ, ਖ਼ਾਲਸ ਕਾਨੂੰਨੀਵਾਦ, “ਯੂਰਪੀ ਪਾਰਟੀਆਂ” ਦਾ ਕਾਨੂੰਨੀਵਾਦ-ਅਤੇ-ਕਾਨੂੰਨੀਵਾਦ-ਤੋਂ-ਬਿਨਾਂ-ਕੁਝ-ਨਹੀਂ, ਹੁਣ ਸਮਾਂ ਵਿਹਾ ਚੁੱਕਾ ਹੈ ਅਤੇ ਪੂਰਵ-ਸਾਮਰਾਜੀ ਪੜਾਅ ਵਿੱਚ ਸਰਮਾਏਦਾਰੀ ਦੇ ਵਿਕਾਸ ਕਾਰਨ ਬੁਰਜੂਆ ਲੇਬਰ ਨੀਤੀ ਦਾ ਅਧਾਰ ਬਣ ਗਿਆ ਹੈ। ਗ਼ੈਰ-ਕਾਨੂੰਨੀ ਅਧਾਰ, ਇੱਕ ਗ਼ੈਰ-ਕਾਨੂੰਨੀ ਜਥੇਬੰਦੀ, ਗ਼ੈਰ-ਕਾਨੂੰਨੀ ਸੋਸ਼ਲ-ਡੈਮੋਕਰੈਟਿਕ ਕੰਮ ਸਿਰਜ ਕੇ, ਪਰ ਇਕ ਵੀ ਕਾਨੂੰਨੀ ਸਥਾਨ ਛੱਡੇ ਬਿਨਾਂ, ਇਹਦੇ ਵਿੱਚ ਵਾਧਾ ਕਰਨਾ ਚਾਹੀਦਾ ਹੈ। ਜੇ ਇਕ ਰਾਹ ਅਪਣਾਉਣ ਦੀ ਇੱਛਾ ਅਤੇ ਇਹ ਅਨੁਭਵ ਮੌਜੂਦ ਹੈ ਕਿ ਅਜਿਹਾ ਕਰਨਾ ਜ਼ਰੂਰੀ ਹੈ ਤਾਂ ਅਨੁਭਵ ਵਿਖਾ ਦੇਵੇਗਾ ਕਿ ਇਹ **ਕਿਵੇਂ** ਕਰਨਾ ਹੈ। 1912-24 ਵਿੱਚ ਰੂਸੀ ਸੋਸ਼ਲ-ਡੈਮੋਕਰੈਟਾਂ ਨੇ ਵਿਖਾ ਦਿੱਤਾ ਕਿ ਇਹ ਕਿਵੇਂ ਕੀਤਾ ਜਾਂਦਾ ਹੈ। ਦੂਮਾ ਵਿੱਚ ਕਿਰਤੀਆਂ ਦੇ ਪ੍ਰਤਿਨਿਧ ਮੁਰਾਨੋਵ ਨੇ, ਜਿਸਦਾ ਮੁਕੱਦਮੇ[50] ਸਮੇਂ ਵਤੀਰਾ ਬਾਕੀਆਂ ਨਾਲ਼ੋਂ ਚੰਗੇਰਾ ਸੀ ਅਤੇ ਜਿਸਨੂੰ ਸਾਈਬੇਰੀਆ ਵਿਖੇ ਜਲਾਵਤਨ ਕਰ ਦਿੱਤਾ ਗਿਆ, ਸਪੱਸ਼ਟ ਤੌਰ ’ਤੇ ਵਿਖਾ ਦਿੱਤਾ ਕਿ—“**ਮੰਤਰੀਣ-ਯੋਗ**” ਪਾਰਲੀਮਾਨੀਵਾਦ ਤੋਂ ਵੱਖ (ਹੈਂਡਰਸਨ, ਸੇਮਬਾਤ, ਵਾਂਡਰਵੇਲਡੇ ਤੋਂ ਲੈ ਕੇ ਜ਼ੂਦੇਕੁਮ ਅਤੇ ਸ਼ੀਦੇਮਾਨ ਤੱਕ, ਭਾਵੇਂ ਅਖ਼ੀਰੀ ਦੋ ਵੀ ਪੂਰੀ ਤਰ੍ਹਾਂ “ਮੰਤਰੀਣ ਯੋਗ” ਹਨ ਪਰ ਅਜੇ ਉਹਨਾਂ ਨੂੰ ਡਿਊਢੀ ਤੋਂ ਅੱਗੇ ਨਹੀਂ ਜਾਣ ਦਿੱਤਾ ਜਾਂਦਾ) **—ਗ਼ੈਰ ਕਾਨੂੰਨੀ ਅਤੇ ਇਨਕਲਾਬੀ** ਪਾਰਲੀਮਾਨੀਵਾਦ ਵੀ ਹੋ ਸਕਦਾ ਹੈ। ਕੋਸੋਵਸਕੀਆਂ ਅਤੇ ਪੋਤਰੇਸੋਵਾਂ ਨੂੰ ਚਾਟੜਿਆਂ ਦੇ “ਯੂਰਪੀ” ਪਾਰਲੀਮਾਨੀਵਾਦ ਦੀ ਸ਼ਲਾਘਾ ਕਰਨ ਜਾਂ ਇਹਨੂੰ ਕਬੂਲ ਕਰਨ ਦਿਓ—ਅਸੀਂ ਕਿਰਤੀਆਂ ਨੂੰ ਇਹ ਦੱਸਣੋਂ ਨਹੀਂ ਥੱਕਾਂਗੇ ਕਿ **ਅਜਿਹਾ** ਕਾਨੂੰਨੀਵਾਦ, ਲੇਗੀਨ, ਕਾਊਟਸਕੀ ਅਤੇ ਸ਼ੀਦੇਮਾਨ ਮਾਰਕਾ **ਅਜਿਹੀ** ਸੋਸ਼ਲ-ਡੈਮੋਕਰੈਸੀ ਕੇਵਲ ਇਸ ਲਾਇਕ ਹੈ ਕਿ ਉਹਦੇ ਨਾਲ਼ ਘ੍ਰਿਣਾ ਕੀਤੀ ਜਾਵੇ।

## IX

ਗੱਲ ਮੁਕਾਉਂਦੇ ਹੋਏ।

ਦੂਜੀ ਇੰਟਰਨੈਸ਼ਨਲ ਦਾ ਪਤਨ ਸਭ ਤੋਂ ਸਪੱਸ਼ਟ ਤੌਰ ’ਤੇ ਯੂਰਪ ਦੀਆਂ ਸਰਕਾਰੀ ਸੋਸ਼ਲ-ਡੈਮੋਕਰੈਟਕ ਪਾਰਟੀਆਂ ਵਲੋਂ ਆਪਣੇ ਨਿਸ਼ਚਿਆਂ ਅਤੇ ਸਟੁਟਗਾਰਟ ਅਤੇ ਬਾਸਲ ਦੇ ਗੰਭੀਰ ਪ੍ਰਸਤਾਵਾਂ ਨਾਲ਼ ਗ਼ੱਦਾਰੀ ਵਿੱਚ ਪ੍ਰਗਟ ਹੋਇਆ ਹੈ। ਪਰ ਇਹ ਪਤਨ ਜਿਹੜਾ ਮੌਕਾ-ਪ੍ਰਸਤੀ ਦੀ ਮੁਕੰਮਲ ਜਿੱਤ, ਸੋਸ਼ਲ-ਡੈਮੋਕਰੈਟਿਕ ਪਾਰਟੀਆਂ ਦੇ ਕੌਮੀ ਲਿਬਰਲ-ਲੇਬਰ ਪਾਰਟੀਆਂ ਵਿੱਚ ਤਬਦੀਲ ਹੋ ਜਾਣ ਦਾ ਪ੍ਰਤੀਕ ਹੈ ਦੂਜੀ ਇੰਟਰਨੈਸ਼ਨਲ ਦੇ ਸਮੁੱਚੇ ਇਤਿਹਾਸਕ ਯੁੱਗ—ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ—ਦਾ ਸਿੱਟਾ ਹੀ ਹੈ। ਇਸ ਯੁੱਗ ਦੀਆਂ ਬਾਹਰਮੁਖੀ ਪ੍ਰਸਥਿਤੀਆਂ ਨੇ—ਪੱਛਮੀ ਯੂਰਪੀ ਬੁਰਜੂਆ ਅਤੇ ਕੌਮੀ ਇਨਕਲਾਬਾਂ ਦੀ ਪੂਰਤੀ ਤੋਂ ਸੋਸ਼ਲਿਸਟ ਇਨਕਲਾਬਾਂ ਦੇ ਸ਼ੁਰੂ ਵੱਲ ਤਬਦੀਲੀ ਦੀਆਂ ਪ੍ਰਸਥਿਤੀਆਂ—ਨੇ ਮੌਕਾ-ਪ੍ਰਸਤੀ ਨੂੰ ਜਨਮ ਦਿੱਤਾ ਅਤੇ ਇਹਦੀ ਪਰਵਈ ਕੀਤੀ। ਇਸ ਸਮੇਂ ਵਿੱਚ ਅਸੀਂ ਕੁਝ ਯੂਰਪੀ ਦੇਸ਼ਾਂ ਵਿੱਚ ਕਿਰਤੀ-ਸ਼੍ਰੇਣੀ ਅਤੇ ਸੋਸ਼ਲਿਸਟ ਲਹਿਰ ਵਿੱਚ ਫ਼ੁਟ ਵੇਖਦੇ ਹਾਂ, ਜਿਹੜੀ, ਮੁੱਖ ਤੌਰ ’ਤੇ ਮੌਕਾ-ਪ੍ਰਸਤੀ ਦੀ ਸੇਧ ਅਨੁਸਾਰ ਪਾੜ ਸੀ (ਬਰਤਾਨੀਆ, ਇਟਲੀ, ਹਾਲੈਂਡ, ਬਲਗੇਰੀਆ ਅਤੇ ਰੂਸ); ਹੋਰਨਾਂ ਦੇਸ਼ਾਂ ਵਿੱਚ ਅਸੀਂ ਇਸੇ ਸੇਧ ਉੱਤੇ ਮੁਹਾਣਾਂ ਵਿਚਕਾਰ ਲੰਮਾਂ ਅਤੇ ਹੱਠੀ ਘੋਲ਼ਾਂ ਵੇਖਦੇ ਹਾਂ (ਜਰਮਨੀ, ਫ਼ਰਾਂਸ, ਬੈਲਜੀਅਮ, ਸਵੀਡਨ, ਸਵਿਟਜ਼ਰਲੈਂਡ)। ਯੁੱਧ ਨੇ ਜਿਹੜਾ ਸੰਕਟ ਪੈਦਾ ਕੀਤਾ ਉਹਨੇ ਸਭ ਉਛਾੜ ਲਾਹ ਦਿੱਤੇ ਹਨ, ਸਭ ਰਿਵਾਇਤਾਂ ਦਾ ਹੂੰਝਾ ਫ਼ੇਰ ਦਿੱਤਾ ਹੈ, ਇੱਕ ਗੜ੍ਹ ਨੰਗਾ ਕੀਤਾ ਹੈ ਜਿਹੜਾ ਲੰਮੇ ਸਮੇਂ ਤੋਂ ਪੱਕ ਚੁੱਕਾ ਸੀ ਅਤੇ ਮੌਕਾ-ਪ੍ਰਸਤੀ ਨੂੰ ਇਹਦੇ ਬੁਰਜੂਆਜ਼ੀ ਦੇ ਇਤਿਹਾਦੀ ਦੇ ਸੱਚੇ ਰੋਲ ਵਿੱਚ ਨੰਗਾ ਕੀਤਾ ਹੈ। ਇਸ ਅੰਸ਼ ਨੂੰ ਕਿਰਤੀਆਂ ਦੀਆਂ ਪਾਰਟੀਆਂ ਨਾਲ਼ੋਂ ਕੱਟ ਦੇਣਾ ਉੱਕਾ ਹੀ ਜ਼ਰੂਰੀ ਹੋ ਗਿਆ ਹੈ। ਸਾਮਰਾਜ ਦਾ ਯੁੱਗ ਇੱਕੋ ਇੱਕ ਪਾਰਟੀ ਵਿੱਚ ਇਨਕਲਾਬੀ ਪ੍ਰੋਲੇਤਾਰੀ ਦੀ ਮੂਹਰੈਲ ਅਤੇ ਕਿਰਤੀ ਸ਼੍ਰੇਣੀ ਦੀ ਅਮੀਰ-ਸ਼ਾਹੀ ਦੀ, ਜਿਸਨੂੰ ਉਹਦੀ “ਆਪਣੀ” ਕੌਮ ਦੇ “ਵੱਡ-ਤਾਕਤੀ” ਦਰਜੇ ਦੀਆਂ ਬੁਰਕੀਆਂ ਮਿਲਦੀਆਂ ਹਨ, ਹੋਂਦ ਨਹੀਂ ਸਹਾਰ ਸਕਦੀ। ਪੁਰਾਣਾ ਸਿਧਾਂਤ ਕਿ ਮੌਕਾ-ਪ੍ਰਸਤੀ ਇੱਕ ਪਾਰਟੀ ਵਿੱਚ, ਜਿਸ ਵਿੱਚ ਕੋਈ “ਅਤਿ” ਨਹੀਂ ਹੁੰਦੀ, ਇੱਕ “ਜਾਇਜ਼ ਭਾਹ” ਹੈ, ਹੁਣ ਕਿਰਤੀਆਂ ਨਾਲ਼ ਇੱਕ ਅਤਿ ਵੱਡਾ ਧੋਖਾ ਅਤੇ ਕਿਰਤੀ ਸ਼੍ਰੇਣੀ ਲਹਿਰ ਦੇ ਰਾਹ ਵਿੱਚ ਇੱਕ ਅਤਿ ਵੱਡੀ ਰੋਕ ਬਣ ਗਿਆ ਹੈ। ਨੰਗੀ ਮੌਕਾ-ਪ੍ਰਸਤੀ, ਜਿਸ ਤੋਂ ਕਿਰਤੀ ਸ਼੍ਰੇਣੀ ਇੱਕ ਦਮ ਪਿੱਛੇ ਹਟਦੀ ਹੈ, ਏਨੀ ਡਰਾਉਣੀ ਅਤੇ ਹਾਨੀਕਾਰਕ ਨਹੀਂ, ਜਿੰਨਾਂ ਸੁਨਹਿਰੀ ਵਿਚਾਰਲੇ ਰਾਹ ਦਾ ਸਿਧਾਂਤ, ਜਿਹੜਾ ਮਾਰਕਸਵਾਦੀ ਰਸਮੀ ਬੋਲੇ ਵਰਤ ਕੇ ਮੌਕਾ-ਪ੍ਰਸਤ ਅਮਲਾਂ ਨੂੰ ਹੱਕੀ ਠਹਿਰਾਉਂਦਾ ਹੈ, ਅਤੇ ਭੁਲਾਂਦਰਿਆਂ ਦੀ ਇੱਕ ਲੜੀ ਨਾਲ਼ ਇਹ ਸਾਬਤ ਕਰਨ ਦਾ ਯਤਨ ਕਰਦਾ ਹੈ ਕਿ ਇਨਕਲਾਬੀ ਅਮਲ ਸਮੇਂ ਤੋਂ ਅਗਾਊਂ ਹੈ। ਕਾਊਟਸਕੀ ਨੇ, ਜਿਹੜਾ ਇਸ ਸਿਧਾਂਤ ਦਾ ਸਭ ਤੋਂ ਬੜਬੋਲਾ ਹਾਮੀ ਹੈ, ਅਤੇ ਦੂਜੀ ਇੰਟਰਨੈਸ਼ਨਲ ਦਾ ਮੁਖੀ ਪ੍ਰਮਾਣਿਕ ਵਿਅਕਤੀ ਹੈ, ਆਪਣੇ ਆਪ ਨੂੰ ਇੱਕ ਮਾਹਰ ਪੰਖਡੀ ਅਤੇ ਮਾਰਕਸਵਾਦ ਦੀ ਕੁਵਰਤੋਂ ਕਰਨ ਦੀ ਕਲਾ

ਵਿੱਚ ਨਿਪੁੰਨ ਉਸਤਾਦ ਸਾਬਤ ਕਰ ਦਿੰਦਾ ਹੈ। 10 ਲੱਖ ਮੈਂਬਰਾਂ ਵਾਲੀ ਜਰਮਨ ਪਾਰਟੀ ਦੇ ਸਾਰੇ ਮੈਂਬਰਾਂ ਨੇ, ਜੋ ਸਭੇ ਈਮਾਨਦਾਰ, ਸ਼੍ਰੇਣੀ ਚੇਤੰਨ ਅਤੇ ਇਨਕਲਾਬੀ ਹਨ, ਅਜਿਹੇ "ਪ੍ਰਮਾਣਿਕ ਵਿਅਕਤੀ" ਤੋਂ ਜਿਸਦੀ ਜ਼ੂਦੇਕੁਮ ਅਤੇ ਸ਼ੀਦੇਮਾਨ ਹਮਾਇਤ ਕਰਦੇ ਹਨ, ਮੂੰਹ ਮੋੜ ਲਿਆ ਹੈ।

ਪ੍ਰੋਲੇਤਾਰੀ ਜਨਤਾ—ਜਿਸਦੇ ਪੁਰਾਣੇ ਲੀਡਰਾਂ ਵਿੱਚੋਂ ਸ਼ਾਇਦ ਦਸ ਵਿੱਚੋਂ ਨੌਂ ਬੁਰਜੂਆਜ਼ੀ ਨਾਲ਼ ਰਲ਼ ਗਏ ਹਨ—ਅੰਧਰਾਸ਼ਟਰਵਾਦ ਦੇ ਹੜ੍ਹ ਵਿੱਚ ਅਤੇ ਮਾਰਸ਼ਲ ਲਾ ਅਤੇ ਸੈਂਸਰਸ਼ਿਪ ਦੇ ਦਬਾਅ ਹੇਠ ਗ਼ੈਰ-ਇੱਕ-ਮੁਠ ਅਤੇ ਲਾਚਾਰ ਖੜੀ ਹੈ। ਪਰ ਯੁੱਧ-ਰਚੀ ਬਾਹਰਮੁਖੀ ਇਨਕਲਾਬੀ ਪ੍ਰਸਥਿਤੀ, ਜੋ ਫੈਲ ਰਹੀ ਅਤੇ ਵਿਕਸਿਤ ਹੋ ਰਹੀ ਹੈ, ਅਟੱਲ ਤੌਰ 'ਤੇ ਇਨਕਲਾਬੀ ਭਾਵਨਾਵਾਂ ਪੈਦਾ ਕਰ ਰਹੀ ਹੈ; ਇਹਨਾਂ ਸਭਨਾਂ ਸਰਵਉੱਤਮ ਅਤੇ ਅਤਿ-ਅੰਤ ਸ਼੍ਰੇਣੀ-ਚੇਤੰਨ ਪ੍ਰੋਲੇਤਾਰੀਆਂ ਨੂੰ ਪਾਣ ਚਾੜ੍ਹ ਰਹੀ ਅਤੇ ਚੇਤੰਨ ਕਰ ਰਹੀ ਹੈ। ਆਮ ਜਨਤਾ ਦੇ ਰੌਂ ਵਿੱਚ ਅਚਣਚੇਤੀ ਤਬਦੀਲੀ ਨਾ ਕੇਵਲ ਸੰਭਵ ਹੈ ਸਗੋਂ ਸਦਾ ਵਧੇਰੇ ਸੰਭਾਵੀ ਹੁੰਦੀ ਜਾ ਰਹੀ ਹੈ, ਇੱਕ ਅਜਿਹੀ ਤਬਦੀਲੀ ਜਿਹੜੀ ਰੂਸ ਅੰਦਰ 1905 ਵਿੱਚ "ਗਾਪੋਨੇਦ"[51] ਦੇ ਸਬੰਧ ਵਿੱਚ ਵੇਖੀ ਗਈ ਜਦੋਂ ਕਈ ਮਹੀਨਿਆਂ ਅਤੇ ਕਈ ਵਾਰ ਕਈ ਹਫ਼ਤਿਆਂ ਦੇ ਦੌਰਾਨ, ਪੱਛੜੀ ਪ੍ਰੋਲੇਤਾਰੀ ਜਨਤਾ ਵਿੱਚੋਂ ਲਖੂਖਾ ਦੀ ਇੱਕ ਫ਼ੌਜ ਪ੍ਰਗਟ ਹੋਈ ਜਿਹੜੀ ਪ੍ਰੋਲੇਤਾਰੀ ਦੇ ਇਨਕਲਾਬੀ ਮੂਹਰੈਲ ਪਿੱਛੇ ਚੱਲੀ। ਅਸੀਂ ਇਹ ਨਹੀਂ ਕਹਿ ਸਕਦੇ ਕਿ ਇਕ ਬਲਵਾਨ ਇਨਕਲਾਬੀ ਲਹਿਰ **ਇਸ** ਯੁੱਧ ਤੋਂ ਫ਼ੌਰਨ ਪਿੱਛੋਂ ਵਿਕਸਿਤ ਹੋਵੇਗੀ ਜਾਂ ਇਹਦੇ ਦੌਰਾਨ, ਆਦਿ, ਪਰ ਕੁਝ ਹੀ ਹੋਵੇ, **ਕੇਵਲ** ਉਹੋ ਕੰਮ ਜਿਹੜਾ ਇਸ ਦਿਸ਼ਾ ਵੱਲ ਜਾਣ ਲਈ ਕੰਮ ਹੈ ਸੋਸ਼ਲਿਸਟ ਕੰਮ ਅਖਵਾਉਣ ਦਾ ਹੱਕਦਾਰ ਹੈ। ਖ਼ਾਨਾਜੰਗੀ ਦਾ ਨਾਹਰਾ ਉਹ ਨਾਹਰਾ ਹੈ ਜਿਹੜਾ ਇਸ ਕੰਮ ਦਾ ਸਾਰ ਪੇਸ਼ ਕਰਦਾ ਅਤੇ ਇਹਨੂੰ ਦਿਸ਼ਾ ਦੇਂਦਾ ਹੈ ਅਤੇ ਉਹਨਾਂ ਨੂੰ ਇੱਕ-ਮੁੱਠ ਅਤੇ ਪੱਕਾ ਕਰਦਾ ਹੈ ਜਿਹੜੇ ਉਹਦੀ ਆਪਣੀ ਹਕੂਮਤ ਅਤੇ ਆਪਣੀ ਬੁਰਜੂਆਜ਼ੀ ਵਿਰੁੱਧ ਇਨਕਲਾਬੀ ਘੋਲ਼ ਵਿੱਚ ਪ੍ਰੋਲੇਤਾਰੀ ਦੀ ਸਹਾਇਤਾ ਕਰਨਾ ਚਾਹੁੰਦੇ ਹਨ।

ਰੂਸ ਵਿੱਚ ਕਿਰਤੀ ਸ਼੍ਰੇਣੀ ਲਹਿਰ ਦੇ ਸਮੁੱਚੇ ਇਤਿਹਾਸ ਨੇ ਇਨਕਲਾਬੀ ਸੋਸ਼ਲ-ਡੈਮੋਕਰੈਟਾਂ ਦੇ ਨਿੱਕ-ਬੁਰਜੂਆ ਮੌਕਾ-ਪ੍ਰਸਤ ਅੰਸ਼ਾਂ ਨਾਲ਼ ਮੁਕੰਮਲ ਤੋੜ-ਵਿਛੋੜੇ ਦੀ ਤਿਆਰੀ ਕੀਤੀ। ਜਿਹੜੇ ਲੋਕ ਇਸ ਇਤਿਹਾਸ ਨੂੰ ਧਿਆਨ ਵਿੱਚ ਨਹੀਂ ਰੱਖਦੇ ਅਤੇ "ਗੁੱਟ-ਬੰਦੀ" ਵਿਰੁੱਧ ਤਕਰੀਰਾਂ ਕਰਕੇ ਆਪਣੇ ਆਪ ਨੂੰ ਰੂਸ ਵਿੱਚ ਮੌਕਾ-ਪ੍ਰਸਤੀ ਦੀਆਂ ਵੱਖ-ਵੱਖ ਵੰਨਗੀਆਂ ਵਿਰੁੱਧ ਕਈ ਵਰ੍ਹਿਆਂ ਦੇ ਘੋਲ਼ ਦੌਰਾਨ ਵਿਕਸਿਤ ਹੋਈ ਪ੍ਰੋਲੇਤਾਰੀ ਪਾਰਟੀ ਦੇ ਬਣਨ ਦੇ ਅਸਲੀ ਅਮਲ ਸਮਝਣੋਂ ਅਸਮੱਰਥ ਬਣਾ ਲੈਂਦੇ ਹਨ ਉਹ ਇਸ ਲਹਿਰ ਦੀ ਵੱਧ ਤੋਂ ਵੱਧ ਕੁਸੇਵਾ ਕਰ ਰਹੇ ਹਨ। ਜਿਹੜੀਆਂ "ਵੱਡੀਆਂ" ਤਾਕਤਾਂ ਇਸ ਯੁੱਧ ਵਿੱਚ ਜੁਟੀਆਂ ਹੋਈਆਂ ਹਨ ਉਹਨਾਂ ਵਿੱਚ ਇੱਕਲੇ ਰੂਸ ਨੇ ਹੀ ਪਿੱਛੇ ਜਿਹੇ ਇੱਕ ਇਨਕਲਾਬ ਵੇਖਿਆ ਹੈ। ਇਸ ਇਨਕਲਾਬ ਦਾ ਬੁਰਜੂਆ ਤੱਤ, ਭਾਵੇਂ ਪ੍ਰੋਲੇਤਾਰੀ ਨੇ ਇਨਕਲਾਬ ਵਿੱਚ ਨਿਰਣਾਇਕ ਹਿੱਸਾ ਲਿਆ, ਕਿਰਤੀ-ਸ਼੍ਰੇਣੀ ਲਹਿਰ ਵਿੱਚ ਫ਼ੁੱਟ ਪਾਏ ਬਿਨਾਂ ਨਹੀਂ ਸੀ ਰਹਿ ਸਕਦਾ।

ਉਹਨਾਂ ਲਗ ਭਗ ਵੀਹ ਵਰ੍ਹਿਆਂ (1894–1914) ਦੇ ਦੌਰਾਨ ਜਦੋਂ ਰੂਸੀ ਸੋਸ਼ਲ-ਡੈਮੋਕਰੈਸੀ ਇੱਕ ਅਜਿਹੀ ਲਹਿਰ ਵਜੋਂ ਹੋਂਦ ਵਿੱਚ ਰਹੀ ਹੈ ਜੋ ਕਿਰਤੀ ਸ਼੍ਰੇਣੀ ਲਹਿਰ ਨਾਲ਼ ਸਬੰਧਤ ਸੀ (ਅਤੇ 1893–94 ਵਾਂਗ ਇੱਕ ਵਿਚਾਰਧਾਰਕ ਮੁਹਾਣ ਹੀ ਨਹੀਂ ਸੀ) ਪ੍ਰੋਲੇਤਾਰੀ ਇਨਕਲਾਬੀ ਮੁਹਾਣਾਂ ਅਤੇ ਨਿੱਕ-ਬੁਰਜੂਆ, ਮੌਕਾ-ਪ੍ਰਸਤ ਮੁਹਾਣਾਂ ਵਿਚਕਾਰ ਘੋਲ਼ ਚਲਦਾ ਰਿਹਾ ਹੈ। 1894–1902 ਦਾ ਆਰਥਕਤਾਵਾਦ[52] ਨਿਰਸੰਦੇਹ ਪਿਛਲੀ ਕਿਸਮ ਦਾ ਇੱਕ ਮੁਹਾਣ ਸੀ। ਇਹਦੀਆਂ ਕਈ ਦਲੀਲਾਂ ਅਤੇ ਵਿਚਾਰਧਾਰਕ ਲੱਛਣ—ਮਾਰਕਸਵਾਦ ਦਾ "ਸਤਰੂਵੇਵਾਦੀ" ਵਿਗਾੜ, ਮੌਕਾ-ਪ੍ਰਸਤੀ ਨੂੰ ਹੱਕੀ ਠਹਿਰਾਉਣ ਲਈ "ਜਨਤਾ" ਦਾ ਜ਼ਿਕਰ, ਆਦਿ— ਕਾਊਟਸਕੀ, ਕੁਨੋਵ, ਪਲੈਖ਼ਾਨੋਵ ਅਤੇ ਹੋਰਨਾਂ ਦੇ ਅਜੋਕੇ ਤੋੜੇ-ਮਰੋੜੇ ਮਾਰਕਸਵਾਦ ਨਾਲ਼ ਬਹੁਤ ਜ਼ਿਆਦਾ ਮਿਲਦੇ ਹਨ। ਸੋਸ਼ਲ-ਡੈਮੋਕਰੈਟਾਂ ਦੀ ਅਜੋਕੀ ਪੀੜ੍ਹੀ ਨੂੰ ਪੁਰਾਣੇ "ਰਾਬੋਚਾਯਾ ਮਿਸਲ"[53] ਅਤੇ ਪੁਰਾਣੇ "ਰਾਬਚੇਯੇ ਦੇਲੋ"[54] ਨੂੰ ਅਜੋਕੇ ਕਾਊਟਸਕੀ ਜਿਹੇ ਹੋਣ ਵਜੋਂ ਯਾਦ ਦਿਵਾਉਣਾ ਅਤਿ-ਅੰਤ ਸ਼ੁਕਰਗੁਜ਼ਾਰੀ ਵਾਲ਼ਾ ਕਾਰਜ ਹੋਵੇਗਾ।

ਅਗਲੇ ਸਮੇਂ (1903–1908) ਦਾ "ਮੇਨਸ਼ਵਿਕਵਾਦ", ਵਿਚਾਰਧਾਰਕ ਅਤੇ ਸਿਧਾਂਤਕ, ਦੁਹਾਂ ਪੱਖਾਂ ਤੋਂ, "ਆਰਥਕਤਾਵਾਦ" ਦਾ ਸਿੱਧਾ ਵਾਰਸ ਸੀ। ਇਨਕਲਾਬ ਦੇ ਦੌਰਾਨ ਅਜਿਹੇ ਦਾਅ-ਪੇਚ ਅਪਣਾਏ ਜਿਨ੍ਹਾਂ ਦਾ ਬਾਹਰਮੁੱਖੀ ਤੌਰ 'ਤੇ ਅਰਥ ਪ੍ਰੋਲੇਤਾਰੀ ਦਾ ਉਦਾਰ-ਪੰਥੀ ਬੁਰਜੂਆਜ਼ੀ ਉੱਤੇ ਨਿਰਭਰ ਹੋਣਾ ਸੀ ਅਤੇ ਨਿੱਕ ਬੁਰਜੂਆ ਮੌਕਾ-ਪ੍ਰਸਤ ਮੁਹਾਣ ਪ੍ਰਗਟ ਕੀਤੇ। ਜਦੋਂ, ਉਸ ਤੋਂ ਅਗਲੇ ਸਮੇਂ (1904–1914) ਵਿੱਚ ਜਦੋਂ ਮੇਨਸ਼ਵਿਕਵਾਦ ਦੀ ਮੁਖ-ਧਾਰਾ ਨੇ ਖਾਤਮੇਵਾਦ ਪੈਦਾ ਕੀਤਾ ਤਾਂ ਇਸ ਮੁਹਾਣ ਦੀ ਸ਼੍ਰੇਣੀ ਮਹੱਤਤਾ ਏਨੀ ਸਪੱਸ਼ਟ ਹੋ ਗਈ ਕਿ ਮੇਨਸ਼ਵਿਕਵਾਦ ਦੇ ਸਰਵਉੱਤਮ ਪ੍ਰਤਿਨਿਧ "ਨਾਸ਼ਾ ਜ਼ਾਰਿਆ" ਟੋਲੀ ਦੀ ਨੀਤੀ ਵਿਰੁੱਧ ਰੋਸ ਪ੍ਰਗਟ ਕਰਦੇ ਰਹਿੰਦੇ। ਅਤੇ ਇਹੋ ਟੋਲੀ ਹੀ ਹੈ— ਇਕੋ ਇੱਕ ਟੋਲੀ ਜਿਸਨੇ ਪਿਛਲੇ ਪੰਜਾਂ ਜਾਂ ਛੇ ਵਰ੍ਹਿਆਂ ਵਿੱਚ ਜਨਤਾ ਅੰਦਰ ਕਿਰਤੀ ਸ਼੍ਰੇਣੀ ਦੀ ਇਨਕਲਾਬੀ ਮਾਰਕਸਵਾਦੀ ਪਾਰਟੀ ਦਾ **ਵਿਰੋਧ** ਕਰਦੇ ਹੋਏ ਨੇਮ-ਬੱਧ ਕੰਮ ਕੀਤਾ ਹੈ— ਜਿਹੜੀ 1914–15 ਦੇ ਯੁੱਧ ਵਿੱਚ **ਸਮਾਜੀ-ਅੰਧਰਾਸ਼ਟਰਵਾਦੀ** ਸਾਬਤ ਹੋਈ ਹੈ। ਅਤੇ ਇਹ ਇੱਕ ਅਜਿਹੇ ਦੇਸ਼ ਵਿੱਚ ਜਿੱਥੇ ਨਿਰੰਕੁਸ਼ ਰਾਜ ਅਜੇ ਹੋਂਦ ਵਿੱਚ ਹੈ, ਬੁਰਜੂਆ ਇਨਕਲਾਬ ਅਜੇ ਉੱਕਾ ਹੀ ਮੁੰਕਮਲ ਨਹੀਂ ਹੋਇਆ, ਅਤੇ ਵਸੋਂ ਦਾ 43 ਫ਼ੀਸਦੀ ਬਹੁ-ਗਿਣਤੀ ਉੱਤੇ, ਜੋ ਗ਼ੈਰ-ਰੂਸੀ ਕੌਮਾਂ ਹਨ, ਜ਼ਬਰ ਕਰਦਾ ਹੈ। "ਯੂਰਪੀ" ਕਿਸਮ ਦੇ ਵਿਕਾਸ ਦਾ, ਜਿਸ ਵਿੱਚ ਨਿੱਕੀ ਬੁਰਜੂਆਜ਼ੀ ਦੀਆਂ ਕੁਝ ਪਰਤਾਂ, ਵਿਸ਼ੇਸ਼ ਤੌਰ 'ਤੇ ਬੁੱਧੀਮਾਨ ਅਤੇ ਕਿਰਤੀ ਅਮੀਰ-ਸ਼ਾਹੀ ਦਾ ਨਿਗੂਣਾ ਜਿਹਾ ਹਿੱਸਾ "ਆਪਣੀ" ਕੌਮ ਦੇ "ਵੱਡ-ਤਾਕਤੀ" ਵਿਸ਼ੇਸ਼ ਅਧਿਕਾਰਾਂ ਵਿੱਚ ਹਿੱਸਾ ਲੈ ਸਕਦੇ ਹਨ, ਰੂਸ ਵਿੱਚ ਵੀ ਬਦਲ ਪੈਦਾ ਹੋਏ ਬਿਨਾਂ ਨਹੀਂ ਸੀ ਰਹਿ ਸਕਦਾ।

ਇਸ ਸਾਰੇ ਇਤਿਹਾਸ ਨੇ ਰੂਸ ਦੀ ਕਿਰਤੀ ਸ਼੍ਰੇਣੀ ਅਤੇ ਕਿਰਤੀਆਂ ਦੀ ਸ਼ੋਸਲ-ਡੈਮੋਕਰੈਟਕ ਪਾਰਟੀ ਨੂੰ "ਕੌਮਾਂਤਰੀਵਾਦੀ" ਦਾਅ-ਪੇਚਾਂ ਲਈ ਅਰਥਾਤ ਉਹਨਾਂ ਦਾਅ-ਪੇਚਾਂ ਲਈ ਜਿਹੜੇ ਸੱਚਮੁੱਚ ਅਤੇ ਇੱਕ ਸਾਰ ਇਨਕਲਾਬੀ ਹਨ, ਤਿਆਰ ਕਰ ਦਿੱਤਾ ਹੈ।

————————

ਨੋਟ। ਇਹ ਲੇਖ ਕੰਪੋਜ਼ ਹੋ ਚੁੱਕਾ ਸੀ ਕਿ ਅਖ਼ਬਾਰਾਂ ਵਿੱਚ ਇੱਕ “ਮੈਨੀਫ਼ੈਸਟੋ” ਛਪਿਆ, ਜਿਹੜਾ ਕਾਉਟਸਕੀ, ਹਾਸ ਅਤੇ ਬਰਨਸਟਾਈਨ ਨੇ ਸਾਂਝੇ ਤੌਰ ’ਤੇ ਜਾਰੀ ਕੀਤਾ ਸੀ, ਜਿਹੜੇ ਇਹ ਵੇਖ ਕੇ ਕਿ ਜਨਤਾ ਖੱਬੇ-ਪੱਖ ਵੱਲ ਮੁੜ ਰਹੀ ਹੈ, ਹੁਣ ਖੱਬੇ-ਪੱਖ ਨਾਲ਼ “ਸੁਲਾਹ ਕਰਨ ਲਈ” ਤਿਆਰ ਹਨ—ਸੁਭਾਵਕ ਹੀ ਜ਼ੂਦੇਕੂਮਾਂ ਨਾਲ਼ “ਅਮਨ” ਕਾਇਮ ਰੱਖਣ ਦੀ ਕੀਮਤ ’ਤੇ। ਸਚਮੁੱਚ, M‰dchen f¸r alle (ਗਸ਼ਤੀ ਰੰਨ)!

ਮਈ 1915 ਦੇ ਦੂਜੇ ਅੱਧ ਅਤੇ
ਜੂਨ 1915 ਦੇ ਪਹਿਲੇ
ਅੱਧ ਵਿੱਚ ਲਿਖਿਆ ਗਿਆ।

1915 ਵਿੱਚ “ਕਮਿਊਨਿਸਟ”
ਅੰਕ 1-2 ਵਿੱਚ ਛਪਿਆ।

ਸਹੀ ਐਨ: ਲੈਨਿਨ

# ਨੋਟ

1. **ਕੌਮਾਂਤਰੀ ਸੋਸ਼ਲਿਸਟ ਬਿਊਰੋ—**1900 ਵਿੱਚ ਇਹਦੀ ਪੈਰਿਸ ਕਾਨਫ਼ਰੰਸ ਦੇ ਫ਼ੈਸਲੇ ਅਨੁਸਾਰ ਸਥਾਪਤ ਹੋਈ ਦੂਜੀ ਇੰਟਰਨੈਸ਼ਨਲ ਦੀ ਸਥਾਈ ਕਾਰਜ-ਕਾਰੀ ਸੰਮਤੀ। 1905 ਤੋਂ ਲੈਨਿਨ ਨੇ ਬਿਊਰੋ ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਪ੍ਰਤਿਨਿਧਤਾ ਕੀਤੀ।

   ਪਹਿਲਾ ਸੰਸਾਰ ਯੁੱਧ ਛਿੜਨ ਪਿੱਛੋਂ ਕੌਮਾਂਤਰੀ ਸੋਸ਼ਲਿਸਟ ਬਿਊਰੋ ਸਮਾਜੀ ਅੰਧਰਾਸ਼ਟਰਵਾਦੀਆਂ ਦੇ ਹੱਥ ਵਿੱਚ ਅਸੀਲ ਹਥਿਆਰ ਬਣ ਗਿਆ।

   ਸਫ਼ਾ—3

2. **ਬੁੰਦ—**1897 ਵਿੱਚ ਸਥਾਪਤ ਹੋਈ ਲਿਥੁਏਨੀਆ, ਪੋਲੈਂਡ ਅਤੇ ਰੂਸ ਦੇ ਯਹੂਦੀ ਕਿਰਤੀਆਂ ਦੀ ਆਮ ਯੂਨੀਅਨ। ਇਹਦੇ ਵਿੱਚ ਮੁੱਖ ਤੌਰ 'ਤੇ ਪੱਛਮੀ ਰੂਸ ਦੇ ਯਹੂਦੀ ਦਸਤਕਾਰਾਂ ਵਿੱਚੋਂ ਨੀਮ-ਪ੍ਰੋਲੇਤਾਰੀ ਸ਼ਾਮਲ ਹਨ। ਪਹਿਲੇ ਸੰਸਾਰ ਯੁੱਧ ਸਮੇਂ ਬੁੰਦਵਾਦੀਆਂ ਨੇ ਸਮਾਜੀ ਅੰਧ-ਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1917 ਵਿੱਚ ਉਹਨਾਂ ਆਰਜ਼ੀ ਹਕੂਮਤ ਦੀ ਹਮਾਇਤ ਕੀਤੀ ਅਤੇ ਅਕਤੂਬਰ ਇਨਕਲਾਬ ਦੇ ਦੁਸ਼ਮਣਾਂ ਦਾ ਸਾਥ ਦਿੱਤਾ। ਖ਼ਾਨਾ-ਜੰਗੀ ਅਤੇ ਵਿਦੇਸ਼ੀ ਦਖ਼ਲ ਦੇ ਸਮੇਂ ਬੂੰਦਵਾਦੀਆਂ ਨੇ ਉਲਟ-ਇਨਕਲਾਬੀਆਂ ਦਾ ਸਾਥ ਦਿੱਤਾ ਪਰ ਇਹਦੇ ਆਮ ਮੈਂਬਰ ਸੋਵੀਅਤ ਹਕੂਮਤ ਨਾਲ਼ ਮਿਲਵਰਤਨ ਕਰਨ ਦੇ ਹੱਕ ਵਿੱਚ ਸਨ। ਮਾਰਚ 1921 ਵਿੱਚ ਬੂੰਦ ਨੇ ਆਪਣੇ ਅੰਤ ਦਾ ਐਲਾਨ ਕਰ ਦਿੱਤਾ।

   "**ਵਿਦੇਸ਼ ਵਿੱਚ ਬੁੰਦ ਜਥੇਬੰਦੀ ਦਾ ਸੂਚਨਾ ਬੁਲੇਟਨ**" ਜਨੇਵਾ ਵਿਖੇ ਜੂਨ 1911 ਤੋਂ ਜੂਨ 1916 ਤੱਕ ਪ੍ਰਕਾਸ਼ਤ ਕੀਤਾ ਗਿਆ ਹੈ। ਇਹਦੇ ਕੁੱਲ 11 ਪਰਚੇ ਛਪੇ। ਫਿਰ ਇਹਦੀ ਥਾਂ ਵਿਦੇਸ਼ ਵਿੱਚ ਬੁੰਦ ਕਮੇਟੀ ਦੇ ਬੁਲੇਟਨ ਨੇ ਲੈ ਲਈ।

   ਸਫ਼ਾ—3

3. **ਸਟੁਟਗਾਰਟ ਵਿਖੇ ਕੌਮਾਂਤਰੀ ਸੋਸ਼ਲਿਸਟ ਕਾਂਗਰਸ** (**ਦੂਜੀ ਇੰਟਰਨੈਸ਼ਨਲ ਦੀ ਸੱਤਵੀਂ ਕਾਂਗਰਸ**)—ਕਾਂਗਰਸ ਨੇ ਆਪਣਾ ਮੁੱਖ ਕੰਮ ਪੂਰਨ ਇਕੱਤ੍ਰਤਾਵਾਂ ਲਈ ਪ੍ਰਸਤਾਵ ਤਿਆਰ ਕਰਨ ਵਾਲ਼ੀਆਂ ਕਮੇਟੀਆਂ ਵਿੱਚ ਕੀਤਾ। ਲੈਨਿਨ ਉਸ ਕਮੇਟੀ ਦੇ ਮੈਂਬਰ ਸਨ ਜਿਸਨੇ ਏਜੰਡੇ ਦੇ ਮੁੱਖ ਵਿਸ਼ੇ—"ਫ਼ੌਜਦਾਰੀ ਅਤੇ ਕੌਮਾਂਤਰੀ ਟੱਕਰਾਂ"—ਉੱਤੇ ਵਿਚਾਰ ਕੀਤੀ। ਬੇਬੇਲ ਵਲੋਂ ਪੇਸ਼ ਕੀਤੇ ਇੱਕ ਪ੍ਰਸਤਾਵ ਉੱਤੇ ਬਹਿਸ ਸਮੇਂ ਲੈਨਿਨ ਨੇ, ਜਿਸਦੀ ਪੋਲੈਂਡ ਦੇ ਸੋਸ਼ਲ-ਡੈਮੋਕਰੈਟਾਂ ਨੇ ਹਮਾਇਤ ਕੀਤੀ, ਤਰਮੀਮਾਂ ਤਜਵੀਜ਼ ਕੀਤੀਆਂ ਜਿਨ੍ਹਾਂ ਇਸ ਪ੍ਰਸਤਾਵ ਨੂੰ ਇਨਕਾਲਬੀ ਮਾਰਕਸਵਾਦ ਦੀ ਭਾਵਨਾ ਅਨੁਸਾਰ ਉੱਕਾ ਹੀ

ਤਬਦੀਲ ਕਰ ਦਿੱਤਾ। ਹੇਠ ਲਿਖੀ ਮਹੱਤਵ-ਪੂਰਨ ਤਜਵੀਜ਼ ਪ੍ਰਸਤਾਵ ਵਿੱਚ ਸ਼ਾਮਿਲ ਕੀਤੀ ਗਈ: "ਜੇ ਯੁੱਧ ਛਿੜ ਪਏ ਤਾਂ ਉਹਨਾਂ (ਵੱਖ ਵੱਖ ਦੇਸ਼ਾਂ ਦੀਆਂ ਕਿਰਤੀ ਸ਼੍ਰੇਣੀਆਂ ਅਤੇ ਪਾਰਲੀਮੈਂਟਾਂ ਵਿੱਚ ਉਹਨਾਂ ਦੇ ਪ੍ਰਤਿਨਿਧਾਂ — ਸੰਪਾ:) ਨੂੰ ਜਨਤਾ ਨੂੰ ਉਭਾਰਨ ਅਤੇ ਸਰਮਾਏਦਾਰ ਸ਼੍ਰੇਣੀ ਦੇ ਗ਼ਲਬੇ ਦਾ ਤਖ਼ਤਾ ਉਲਟਣ ਲਈ ਯੁੱਧ ਵਲੋਂ ਪੈਦਾ ਕੀਤੇ ਆਰਥਕ ਅਤੇ ਰਾਜਸੀ ਸੰਕਟ ਦਾ ਲਾਭ ਉਠਾਉਣ ਲਈ ਹਰ ਸੰਭਵ ਯਤਨ ਕਰਨਾ ਚਾਹੀਦਾ ਹੈ। ("ਪ੍ਰੋਲੇਤਾਰੀ", ਨੰ: 12, 20 ਅਕਤੂਬਰ 1906, ਪੰਨਾ 6)।

**ਬਾਸਲ ਕਾਂਗਰਸ**—24 ਅਤੇ 25 ਨਵੰਬਰ 1912 ਨੂੰ ਬਾਸਲ ਵਿਖੇ ਹੋਈ ਅਸਧਾਰਨ ਕੌਮਾਂਤਰੀ ਸੋਸ਼ਲਿਸਟ ਕਾਂਗਰਸ। ਇਹ ਸਾਮਰਾਜੀ ਸੰਸਾਰ ਯੁੱਧ ਦੇ ਵੱਧ ਰਹੇ ਖ਼ਤਰੇ ਦਾ, ਜਿਹੜਾ ਬਲਕਾਨ ਯੁੱਧ ਸ਼ੁਰੂ ਹੋਣ ਤੋਂ ਪਿਛੋਂ ਵਿਸ਼ੇਸ਼ ਤੌਰ 'ਤੇ ਗੰਭੀਰ ਹੋ ਗਿਆ ਸੀ, ਮੁਕਾਬਲਾ ਕਰਨ ਦੇ ਪ੍ਰਸ਼ਨ ਉੱਤੇ ਵਿਚਾਰ ਕਰਨ ਲਈ ਬੁਲਾਈ ਗਈ।

25 ਨਵੰਬਰ ਨੂੰ ਕਾਂਗਰਸ ਨੇ ਸਰਬ-ਸੰਮਤੀ ਨਾਲ਼ ਇੱਕ ਮੈਨੀਫ਼ੈਸਟੋ ਜਾਰੀ ਕੀਤਾ। ਇਸ ਮੈਨੀਫ਼ੈਸਟੋ ਨੇ ਕੌਮਾਂ ਨੂੰ ਯੁੱਧ ਦੇ ਵੱਧ ਰਹੇ ਖ਼ਤਰੇ ਵਿੱਚ ਚਿਤਾਉਣੀ ਦਿੱਤੀ, ਇਹਦੇ ਲੋਟੂ ਮੰਤਵਾਂ ਦਾ ਪਰਦਾ ਉਘੇੜਿਆ ਅਤੇ ਸਭਨਾਂ ਸੋਸ਼ਲਿਸਟਾਂ ਨੂੰ ਸੱਦਾ ਦਿੱਤਾ ਕਿ ਉਹ ਯੁੱਧ ਵਿਰੁੱਧ ਲੜਨ। ਮੈਨੀਫ਼ੈਸਟੋ ਨੇ ਸਲਾਹ ਦਿੱਤੀ ਕਿ ਯੁੱਧ ਛਿੜ ਜਾਣ ਦੀ ਹਾਲਤ ਵਿੱਚ ਸੋਸ਼ਲਿਸਟਾਂ ਨੂੰ ਯੁੱਧ ਤੋਂ ਪੈਦਾ ਹੋਏ ਆਰਥਕ ਅਤੇ ਰਾਜਸੀ ਸੰਕਟ ਦਾ ਸੋਸ਼ਲਿਸਟ ਇਨਕਲਾਬ ਲਈ ਲੜਨ ਲਈ ਲਾਭ ਉਠਾਉਣਾ ਚਾਹੀਦਾ ਹੈ।

ਸਫ਼ਾ—3

4. ਇਸ ਵਿੱਚ 20 ਸੰਤਬਰ 1912 ਨੂੰ ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦੀ ਹੇਮਨਿਤਸ ਕਾਂਗਰਸ ਵਲੋਂ ਸਾਮਰਾਜ ਅਤੇ ਇਸ ਵੱਲ ਸੋਸ਼ਲਿਸਟਾਂ ਦੇ ਵਤੀਰੇ ਸਬੰਧੀ ਪ੍ਰਸਤਾਵ ਵੱਲ ਇਸ਼ਾਰਾ ਹੈ। ਪ੍ਰਸਤਾਵ ਨੇ ਸਾਮਰਾਜੀ ਰਾਜਨੀਤੀ ਦੀ ਨਿੰਦਿਆ ਕੀਤੀ ਅਤੇ ਅਮਨ ਲਈ ਘੋਲ਼ ਉੱਤੇ ਜ਼ੋਰ ਦਿੱਤਾ।

ਸਫ਼ਾ—4

5. "**ਨਾਸੇ ਸਲੋਵੋ**" (ਸਾਡਾ ਸ਼ਬਦ)—ਜਨਵਰੀ 1915 ਤੋਂ ਸਤੰਬਰ 1916 ਤੱਕ ਪੈਰਿਸ ਵਿੱਚ ਪ੍ਰਕਾਸ਼ਤ ਹੋਣ ਵਾਲ਼ਾ ਇੱਕ ਮੈਨਸ਼ਵਿਕ ਅਖ਼ਬਾਰ।

ਸਫ਼ਾ—5

6. **ਖਾਤਮੇਵਾਦੀ**—ਰੂਸੀ ਸੋਸ਼ਲ ਡੈਮੋਕਰੈਟਕ ਲੇਬਰ ਪਾਰਟੀ ਦੇ ਮੈਨਸ਼ਵਿਕ ਹਿੱਸੇ ਵਿੱਚ ਉਸ ਮੁਹਾਣ ਦੇ ਪ੍ਰਤਿਨਿਧ ਜਿਹੜਾ 1905-07 ਦੇ ਇਨਕਲਾਬ ਦੀ ਹਾਰ ਪਿੱਛੋਂ ਭਾਰੂ ਸੀ। ਖਾਤਮੇਵਾਦੀ ਮੰਗ ਕਰਦੇ ਸਨ ਕਿ ਪ੍ਰੋਲੇਤਾਰੀ ਦੀ ਗ਼ੈਰ-ਕਾਨੂੰਨੀ ਇਨਕਲਾਬੀ ਪਾਰਟੀ ਨੂੰ ਖ਼ਤਮ ਕਰ ਦਿੱਤਾ ਜਾਵੇ ਅਤੇ ਇੱਕ ਅਜਿਹੀ ਮੌਕਾ-ਪ੍ਰਸਤ ਪਾਰਟੀ ਸਥਾਪਤ ਕੀਤੀ ਜਾਵੇ ਜਿਹੜੀ ਜ਼ਾਰਸ਼ਾਹੀ ਅਧੀਨ ਕਾਨੂੰਨੀ ਤੌਰ 'ਤੇ ਕੰਮ ਕਰੇ। ਜਨਵਰੀ 1912 ਵਿੱਚ ਹੋਈ ਪਾਰਟੀ ਦੀ ਪ੍ਰਾਗ ਕਾਨਫਰੰਸ ਨੇ ਖ਼ਾਤਮੇਵਾਦੀਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ।

ਸਫ਼ਾ —6

7. **"ਇੰਟਰਨੈਸ਼ਨਲ"** 'Die Internationale' ਰੋਜ਼ਾ ਲੁਕਸਮਬਰਗ ਅਤੇ ਫ਼ਰਾਂਜ਼ ਮੇਹਰਿੰਗ ਵਲੋਂ ਜਾਰੀ ਕੀਤਾ ਇੱਕ ਰਸਾਲਾ। ਇਹਦਾ ਪਹਿਲਾ ਅੰਕ ਅਪ੍ਰੈਲ 1915 ਵਿੱਚ ਛਪਿਆ। ਜਰਮਨੀ ਵਿੱਚ ਨਵੰਬਰ 1918 ਦੇ ਇਨਕਲਾਬ ਦੀ ਜਿੱਤ ਪਿੱਛੋਂ ਇਹਦੀ ਛਪਾਈ ਮੁੜ ਸ਼ੁਰੂ ਕੀਤੀ ਗਈ।

ਸਫ਼ਾ—7

8. **ਇਤਿਹਾਕੀ ਸ਼ਕਤੀਆਂ** ਜਾਂ ਐਨਟੇਂਟੇ—ਬਰਤਾਨੀਆਂ, ਫਰਾਂਸ ਅਤੇ ਜ਼ਾਰਸ਼ਾਹੀ ਰੂਸ ਦਾ ਸਾਮਰਾਜੀ ਗੁੱਟ, ਜਿਹੜਾ ਜਰਮਨੀ, ਆਸਟਰੀਆ-ਹੰਗਰੀ ਅਤੇ ਇਟਲੀ ਦੇ ਤ੍ਰਿਕੜੀ ਏਕੇ ਦਾ ਵਿਰੋਧ ਕਰਨ ਲਈ 1907 ਵਿੱਚ ਹੋਂਦ ਵਿੱਚ ਆਇਆ।

ਸਫ਼ਾ—7

9. **ਸਤਰੂਵੇਵਾਦ—**ਮਾਰਕਸਵਾਦ ਦਾ ਇੱਕ ਉਦਾਰ-ਪੰਥੀ ਬੁਰਜੂਆ ਵਿਗਾੜ ਜਿਹੜਾ ਰੂਸ ਵਿੱਚ "ਕਾਨੂੰਨੀ ਮਾਰਕਸਵਾਦ" ਦੇ ਮੁੱਖ ਪ੍ਰਚਾਰਕ ਪੀ. ਬੀ. ਸਤਰੂਵੇ ਨੇ ਸ਼ੁਰੂ ਕੀਤਾ।

ਸਫ਼ਾ—9

10. 'Die Neue Zeit' (ਨਵਾਂ ਜ਼ਮਾਨਾ)—ਸਟੁਟਗਾਰਟ ਦੇ 1883 ਤੋਂ 1923 ਤੱਕ ਛਪਣ ਵਾਲ਼ਾ ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦਾ ਸਿਧਾਂਤਕ ਰਸਾਲਾ।

ਸਫ਼ਾ—11

11. **"ਸੋਤਸਿਆਲ-ਦੇਮੋਕਰਾਤ"—**ਰੂਸੀ ਸੋਸ਼ਲ-ਡੈਮੋਕਰੈਟ ਲੇਬਰ ਪਾਰਟੀ ਦਾ ਗ਼ੈਰ ਕਾਨੂੰਨੀ ਕੇਂਦਰੀ ਅਖ਼ਬਾਰ ਜਿਹੜਾ ਫਰਵਰੀ 1908 ਤੋਂ ਜਨਵਰੀ 1917 ਤੱਕ ਛਪਦਾ ਰਿਹਾ। ਕੁੱਲ 58 ਪਰਚੇ ਨਿਕਲੇ। ਪਹਿਲਾ ਪਰਚਾ ਰੂਸ ਵਿੱਚ ਨਿਕਲਿਆ ਅਤੇ ਉਸ ਤੋਂ ਪਿਛੋਂ ਵਿਦੇਸ਼ਾਂ ਵਿੱਚ, ਪਹਿਲਾਂ ਪੈਰਿਸ ਅਤੇ ਫੇਰ ਜਨੇਵਾ ਵਿਖੇ। ਦਸਬੰਰ 1911 ਤੋਂ ਲੈਨਿਨ ਇਸਦੇ ਸੰਪਾਦਕ ਸਨ। ਲੈਨਿਨ ਦੇ 80 ਤੋਂ ਵੱਧ ਲੇਖ ਅਤੇ ਹੋਰ ਮਦਾਂ ਇਸ ਵਿੱਚ ਛਪੀਆਂ।

ਸਫ਼ਾ—12

12. **"ਗੋਲੋਸ"** (ਅਵਾਜ਼) — ਸਤੰਬਰ 1914 ਤੋਂ ਜਨਵਰੀ 1915 ਤੱਕ ਪੈਰਿਸ ਤੋਂ ਛਪਣ ਵਾਲ਼ਾ ਇੱਕ ਮੈਨਸ਼ਵਿਕ ਰੋਜ਼ਾਨਾ ਅਖ਼ਬਾਰ।

ਸਫ਼ਾ—14

13. **ਤ੍ਰਿਕੜੀ ਏਕਾ—**ਜਰਮਨੀ, ਆਸਟਰੀਆ-ਹੰਗਰੀ ਅਤੇ ਇਟਲੀ ਦਾ ਸਾਮਰਾਜੀ ਜੁਟ ਜਿਹੜਾ 1879 ਅਤੇ 1882 ਦੇ ਵਿਚਕਾਰਲੇ ਸਮੇਂ ਵਿੱਚ ਸਥਾਪਤ ਕੀਤਾ ਗਿਆ।

ਸਫ਼ਾ—15

14. **"ਜ਼ਿਜ਼ਨ"** (ਜੀਵਨ)—ਮਾਰਚ 1915 ਤੋਂ ਜਨਵਰੀ 1916 ਤੱਕ ਪਹਿਲਾਂ ਪੈਰਿਸ ਅਤੇ ਉਸ ਤੋਂ ਪਿਛੋਂ ਜਨੇਵਾ ਤੋਂ ਛਪਣ ਵਾਲ਼ਾ ਇੱਕ ਸੋਸ਼ਲਿਸਟ-ਇਨਕਲਾਬੀ ਅਖ਼ਬਾਰ।

ਸਫ਼ਾ—17

15. **"ਐਕਾਨੋਮਿਸਟ"** ('The Economist[a])—ਅਰਥ-ਸ਼ਾਸਤਰ ਅਤੇ ਰਾਜਨੀਤੀ ਸਬੰਧੀ ਅੰਗਰੇਜ਼ੀ ਦਾ ਸਪਤਾਹਕ ਰਸਾਲਾ; ਵੱਡੀ ਸਨਅਤੀ ਬੁਰਜੂਆਜ਼ੀ ਦਾ ਤਰਜਮਾਨ; ਲੰਦਨ ਵਿੱਚ 1843 ਤੋਂ ਛਪਦਾ ਹੈ।

ਸਫ਼ਾ—24

16. **ਮਫ਼ਲਰ ਵਾਲ਼ਾ ਮਨੁੱਖ—**ਇਸੇ ਨਾਂ ਦੀ ਚੈਖ਼ੋਵ ਦੀ ਇੱਕ ਕਹਾਣੀ ਦਾ ਪਾਤਰ ਜਿਹੜਾ ਉਸ ਤੰਗ-ਨੰਜ਼ਰ ਅਸਭਿਅਕ ਮਨੁੱਖ ਦੀ ਮਿਸਾਲ ਹੈ ਜਿਹੜਾ ਕਿਸੇ ਜੁਗਤ ਜਾਂ ਪਹਿਲ-ਕਦਮੀ ਤੋਂ ਡਰਦਾ ਹੈ।

ਸਫ਼ਾ—25

17. ਇਹ ਟੂਕ ਗੋਇਟੇ ਵਿੱਚੋਂ ਹੈ।

ਸਫ਼ਾ—29

18. ਇੱਥੇ ਇਸ਼ਾਰਾ ਜ਼ਾਰ ਦੇ ਉਸ ਮੈਨੀਫ਼ੈਸਟੋ ਵੱਲ ਹੈ ਜਿਸ ਰਾਹੀਂ ਇੱਕ ਰਿਆਸਤੀ ਦੂਮਾ ਸਥਾਪਤ ਕੀਤੀ ਗਈ ਅਤੇ ਦੂਮਾ ਦੀਆਂ ਚੋਣਾਂ ਦੇ ਨਿਯਮਾਂ ਜਿਹੜੇ ਦੋਵੇਂ 6 (19) ਅਗਸਤ 1905 ਨੂੰ ਜਾਰੀ ਕੀਤੇ ਗਏ। ਇਸ ਦੂਮਾ ਦਾ ਨਾਂ ਗ੍ਰਹਿ ਮੰਤਰੀ ਏ. ਜੀ. ਬੁਲੀਗਿਨ ਦੇ ਨਾਂ 'ਤੇ ਪੈ ਗਿਆ, ਜਿਸਨੇ ਚੋਣਾਂ ਸਬੰਧੀ ਕਾਨੂੰਨ ਦਾ ਖਰੜਾ ਤਿਆਰ ਕੀਤਾ।

ਇਸ ਕਾਨੂੰਨ ਅਧੀਨ ਵਸੋਂ ਦੀ ਬਹੁ-ਗਿਣਤੀ ਨੂੰ ਵੋਟ ਦਾ ਹੱਕ ਨਹੀਂ ਸੀ ਅਤੇ ਖ਼ੁਦ ਦੂਮਾ ਵੀ ਇੱਕ ਖ਼ਾਲਸ ਸਲਾਹਕਾਰ ਸੰਸਥਾ ਵਜੋਂ ਚਿਤਵੀ ਗਈ ਸੀ। ਬੁਲੀਗਿਨ ਦੂਮਾ ਦਾ ਸਮਾਗਮ ਕਦੇ ਨਾ ਹੋਇਆ ਅਤੇ ਵਧ ਰਹੇ ਇਨਕਲਾਬ ਨੇ ਇਹਦਾ ਹੂੰਝਾ ਫੇਰ ਦਿੱਤਾ।

ਸਫ਼ਾ—30

19. **ਸਰਬ ਸਲਾਵਵਾਦ—**ਇੱਕ ਪਿਛਾਂਹ-ਖਿੱਚੂ ਰਾਜਸੀ ਮੁਹਾਣ ਜਿਸਦਾ ਪ੍ਰੋਗਰਾਮ ਜ਼ਾਰਸ਼ਾਹੀ ਰੂਸ ਦੀ ਸਰਦਾਰੀ ਹੇਠ ਸਭਨਾਂ ਸਲਾਵ ਦੇਸ਼ਾਂ ਨੂੰ ਇੱਕ ਕਰਨਾ ਚਿਤਵਦਾ ਸੀ। ਇਹ ਤੁਰਕੀ ਅਤੇ ਆਸਟਰੀਆ-ਹੰਗਰੀ ਦੇ ਜੂਲੇ ਤੋਂ ਮੁਕਤੀ ਲਈ ਸਲਾਵ ਦੇਸ਼ਾਂ ਦੇ ਘੋਲ਼ ਨੂੰ ਆਪਣਾ ਮੰਤਵ ਪ੍ਰਾਪਤ ਕਰਨ ਲਈ ਵਰਤਣ ਉੱਤੇ ਟੇਕ ਰੱਖਦਾ ਸੀ।

ਸਫ਼ਾ—32

20. ਇੱਥੇ ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਦੀਆਂ ਵਿਦੇਸ਼ੀ ਟੋਲੀਆਂ ਦੀ 27 ਫ਼ਰਵਰੀ ਤੋਂ 4 ਮਾਰਚ 1915 ਤੱਕ ਬਰਨ ਵਿਖੇ ਹੋਈ ਕਾਨਫ਼ਰੰਸ ਵੱਲ ਇਸ਼ਾਰਾ ਹੈ। ਕਾਨਫ਼ਰੰਸ ਲੈਨਿਨ ਦੀ ਪਹਿਲ-ਕਦਮੀ ਉੱਤੇ ਸੱਦੀ ਗਈ ਅਤੇ ਇਹਨੇ ਇੱਕ ਆਮ ਬਾਲਸ਼ਵਿਕ ਪਾਰਟੀ ਕਾਨਫ਼ਰੰਸ ਦੇ ਕਰਤੱਵ ਪੂਰੇ ਕੀਤੇ, ਕਿਉਂਕਿ ਯੁੱਧ ਦੇ ਸਮੇਂ ਇੱਕ ਕੁੱਲ-ਰੂਸ ਕਾਨਫ਼ਰੰਸ ਸੱਦਣਾ ਅਸੰਭਵ ਸੀ। ਕਾਨਫ਼ਰੰਸ ਵਿੱਚ ਆਏ ਡੈਲੀਗੇਟਾਂ ਨੇ ਪੈਰਿਸ, ਜ਼ਿਊਰਿਖ਼, ਬਰਨ ਅਤੇ ਲੋਜ਼ਾਨੇ ਦੇ ਬਾਲਸ਼ਵਿਕ ਹਿੱਸਿਆਂ ਅਤੇ ਬਾਗ਼ੀ ਟੋਲੀ ਦੀ ਪ੍ਰਤੀਨਿਧਤਾ ਕੀਤੀ। ਲੈਨਿਨ ਨੇ ਕੇਂਦਰੀ ਕਮੇਟੀ ਅਤੇ ਕੇਂਦਰੀ ਪੱਤਰ

("ਸੋਤਸਿਆਲ-ਦੇਮੋਕਰਾਤ") ਦੀ ਪ੍ਰਤਿਨਿਧਤਾ ਕੀਤੀ। ਉਹਨਾਂ ਨੇ ਕਾਨਫ਼ਰੰਸ ਦੇ ਕੰਮ ਦੀ ਅਗਵਾਈ ਕੀਤੀ ਅਤੇ ਏਜੰਡੇ ਦੀ ਮੁੱਖ ਮਦ "ਯੁੱਧ ਅਤੇ ਪਾਰਟੀ ਦੇ ਫ਼ਰਜ਼" ਉੱਤੇ ਤਕਰੀਰ ਕੀਤੀ। ਕਾਨਫ਼ਰੰਸ ਨੇ ਯੁੱਧ ਸਬੰਧੀ ਜਿਹੜਾ ਪ੍ਰਸਤਾਵ ਪ੍ਰਵਾਨ ਕੀਤਾ ਉਹ ਲੈਨਿਨ ਨੇ ਤਿਆਰ ਕੀਤਾ ਸੀ। ਸਫ਼ਾ—33

21. **ਜੋਰੇਸਵਾਦੀ**—ਫ਼ਰਾਂਸੀਸੀ ਸੋਸ਼ਲਿਸਟ ਜੀਨ ਜੋਰੇਸ ਦੇ ਹਾਮੀ। ਜੋਰੇਸ ਨੇ ਮਾਰਕਸਵਾਦ ਦੀਆਂ ਮੁਖ ਪ੍ਰਸਤਾਵਨਾਵਾਂ ਵਿੱਚ ਸੋਧਾਂ ਕੀਤੀਆਂ ਅਤੇ ਪ੍ਰੋਲੇਤਾਰੀ ਅਤੇ ਬੁਰਜੂਆਜ਼ੀ ਵਿੱਚਕਾਰ ਸ਼੍ਰੇਣੀ ਮਿਲਵਰਤਨ ਦਾ ਪ੍ਰਚਾਰ ਕੀਤਾ। 1902 ਵਿੱਚ ਉਹਨੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਸਥਾਪਤ ਕੀਤੀ ਜਿਹੜੀ ਸੋਧਵਾਦੀ ਨੀਤੀ ਉੱਤੇ ਚਲਦੀ ਰਹੀ। 1905 ਵਿੱਚ ਇਹ ਜੂਲੇ ਗੇਦ ਦੀ ਅਗਵਾਈ ਹੇਠਲੀ ਫ਼ਰਾਂਸ ਦੀ ਸੋਸ਼ਲਿਸਟ ਪਾਰਟੀ ਨਾਲ਼ ਮਿਲ ਗਈ ਅਤੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਬਣਾਈ।

ਪਹਿਲੇ ਸੰਸਾਰ ਯੁੱਧ ਸਮੇਂ ਜੋਰੇਸਵਾਦੀਆਂ ਨੇ, ਜਿਹੜੇ ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੀ ਲੀਡਰਸ਼ਿਪ ਵਿੱਚ ਭਾਰੂ ਸਨ, ਖੁਲ੍ਹਮ—ਖੁੱਲ੍ਹਾ ਸਾਮਰਾਜੀ ਯੁੱਧ ਅਤੇ ਸਮਾਜੀ ਅੰਧ-ਰਾਸ਼ਟਰਵਾਦ ਦੀ ਹਮਾਇਤ ਕੀਤੀ।

ਸਫ਼ਾ—37

22. **ਮੇਨਸ਼ਵਿਕ—**ਰੂਸੀ ਸੋਸ਼ਲ-ਡੈਮੋਕਰੈਟਿਕ ਪਾਰਟੀ ਵਿੱਚ ਨਿੱਕ-ਬੁਰਜੂਆ ਅੰਸ਼, ਜਿਨ੍ਹਾਂ ਕਿਰਤੀ ਸ਼੍ਰੇਣੀ ਨੂੰ ਬੁਰਜੂਆਜ਼ੀ ਦੇ ਅਸਰ ਹੇਠਾਂ ਲਿਆਉਣ ਦਾ ਯਤਨ ਕੀਤਾ। ਪਾਰਟੀ ਦੀ ਦੂਜੀ ਕਾਂਗਰਸ ਪਿੱਛੋਂ, ਜਿਥੇ ਪਾਰਟੀ ਦੀਆਂ ਕੇਂਦਰੀ ਜਥੇਬੰਦੀਆਂ ਦੀ ਚੋਣ ਵਿੱਚ, ਜਿਥੇ ਲੈਨਿਨ ਦੀ ਅਗਵਾਈ ਹੇਠ ਇਨਕਲਾਬੀ ਸੋਸ਼ਲ-ਡੈਮੋਕਰੈਟ ਬਹੁ-ਗਿਣਤੀ (ਰੂਸੀ ਵਿੱਚ ਬਲਸ਼ਿੰਸਤਵੋ) ਵਿੱਚ ਸਨ, ਉਹ ਘੱਟ-ਗਿਣਤੀ (ਰੂਸੀ ਵਿੱਚ ਮੈਨਸ਼ਿਨਸਤਵੋ) ਵਿੱਚ ਰਹਿ ਗਏ ਅਤੇ ਮੈਨਸ਼ਵਿਕ ਸੱਦੇ ਜਾਣ ਲੱਗ ਪਏ।

ਸਫ਼ਾ—37

23. **ਗੇਦਵਾਦੀ ਮੁਹਾਣ—**ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਵਿੱਚ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਇੱਕ ਇਨਕਲਾਬੀ ਮਾਰਕਸਵਾਦੀ ਮੁਹਾਣ ਜਿਸਦੀ ਅਗਵਾਈ ਜੁਲੇ ਗੇਦ ਕਰਦਾ ਸੀ। 1901 ਵਿੱਚ ਇਨਕਲਾਬੀ ਸ਼੍ਰੇਣੀ ਘੋਲ਼ ਦੇ ਹਾਮੀਆਂ ਨੇ, ਜਿਨ੍ਹਾਂ ਦੀ ਅਗਵਾਈ ਗੇਦ ਕਰਦਾ ਸੀ, ਫ਼ਰਾਂਸ ਦੀ ਸੋਸ਼ਲਿਸਟ ਪਾਰਟੀ ਸਥਾਪਤ ਕੀਤੀ। 1905 ਵਿੱਚ ਗੇਦਵਾਦੀ ਸੁਧਾਰਵਾਦੀ ਫ਼ਰਾਂਸੀਸੀ ਸੋਸ਼ਲਿਸਟ ਵਿੱਚ ਸ਼ਾਮਲ ਹੋ ਗਏ ਜਿੱਥੇ ਉਹਨਾਂ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਏ। ਪਹਿਲੇ ਸੰਸਾਰ ਯੁੱਧ ਵਿੱਚ ਉਹਨਾਂ ਸਮਾਜੀ-ਅੰਧਰਾਸ਼ਟਰਵਾਦੀਆਂ ਦਾ ਸਾਥ ਦਿੱਤਾ ਅਤੇ ਗੇਦ ਅਤੇ ਸੇਮਬਾਤ ਫ਼ਰਾਂਸ ਦੀ ਸਾਮਰਾਜੀ ਹਕੂਮਤ ਵਿਚ ਸ਼ਾਮਲ ਹੋ ਗਏ।

ਸਫ਼ਾ—37

24. ´Le Socialisme[a]1907 ਤੋਂ ਜੂਨ 1914 ਤੱਕ ਪੈਰਿਸ ਵਿੱਚ ਛਪਿਆ ਇਹਦਾ

ਸੰਪਾਦਕ ਅਤੇ ਪ੍ਰਕਾਸ਼ਕ ਜੂਲੇ ਗੇਦ ਸੀ।

ਸਫ਼ਾ—37

25. **ਮਿਲੇਰਾਂਦਵਾਦ—**ਇਹ ਮੌਕਾ-ਪ੍ਰਸਤ ਮੁਹਾਣ, ਜਿਸਦਾ ਨਾਂ ਫ਼ਰਾਂਸੀਸੀ ਸੋਸ਼ਲਿਸਟ ਮਿਲੇਰਾਂਦ ਦੇ ਨਾਂ ਉੱਤੇ ਪਿਆ। ਉਹ 1899 ਵਿੱਚ ਪਿਛਾਂਹ-ਖਿੱਚੂ ਬੁਰਜੂਆ ਹਕੂਮਤ ਵਿੱਚ ਸ਼ਾਮਲ ਹੋ ਗਿਆ ਅਤੇ ਉਹਦੀ ਨੀਤੀ ਚਲਾਉਣ ਵਿੱਚ ਬੁਰਜੂਆਜ਼ੀ ਦੀ ਸਹਾਇਤਾ ਕੀਤੀ।

1900 ਵਿੱਚ ਦੂਜੀ ਇੰਟਰਨੈਸ਼ਨਲ ਦੀ ਪੈਰਿਸ ਕਾਂਗਰਸ ਵਿੱਚ ਮਿਲੇਰਾਂਦਵਾਦ ਦੇ ਮਸਲੇ 'ਤੇ ਵਿਚਾਰ ਕੀਤੀ ਗਈ। ਕਾਂਗਰਸ ਨੇ ਕਾਊਟਸਕੀ ਵਲੋਂ ਪੇਸ਼ ਕੀਤਾ ਇੱਕ ਸਮਝੌਤੇ ਵਾਲ਼ਾ ਪ੍ਰਸਤਾਵ ਪ੍ਰਵਾਨ ਕੀਤਾ ਜਿਹੜਾ ਸੋਸ਼ਲਿਸਟਾਂ ਦੇ ਬੁਰਜੂਆ ਹਕੂਮਤਾਂ ਵਿੱਚ ਸ਼ਾਮਲ ਹੋਣ ਦੀ ਨਿਖੇਧੀ ਕਰਦਾ ਸੀ ਪਰ ਇਹ ਪ੍ਰਵਾਨ ਕਰਦਾ ਸੀ ਕਿ "ਅਸਾਧਾਰਨ" ਪ੍ਰਸਥਿਤੀਆਂ ਵਿੱਚ ਇਹਦੀ ਆਗਿਆ ਦਿੱਤੀ ਜਾ ਸਕਦੀ ਹੈ। ਫ਼ਰਾਂਸੀਸੀ ਸੋਸ਼ਲਿਸਟ, ਯੁੱਧ ਸਮੇਂ ਸਾਮਰਾਜੀ ਹਕੂਮਤ ਵਿੱਚ ਆਪਣੀ ਸ਼ਮੂਲੀ ਨੂੰ ਹੱਕੀ ਠਹਿਰਾਉਣ ਲਈ ਇਸ ਛੋਟ ਉੱਤੇ ਝਪਟ ਪਏ।

ਸਫ਼ਾ—37

26. **ਬਰਨਸਟਾਈਨਵਾਦ—** ਕੌਮਾਂਤਰੀ ਸੋਸ਼ਲ-ਡੈਮੋਕਰੈਟ ਲਹਿਰ ਵਿੱਚ ਇੱਕ ਮਾਰਕਸਵਾਦ ਦਾ ਦੋਖੀ ਮੁਹਾਣ, ਜਿਹੜਾ 19 ਵੀਂ ਸਦੀ ਦੇ ਅੰਤ ਉੱਤੇ ਜਰਮਨੀ ਵਿੱਚ ਪੈਦਾ ਹੋਇਆ ਅਤੇ ਜਿਸਦਾ ਨਾਂ ਜਰਮਨ ਸੋਸ਼ਲ-ਡੈਮੋਕਰੈਟ ਐਡੂਆਰਟ ਬਰਨਸਟਾਈਨ ਦੇ ਨਾਂ ਉੱਤੇ ਪਿਆ। ਬਰਨਸਟਾਈਨ ਨੇ ਮਾਰਕਸ ਦੇ ਇਨਕਲਾਬੀ ਸਿਧਾਂਤ ਵਿੱਚ ਬੁਰਜੂਆ ਉਦਾਰਪੰਥੀ ਵਿਚਾਰਾਂ ਦੀ ਭਾਵਨਾ ਅਨੁਸਾਰ ਸੋਧਾਂ ਕਰਨ ਦਾ ਯਤਨ ਕੀਤਾ।

ਸਫ਼ਾ—37

27. ´Vorw%orts[a] ("ਅੱਗੇ ਵਧੋ") — ਇੱਕ ਰੋਜ਼ਾਨਾ ਅਖ਼ਬਾਰ, ਜਰਮਨ ਸੋਸ਼ਲ-ਡੈਮੋਕਰੈਟਕ ਪਾਰਟੀ ਦਾ ਕੇਂਦਰੀ ਤਰਜਮਾਨ। ਇਹ 1933 ਤੱਕ ਬਰਲਿਨ ਤੋਂ ਛਪਦਾ ਰਿਹਾ।

ਸਫ਼ਾ—39

28. ਲੈਨਿਨ ਦਾ ਇਸ਼ਾਰਾ ਸਾਰਟੋਰੀਅਸ ਵਾਨ ਵਾਲਟਰਹਾਊਸਨ ਦੀ ਪੁਸਤਕ "ਵਿਦੇਸ਼ਾਂ ਵਿੱਚ ਪੂੰਜੀ ਲਾਉਣ ਦਾ ਪ੍ਰਬੰਧ", ਬਰਲਿਨ, 1917 ਵੱਲ ਹੈ। A. Sartorius von Waltershausen ´Das Volkswirtshftliche System der Kapitalanlage im Auslande[a] Berlin, 1907,

ਸਫ਼ਾ—42

29. ਲੈਨਿਨ ਰੂਦੋਰਫੇਰ ਦੀ ਪੁਸਤਕ "ਵਰਤਮਾਨ ਯੁੱਗ ਵਿੱਚ ਸੰਸਾਰ ਰਾਜਨੀਤੀ ਦੇ ਅਧਾਰ" ਜਿਹੜੀ ਬਰਲਿਨ ਵਿੱਚ 1913 ਵਿੱਚ ਪ੍ਰਕਾਸ਼ਤ ਹੋਈ, ਵੱਲ ਇਸ਼ਾਰਾ ਕਰਦੇ ਹਨ।

(Riezler K. ´Grundz¸ge der Weltpolitik in der Degenwart[a])

ਸਫ਼ਾ—42

30. ´Sozialistische Monatshefte[a] (ਸੋਸ਼ਲਿਸਟ ਮਾਸਕ)– ਜਰਮਨ ਮੌਕਾ–ਪ੍ਰਸਤਾਂ ਦਾ ਮੁੱਖ ਤਰਜਮਾਨ ਅਤੇ ਕੌਮਾਂਤਰੀ ਸੁਧਾਰਵਾਦ ਦੇ ਤਰਜਮਾਨਾਂ ਵਿੱਚੋਂ ਇੱਕ। ਇਹ 1897 ਤੋਂ 1933 ਤੱਕ ਬਰਲਿਨ ਤੋਂ ਪ੍ਰਕਾਸ਼ਤ ਹੁੰਦਾ ਰਿਹਾ। ਪਹਿਲੇ ਸੰਸਾਰ ਯੁੱਧ ਸਮੇਂ ਇਹਨੇ ਸਮਾਜੀ ਅੰਧ–ਰਾਸ਼ਟਰਵਾਦੀ ਨੀਤੀਆਂ ਅਪਣਾਈਆਂ।

ਸਫ਼ਾ—143

31. **ਬਰਤਨਾਵੀ ਸੋਸ਼ਲਿਸਟ ਪਾਰਟੀ** 1911 ਵਿੱਚ ਸੋਸ਼ਲ–ਡੈਮੋਕਰੈਟਕ ਪਾਰਟੀ ਅਤੇ ਹੋਰਨਾਂ ਸੋਸ਼ਲਿਸਟ ਟੋਲੀਆਂ ਦੇ ਇੱਕ ਹੋਣ ਦੇ ਸਿੱਟੇ ਵਜੋਂ ਮਾਨਚੈਸਟਰ ਵਿਖੇ ਸਥਾਪਤ ਕੀਤੀ ਗਈ। ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਮਾਰਕਸਵਾਦੀ ਐਜ਼ੀਟੇਸ਼ਨ ਕੀਤੀ ਅਤੇ "ਇਹ ਮੌਕਪ੍ਰਸਤ ਨਹੀਂ ਸੀ ਅਤੇ... ਸੱਚ ਮੁੱਚ ਲਿਬਰਲਾਂ ਤੋਂ ਸੁੰਤਤਰ ਸੀ" ( ਵੀ. ਆਈ. ਲੈਨਿਨ, ਸੰਗ੍ਰਹਿਤ ਕਿਰਤਾਂ, ਸੈਂਚੀ 19 ਪੰਨਾ 273)। ਪਰ ਇਹਦੇ ਮੈਂਬਰਾਂ ਦੀ ਥੋੜੀ ਗਿਣਤੀ ਅਤੇ ਜਨਤਾ ਨਾਲ਼ ਕਮਜ਼ੋਰ ਸਬੰਧਾਂ ਨੇ ਇਹਦਾ ਖ਼ਾਸਾ ਕੁਝ ਕੁਝ ਸੰਕੀਰਣ ਬਣਾ ਦਿੱਤਾ।

ਪਹਿਲੇ ਸੰਸਾਰ ਯੁੱਧ ਸਮੇਂ ਪਾਰਟੀ ਦੇ ਅੰਦਰ ਕੌਮਾਂਤਰੀ ਪੱਖ (ਵਿਲੀਅਮ ਗੋਲੇਕਰ, ਅਲਬਰਟ ਇੰਕੀਪਨ, ਜਾਨ ਮੈਕਲੀਨ, ਥਿਓਡੋਰ ਰਾਥਸਟੀਨ, ਅਤੇ ਕੁਝ ਹੋਰ) ਅਤੇ ਹਿੰਡਮੈਨ ਦੀ ਅਗਵਾਈ ਹੇਠ ਸਮਾਜੀ ਅੰਧ–ਰਾਸ਼ਟਰਵਾਦੀ ਪੱਖ ਵਿਚਕਾਰ ਘੋਲ਼ ਸ਼ੁਰੂ ਹੋ ਗਿਆ। ਕੁਝ ਆਪਾ–ਵਿਰੋਧੀ ਅੰਸ਼ਾਂ ਨੇ ਕਈ ਪ੍ਰਸ਼ਨਾਂ ਸਬੰਧੀ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। ਫ਼ਰਵਰੀ 1916 ਵਿੱਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਨੇਤਾਵਾਂ ਦੀ ਇੱਕ ਟੋਲੀ ਨੇ ´The Call[a] ("ਸੱਦ") ਸ਼ੁਰੂ ਕੀਤਾ। ਇਹ ਇੱਕ ਅਜਿਹੀ ਪ੍ਰਕਾਸ਼ਨਾ ਸੀ ਜਿਸਨੇ ਕੌਮਾਂਤਰੀਵਾਦੀਆਂ ਨੂੰ ਇਕਮੁੱਠ ਕਰਨ ਵਿੱਚ ਮਹੱਤਵਪੂਰਨ ਹਿੱਸਾ ਪਾਇਆ। ਅਪਰੈਲ 1916 ਵਿੱਚ ਸਾਲਫ਼ੋਰਡ ਵਿਖੇ ਹੋਈ ਬਰਤਾਨਵੀਂ ਸੋਸ਼ਲਿਸਟ ਪਾਰਟੀ ਦੀ ਕਾਨਫਰੰਸ ਨੇ ਹਿੰਡਮੈਨ ਅਤੇ ਉਹਦੇ ਹਾਮੀਆਂ ਵਲੋਂ ਅਪਣਾਏ ਸਮਾਜੀ ਅੰਧ–ਰਾਸ਼ਟਰਵਾਦੀ ਦ੍ਰਿਸ਼ਟੀਕੋਣ ਦੀ ਜ਼ੋਰਦਾਰ ਨਿਖੇਧੀ ਕੀਤੀ ਅਤੇ ਉਹ ਪਾਰਟੀ ਤੋਂ ਵੱਖ ਹੋ ਗਏ।

ਬਰਤਾਨਵੀ ਸੋਸ਼ਲਿਸਟ ਪਾਰਟੀ ਨੇ ਕਮਿਊਨਿਸਟ ਏਕਤਾ ਟੋਲੀ ਨਾਲ਼ ਰਲਕੇ, ਬਰਤਾਨੀਆ ਦੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ। 1920 ਵਿੱਚ ਹੋਈ ਪਹਿਲੀ, ਏਕਤਾ ਕਾਂਗਰਸ ਵਿੱਚ ਬਰਤਾਨਵੀ ਸੋਸ਼ਲਿਸਟ ਪਾਰਟੀ ਦੀਆਂ ਸ਼ਾਖਾਂ ਦੀ ਬਹੁ–ਗਿਣਤੀ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਗਈ।

ਸਫ਼ਾ—43

32. **ਲੇਬਰ ਪਾਰਟੀ** (Labour Party)—ਟਰੇਡ ਯੂਨੀਅਨਾਂ ਅਤੇ ਸੋਸ਼ਲਿਸਟ ਜਥੇਬੰਦੀਆਂ ਅਤੇ ਟੋਲੀਆਂ ਨੂੰ ਇੱਕਮੁਠ ਕਰਕੇ 1900 ਵਿੱਚ ਪਾਰਲੀਮੈਂਟ ਲਈ ਕਿਰਤੀ ਸ਼੍ਰੇਣੀ ਦੇ

ਪ੍ਰਤਿਨਿਧ ਚੁਣਾਉਣ ਦੇ ਮੰਤਵ ਨਾਲ਼ ਸਥਾਪਤ ਕੀਤੀ ਗਈ; ਪਹਿਲਾਂ ਪਹਿਲ ਇਹਨੂੰ "ਕਿਰਤੀ ਪ੍ਰਤਿਨਿਧਤਾ ਕਮੇਟੀ" ਦਾ ਨਾਂ ਦਿੱਤਾ ਗਿਆ। 1903 ਵਿੱਚ ਇਹਨੂੰ ਲੇਬਰ ਪਾਰਟੀ ਦਾ ਨਾਂ ਦਿੱਤਾ ਗਿਆ। ਲੇਬਰ ਪਾਰਟੀ ਨੇ, ਜਿਹੜੀ ਆਪਣੀ ਬਣਤਰ ਦੇ ਪੱਖੋਂ ਮੁੱਢ ਵਿੱਚ ਇਕ ਕਿਰਤੀ ਪਾਰਟੀ ਸੀ, ਕਈ ਨਿੱਕ-ਬੁਰਜੂਆ ਅੰਸ਼ਾਂ ਨੂੰ ਆਪਣੇ ਅੰਦਰ ਸਮੋ ਲਿਆ ਅਤੇ ਆਪਣੇ ਦਾਅ-ਪੇਚਾਂ ਅਤੇ ਵਿਚਾਰਧਾਰਾ ਦੇ ਪੱਖੋਂ ਇੱਕ ਮੌਕਾ-ਪ੍ਰਸਤ ਜਥੇਬੰਦੀ ਬਣ ਗਈ। ਇਹਦੇ ਪਹਿਲੇ ਦਿਨ ਤੋਂ ਹੀ ਇਹਦੇ ਨੇਤਾ ਬੁਰਜੂਆਜ਼ੀ ਨਾਲ਼ ਸ਼੍ਰੇਣੀ ਮਿਲਵਰਤਨ ਦੀ ਨੀਤੀ ਉੱਤੇ ਚਲਦੇ ਰਹੇ; ਪਹਿਲੇ ਸੰਸਾਰ ਯੁੱਧ ਸਮੇਂ ਉਹ ਸਮਾਜੀ ਅੰਧ-ਰਾਸ਼ਟਰਵਾਦੀ ਸਨ।

ਸਫ਼ਾ—43

33. **ਫ਼ੇਬੀਅਨ—**1884 ਵਿੱਚ ਸਥਾਪਿਤ ਹੋਈ ਸੁਧਾਰਵਾਦੀ ਫ਼ੇਬੀਅਨ ਸੋਸਾਇਟੀ ਦੇ ਮੈਂਬਰ। ਇਸ ਸਭਾ ਨੇ ਆਪਣਾ ਨਾਂ ਪ੍ਰਸਿਧ ਰੋਮਨ ਜਰਨੈਲ ਫ਼ੇਬੀਅਨ ਕੁਨਕਤਾਤਰ (ਦੇਰ-ਕਰੂ) ਦੇ ਨਾਂ ਤੋਂ ਲਿਆ, ਜਿਹੜਾ ਆਪਣੇ ਦੇਰ-ਕਰੂ ਦਾਅ-ਪੇਚਾਂ ਅਤੇ ਹਨੀਬਾਲ ਵਿਰੁੱਧ ਨਿਰਣਾਇਕ ਯੁੱਧ ਤੋਂ ਕੰਨੀ ਕਤਰਾਉਣ ਕਾਰਨ ਪ੍ਰਸਿੱਧ ਸੀ। ਫੇਬੀਅਨ ਪ੍ਰੋਲੇਤਾਰੀ ਦੇ ਸ਼੍ਰੇਣੀ ਘੋਲ਼ ਚਲਾਉਣ ਅਤੇ ਇਨਕਲਾਬ ਲਈ ਤਿਆਰੀ ਕਰਨ ਦੀ ਲੋੜ ਤੋਂ ਇਨਕਾਰੀ ਸਨ ਅਤੇ ਉਹਨਾਂ ਦਾ ਇਹ ਦਾਅਵਾ ਸੀ ਕਿ ਨਿਗੂਣੇ ਸੁਧਾਰਾਂ ਅਤੇ ਹੌਲੀ-ਹੌਲੀ ਹੋਏ ਸਮਾਜੀ ਵਿਕਾਸ ਰਾਹੀਂ ਸਰਮਾਏਦਾਰੀ ਤੋਂ ਸੋਸ਼ਲਿਜ਼ਮ ਤੱਕ ਜਾ ਸਕਣਾ ਸੰਭਵ ਹੈ। ਲੈਨਿਨ ਨੇ ਫੇਬੀਅਨਵਾਦ ਨੂੰ ਇੱਕ "ਅਤਿ-ਅੰਤ ਮੌਕਾ-ਪ੍ਰਸਤ ਮੁਹਾਣ" ਕਿਹਾ (ਵ. ਈ. ਲੈਨਿਨ, ਸੰਗ੍ਰਹਿਤ ਕਿਰਤਾਂ, ਸੈਂਚੀ 13, ਪੰਨਾ 358)। 1900 ਵਿੱਚ ਫੇਬੀਅਨ ਸੋਸਾਇਟੀ ਲੇਬਰ ਪਾਰਟੀ ਦਾ ਹਿੱਸਾ ਬਣ ਗਈ ਅਤੇ ਇਹਦਾ ਸਿਧਾਂਤ ਲੇਬਰ ਪਾਰਟੀ ਦੇ ਸਿਧਾਂਤ ਦੇ ਵਿਚਾਰਧਾਰਕ ਸੋਮਿਆਂ ਵਿੱਚੋਂ ਇੱਕ ਬਣ ਗਿਆ। ਪਹਿਲੇ ਸੰਸਾਰ ਯੁੱਧ ਸਮੇਂ ਫ਼ੇਬੀਅਨਾਂ ਨੇ ਸਮਾਜੀ ਅੰਧ-ਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਏ।

ਸਫ਼ਾ—43

34. **ਇੰਡੀਪੈਂਡੈਂਟ ਲੇਬਰ ਪਾਰਟੀ—**´Independent Labour Party[a] 1893 ਵਿੱਚ ਬਰਤਾਨੀਆ ਵਿੱਚ ਉਸ ਸਮੇਂ ਸਥਾਪਤ ਕੀਤੀ ਇੱਕ ਸੁਧਾਰਵਾਦੀ ਜਥੇਬੰਦੀ, ਜਦੋਂ ਹੜਤਾਲਾਂ ਦੀ ਲਹਿਰ ਸੁਰਜੀਤ ਹੋ ਰਹੀ ਸੀ ਅਤੇ ਕਿਰਤੀ ਸ਼੍ਰੇਣੀ ਆਪਣੀ, ਬੁਰਜੂਆ ਪਾਰਟੀਆਂ ਤੋਂ ਸੁਤੰਤਰ, ਪਾਰਟੀ ਸਥਾਪਤ ਕਰਨ ਲਈ ਘੋਲ਼ ਤੇਜ਼ ਕਰ ਰਹੀ ਸੀ। ਇਹਦਾ ਨੇਤਾ ਜੇਮਜ਼ ਕੇਅਰ ਹਾਰਡੀ ਸੀ।

ਮੁੱਢ ਤੋਂ ਹੀ ਪਾਰਟੀ ਬੁਰਜੂਆ-ਸੁਧਾਰਵਾਦੀ ਨੀਤੀ ਉੱਤੇ ਚੱਲੀ ਅਤੇ ਆਪਣੇ ਯਤਨ ਪਾਰਲੀਮਾਨੀ ਘੋਲ਼ ਅਤੇ ਲਿਬਰਲ ਪਾਰਟੀ ਨਾਲ਼ ਸੌਦੇਬਾਜ਼ੀ ਉੱਤੇ ਕੇਂਦ੍ਰਿਤ ਕਰਦੀ ਰਹੀ। ਲੈਨਿਨ ਨੇ ਇੰਡੀਪੈਂਡੈਂਟ ਲੇਬਰ ਪਾਰਟੀ ਸਬੰਧੀ ਲਿਖਿਆ ਕਿ "ਇਹ ਅਸਲ ਵਿੱਚ ਮੌਕਾ-ਪ੍ਰਸਤ ਪਾਰਟੀ ਸੀ ਅਤੇ ਸਦਾ ਬੁਰਜੂਆਜ਼ੀ ਉੱਤੇ ਨਿਰਭਰ ਰਹੀ ਹੈ" (ਵੀ. ਆਈ. ਲੈਨਿਨ, ਸੰਗ੍ਰਿਹਤ ਕਿਰਤਾਂ, ਸੈਂਚੀ 29, ਪੰਨਾ 294)।

ਸਫ਼ਾ—44

35. 'The Daily Herald[a]—ਬਰਤਾਨਵੀ ਸੋਸ਼ਲਿਸਟ ਪਾਰਟੀ ਦਾ ਤਰਜਮਾਨ, ਜਿਹੜਾ ਲੰਦਨ ਵਿੱਚ 1912 ਤੋਂ ਪ੍ਰਕਾਸ਼ਿਤ ਹੋਇਆ। 1922 ਤੋਂ ਇਹ ਲੇਬਰ ਪਾਰਟੀ ਦਾ ਤਰਜਮਾਨ ਬਣ ਗਿਆ।

ਸਫ਼ਾ—44

36. 'The Daily Citizen[a]—ਲੇਬਰ ਪਾਰਟੀ ਦੇ ਮੌਕਾ-ਪ੍ਰਸਤ ਗੁੱਟ, ਫੇਬੀਅਨ ਸੋਸਾਇਟੀ ਅਤੇ ਇੰਡੀਪੈਂਡੈਂਟ ਲੇਬਰ ਪਾਰਟੀ ਦਾ ਤਰਜਮਾਨ ਜਿਹੜਾ ਲੰਦਨ ਅਤੇ ਮਾਨਚੈਸਟਰ ਤੋਂ 1912 ਤੋਂ 1915 ਤੱਕ ਪ੍ਰਕਾਸ਼ਤ ਹੁੰਦਾ ਰਿਹਾ।

ਸਫ਼ਾ—44

37. **"ਨਾਸ਼ਾ ਜ਼ਾਰੀਆ"** (ਸਾਡਾ ਪਹੁ-ਫੁਟਾਲਾ)—ਸੇਂਟ ਪੀਟਰਜ਼ਬਰਗ ਵਿੱਚ 1910 ਤੋਂ 1914 ਤੱਕ ਕਾਨੂੰਨੀ ਤੌਰ 'ਤੇ ਛਪਣ ਵਾਲ਼ਾ ਮੇਨਸ਼ਵਿਕ ਖਾਤਮੇਵਾਦੀਆਂ ਦਾ ਮਾਹਵਾਰ ਸਿਧਾਂਤਕ ਰਸਾਲਾ। ਇਹ ਖਾਤਮੇਵਾਦੀਆਂ ਨੂੰ ਇੱਕਤਰ ਕਰਨ ਵਾਲ਼ਾ ਕੇਂਦਰ ਸੀ।

ਸਫ਼ਾ—44

38. **"ਪਰਾਵਦਾਵਾਦ"—**ਅਰਥਾਤ ਬਾਲਸ਼ਵਿਕਵਾਦ, ਬਾਲਸ਼ਵਿਕ ਅਖ਼ਬਾਰ "ਪਰਾਵਦਾ" ਦੇ ਨਾਂ ਉੱਤੇ।

"ਪਰਾਵਦਾ"—ਇੱਕ ਕਾਨੂੰਨੀ ਰੋਜ਼ਾਨਾ ਅਖ਼ਬਾਰ, ਇਹਦਾ ਪਹਿਲਾ ਪਰਚਾ ਸੇਂਟ ਪੀਟਰਜ਼ਬਰਗ ਵਿੱਚ 22 ਅਪ੍ਰੈਲ (5 ਮਈ) 1912 ਨੂੰ ਪ੍ਰਕਾਸ਼ਤ ਹੋਇਆ।

ਲੈਨਿਨ ਨੇ ਵਿਚਾਰਧਾਰਕ ਤੌਰ 'ਤੇ ਇਹਦੀ ਅਗਵਾਈ ਕੀਤੀ, ਇਹਦੇ ਲਈ ਲਗਭਗ ਰੋਜ਼ ਲਿਖਿਆ ਅਤੇ ਇਹਦੇ ਸੰਪਾਦਕਾਂ ਨੂੰ ਸਲਾਹ ਦਿੱਤੀ। ਇਹਨਾਂ ਯਤਨਾਂ ਸਦਕਾ ਇਹ ਅਖਬਾਰ ਲੜਾਕੂ ਇਨਕਲਾਬੀ ਭਾਵਨਾ ਅਨੁਸਾਰ ਚਲਾਇਆ ਗਿਆ।

"ਪਰਾਵਦਾ" ਦੇ ਸੰਪਾਦਕ ਮੰਡਲ ਨੇ ਪਾਰਟੀ ਦੇ ਜਥੇਬੰਦਕ ਕੰਮ ਦਾ ਵੱਡਾ ਹਿੱਸਾ ਸਿਰੇ ਚਾੜ੍ਹਿਆ।

ਪੁਲਿਸ ਨੇ ਸਦਾ ਹੀ "ਪਰਾਵਦਾ" ਨੂੰ ਤੰਗ ਕੀਤਾ। ਜ਼ਾਰਸ਼ਾਹੀ ਹਕੂਮਤ ਨੇ ਅੱਠ ਵਾਰ ਇਹਦੇ ਉੱਤੇ ਪਾਬੰਦੀ ਲਾਈ। ਪਰ ਇਹ ਵੱਖ ਵੱਖ ਨਾਵਾਂ ਹੇਠ ਛਪਦਾ ਰਿਹਾ। ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਹੋਣ ਤੋਂ ਕੁਝ ਸਮਾਂ ਪਹਿਲਾਂ 8 (21) ਜੁਲਾਈ 1914 ਨੂੰ "ਪਰਾਵਦਾ" ਨੂੰ ਖ਼ਤਮ ਕਰ ਦਿੱਤਾ ਗਿਆ।

1917 ਦੇ ਫ਼ਰਵਰੀ ਦੇ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਇਹਦਾ ਪ੍ਰਕਾਸ਼ਨ ਫਿਰ ਸ਼ੁਰੂ ਕੀਤਾ ਗਿਆ। ਇਹ 5 (18) ਮਾਰਚ 1917 ਤੋਂ ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਦੇ ਕੇਂਦਰੀ ਤਰਜਮਾਨ ਦੇ ਤੌਰ 'ਤੇ ਪ੍ਰਕਾਸ਼ਤ ਹੋਣ ਲੱਗ ਪਿਆ। ਜੁਲਾਈ-ਅਕਤੂਬਰ 1917 ਵਿੱਚ ਆਰਜ਼ੀ ਹਕੂਮਤ ਨੇ ਇਹਦੇ ਉੱਤੇ ਜ਼ਬਰ ਸ਼ੁਰੂ ਕੀਤਾ "ਪਰਾਵਦਾ" ਨੇ ਸੱਤ ਵਾਰੀ ਆਪਣਾ ਨਾਂ ਤਬਦੀਲ ਕੀਤਾ ਅਤੇ ਵਾਰੋ-ਵਾਰੀ "ਲਿਸਤੋਕ ਪਰਾਵਦੀ", "ਪ੍ਰੋਲੇਤਾਰੀ", "ਰਾਬੋਚੀ" ਅਤੇ "ਰਾਬੋਚੀ ਪੂਤ" ਦੇ

ਨਾਂ ਹੇਠ ਨਿਕਲਿਆ। ਅਕਤੂਬਰ ਸੋਸ਼ਲਿਸਟ ਇਨਕਲਾਬ ਤੋਂ ਪਿਛੋਂ 27 ਅਕਤੂਬਰ (9 ਨਵੰਬਰ) 1917 ਤੋਂ ਇਹ ਆਪਣੇ ਪੁਰਾਣੇ ਨਾਂ "ਪਰਾਵਦਾ" ਹੇਠ ਪ੍ਰਕਾਸ਼ਤ ਹੋਣ ਲੱਗ ਪਿਆ।

ਸਫ਼ਾ—44

39. ਇੱਥੇ ਜਨਵਰੀ 5 ਅਤੇ 17(18–30) 1912 ਦੇ ਵਿਚਕਾਰ ਪ੍ਰਾਗ ਵਿਖੇ ਹੋਈ ਰੂਸੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਦੀ ਛੇਵੀਂ (ਪ੍ਰਾਗ) ਕੁੱਲ–ਰੂਸ ਕਾਨਫਰੰਸ ਵੱਲ ਇਸ਼ਾਰਾ ਹੈ। ਇਹਨੇ ਅਸਲ ਪਾਰਟੀ ਕਾਂਗਰਸ ਦਾ ਰੋਲ ਅਦਾ ਕੀਤਾ।

ਲੈਨਿਨ ਨੇ ਪਾਰਟੀ ਦੇ ਕੇਂਦਰੀ ਅਖ਼ਬਾਰ ਦੀ ਪ੍ਰਤਿਨਿਧਤਾ ਕੀਤੀ ਅਤੇ ਕਾਨਫ਼ਰੰਸ ਦੇ ਕੰਮ ਦੀ ਅਗਵਾਈ ਕੀਤੀ।

ਬਾਲਸ਼ਵਿਕ ਪਾਰਟੀ, ਇਕ ਨਵੀਂ ਕਿਸਮ ਦੀ ਪਾਰਟੀ ਸੀ, ਜਥੇਬੰਦਕ ਬਣਤਰ ਵਿੱਚ ਅਤੇ ਇਹਦੀ ਏਕਤਾ ਵਧਾਉਣ ਵਿੱਚ ਇਹ ਕਾਨਫਰੰਸ ਇੱਕ ਮਹੱਤਵਪੂਰਨ ਮੀਲ–ਪੱਥਰ ਹੈ। ਇਹਨੇ ਮੈਨਸ਼ਵਿਕਾਂ ਵਿਰੁੱਧ ਬਾਲਸ਼ਵਿਕਾਂ ਦੇ ਘੋਲ਼ ਦੇ ਲੰਮੇ ਸਮੇਂ ਨੂੰ ਸੰਖੇਪਿਆ ਅਤੇ ਮੈਨਸ਼ਵਿਕ ਖਾਤਮੇਵਾਦੀਆਂ ਨੂੰ ਪਾਰਟੀ ਵਿੱਚੋਂ ਕੱਢ ਕੇ ਬਾਲਸ਼ਵਿਕਾਂ ਦੀ ਜਿੱਤ ਨੂੰ ਪੱਕਿਆਂ ਕੀਤਾ। ਇਹਨੇ ਨਵੇਂ ਇਨਕਲਾਬੀ ਉਭਾਰ ਦੀਆਂ ਪ੍ਰਸਥਿਤੀਆਂ ਵਿੱਚ ਪਾਰਟੀ ਦੀ ਰਾਜਸੀ ਸੇਧ ਅਤੇ ਦਾਅ–ਪੇਚ ਉਲੀਕੇ।

ਕਾਨਫ਼ਰੰਸ ਦਾ ਕੌਮਾਂਤਰੀ ਪ੍ਰਭਾਵ ਵੀ ਪਿਆ। ਇਹ ਮੌਕਾ–ਪ੍ਰਸਤਾਂ ਵਿਰੁਧ ਘੋਲ ਨੂੰ ਮੁਕੰਮਲ ਤੋੜ–ਵਿਛੋੜੇ ਤੱਕ ਲਿਜਾਕੇ ਦੂਜੀ ਇੰਟਰਨੈਸ਼ਨਲ ਦੇ ਇਨਕਲਾਬੀ ਹਿੱਸੇ ਦੀਆਂ ਪਾਰਟੀਆਂ ਲਈ ਮੌਕਾ–ਪ੍ਰਸਤਾਂ ਵਿਰੁੱਧ ਦ੍ਰਿੜ ਘੋਲ਼ ਦੀ ਮਿਸਾਲ ਬਣ ਗਈ।

ਸਫ਼ਾ—44

40. **ਤੇਸਨਯਾਕੀ—**ਬਲਗੇਰੀਆ ਦੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਵਿੱਚ ਇੱਕ ਇਨਕਲਾਬੀ ਮੁਹਾਣ ਜਿਹੜਾ 1903 ਵਿੱਚ ਪਾਰਟੀ ਤੋਂ ਵੱਖ ਹੋ ਗਿਆ ਅਤੇ ਜਿਸਨੇ ਬਲਗੇਰੀਆ ਦੀ ਸੋਸ਼ਲ–ਡੈਮੋਕਰੈਟਿਕ ਲੇਬਰ ਪਾਰਟੀ ਬਣਾਈ। ਤਸੇਨਯਾਕੀ ਲਹਿਰ ਦਾ ਮੋਢੀ ਅਤੇ ਨੇਤਾ ਡੀ. ਦਮਿਤਰੋਵ, ਵੀ. ਕੋਲਾਰੋਵ ਅਤੇ ਬਲਾਗੋਯੇਵ ਦੇ ਹੋਰਨਾਂ ਪੈਰੋਆਂ ਨੇ ਕੀਤੀ। 1914–18 ਵਿੱਚ ਤਸੇਨਯਾਕੀਆਂ ਸਾਮਰਾਜੀ ਯੁੱਧ ਦਾ ਵਿਰੋਧ ਕੀਤਾ; 1919 ਵਿੱਚ ਉਹ ਕਮਿਊਨਿਸਟ ਇੰਟਰਨੈਸ਼ਨਲ ਵਿੱਚ ਸ਼ਾਮਲ ਹੋ ਗਏ ਅਤੇ ਕਮਿਊਨਿਸਟ ਪਾਰਟੀ ਸਥਾਪਤ ਕੀਤੀ।

ਸਫ਼ਾ—44

41. **"ਨੋਵੋ ਵਰੇਮੇ"** (ਨਵਾਂ ਯੁੱਗ)—ਇੱਕ ਵਿਗਿਆਨਿਕ ਅਤੇ ਸਿਧਾਂਤਕ ਰਸਾਲਾ, ਬਲਗੇਰੀਆ ਦੀ ਸੋਸ਼ਲ–ਡੈਮੋਕਰੇਸੀ ਦੇ ਇਨਕਲਾਬੀ ਪੱਖ (ਤਸੇਨਯਾਕੀ) ਦਾ ਤਰਜ਼ਮਾਨ, 1897 ਵਿੱਚ ਸਥਾਪਤ ਕੀਤਾ ਗਿਆ। ਇਹ ਫ਼ਰਵਰੀ 1916 ਤੱਕ ਪ੍ਰਕਾਸ਼ਤ ਹੁੰਦਾ ਰਿਹਾ, ਜਦੋਂ ਪਿੱਛੇ–ਖਿੱਚੂ ਬਲਗ਼ਾਰਵੀ ਸਰਕਾਰ ਨੇ ਇਸਨੂੰ ਦਬਾ ਦਿੱਤਾ। ਇਹ 1919 ਵਿੱਚ ਫੇਰ ਛਪਣਾ ਸ਼ੁਰੂ ਹੋਇਆ ਅਤੇ 1923 ਤੱਕ ਛਪਦਾ

ਰਿਹਾ ਜਦੋਂ ਪਿਛੇ-ਖਿੱਚੂ ਬਲਗ਼ਾਰਵੀ ਸਰਕਾਰ ਨੇ ਇਹਨੂੰ ਦਬਾ ਦਿੱਤਾ। 1947 ਤੋਂ ਇਹ ਫੇਰ ਬਲਗੇਰੀਆਂ ਦੀ ਕਮਿਊਨਿਸਟ ਪਾਰਟੀ ਦੇ ਤਰਜਮਾਨ ਦੇ ਤੌਰ 'ਤੇ ਪ੍ਰਕਾਸ਼ਤ ਹੋਣ ਲੱਗ ਪਿਆ।

ਸਫ਼ਾ—44

42. ´Volksrecht[a] (ਜਨਤਾ ਦਾ ਹੱਕ)—1893 ਤੋਂ ਜਿਊਰਿਖ਼ ਵਿੱਚ ਪ੍ਰਕਾਸ਼ਤ ਹੁੰਦਾ ਸਵਿਸ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਅਖਬਾਰ। ਪਹਿਲੇ ਸੰਸਾਰ ਯੁੱਧ ਸਮੇਂ ਇਹਨੇ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਾਂ ਦੇ ਲੇਖ ਛਾਪੇ।

ਸਫ਼ਾ—45

43.´Berner Tagwacht[a] (ਬਰਨ ਦਾ ਪਹਿਰੂਆ)—1893 ਤੋਂ ਬਰਨ ਤੋਂ ਪ੍ਰਕਾਸ਼ਤ ਹੁੰਦਾ ਸਵਿਸ ਸੋਸ਼ਲ-ਡੈਮੋਕਰੇਟਕ ਪਾਰਟੀ ਦਾ ਅਖ਼ਬਾਰ।

ਸਫ਼ਾ—45

44. ´LíHumanitÈ[a]—1904 ਵਿੱਚ ਜੀਨ ਜੋਰੇਜ਼ ਵਲੋਂ ਫ਼ਰਾਸੀਸੀ ਸੋਸ਼ਲਿਸਟ ਪਾਰਟੀ ਦੇ ਤਰਜਮਾਨ ਵਜੋਂ ਜਾਰੀ ਕੀਤਾ ਗਿਆ ਅਖ਼ਬਾਰ। ਪਹਿਲੇ ਸੰਸਾਰ ਯੁੱਧ ਦੇ ਸਮੇਂ ਇਹ ਪਾਰਟੀ ਦੇ ਅਤਿ ਸੱਜੇ-ਪੱਖੀ ਪੱਖ ਦੇ ਹੱਥਾਂ ਵਿੱਚ ਸੀ ਅਤੇ ਇਸਨੇ ਸਮਾਜੀ ਅੰਧ-ਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਏ। ਦਸੰਬਰ 1920 ਵਿੱਚ ਤੂਰ ਵਿਖੇ ਹੋਈ ਪਾਰਟੀ ਕਾਨਫਰੰਸ ਤੋਂ ਪਿਛੋਂ ਪਾਰਟੀ ਵਿੱਚ ਆਈ ਦੁਫ਼ੇੜ ਤੋਂ ਛੇਤੀ ਪਿੱਛੋਂ ਅਤੇ ਕਮਿਊਨਿਸਟ ਪਰਾਟੀ ਸਥਾਪਤ ਹੋਣ ਪਿੱਛੋਂ ਇਹ ਅਖ਼ਬਾਰ ਇਹਦਾ ਤਰਜਮਾਨ ਬਣ ਗਿਆ। ਇਹ ਪੈਰਿਸ ਤੋਂ ਕਮਿਊਨਿਸਟ ਪਾਰਟੀ ਦੇ ਕੇਂਦਰੀ ਤਰਜਮਾਨ ਵਜੋਂ ਪ੍ਰਕਾਸ਼ਤ ਹੁੰਦਾ ਹੈ।

ਸਫ਼ਾ—45

45. **ਹੇਰੋਸਟਰਾਟਸ—**ਜਿਹੜਾ ਅਫੇਸ ਦੇ ਪ੍ਰਾਚੀਨ ਸ਼ਹਿਰ ਵਿੱਚ ਰਹਿੰਦਾ ਸੀ। ਕਥਾਵਾਂ ਅਨੁਸਾਰ 356 ਪੂਰਬ-ਈਸਾ ਵਿੱਚ ਉਹਨੇ ਯੂਨਾਨੀ ਦੇਵੀ ਦੇ ਮੰਦਰ ਨੂੰ, ਜਿਹੜਾ ਦੁਨੀਆ ਦੇ ਸੱਤਾਂ ਅਜੂਬਿਆਂ ਵਿੱਚੋਂ ਇੱਕ ਸੀ, ਸਾੜ ਦਿੱਤਾ ਤਾਂ ਜੁ ਉਹਦਾ ਨਾਂ ਅਮਰ ਰਹੇ। ਹੇਰੋਸਟਰਾਟਸ ਦਾ ਨਾਂ ਅਜਿਹੇ ਖ਼ੁਦਗ਼ਰਜ ਮਨੁੱਖ ਦੀ ਮਿਸਾਲ ਬਣ ਗਿਆ ਹੈ ਜਿਹੜਾ ਹਰ ਸੰਭਵ ਸਾਧਨ ਵਰਤ ਕੇ ਪ੍ਰਸਿੱਧੀ ਹਾਸਿਲ ਕਰਨਾ ਚਾਹੁੰਦਾ ਹੈ।

ਸਫ਼ਾ—45

46. **ਬਰਸੇਲਜ਼ ਟੋਲੀ—**16-17 ਜੁਲਾਈ 1974 ਨੂੰ ਇੰਟਰਨੈਸ਼ਨਲ ਦੀ ਕਾਰਜ-ਕਾਰੀ ਕਮੇਟੀ ਵਲੋਂ ਰੂਸੀ ਸ਼ੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਵਿੱਚ ਮੁੜ ਏਕਤਾ ਸਥਾਪਤ ਕਰਨ ਦੀ ਸੰਭਾਵਨਾ ਸਬੰਧੀ ਵਿਚਾਰਾਂ ਦਾ ਵਟਾਂਦਰਾ ਕਰਨ ਲਈ ਬੁਲਾਈ ਗਈ ਬਰਸੇਲਜ਼ "ਏਕਤਾ" ਕਾਨਫਰੰਸ ਸਮੇਂ ਸਥਾਪਤ ਕੀਤੀ ਗਈ। ਇਸ ਕਾਨਫ਼ਰੰਸ ਦੇ ਡੈਲੀਗੇਟ ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ (ਬਾਲਸ਼ਵਿਕ), ਜਥੇਬੰਦਕ ਕਮੇਟੀ (ਮੈਨਸ਼ਵਿਕ), ਪਲੈਖ਼ਾਨੋਵ ਦੀ "ਯੇਦਿਨਸਤਵੋ" ਟੋਲੀ, "ਵਪੇਰਯੋਦ" ਟੋਲੀ, ਬੁੰਦ, ਲੈਤਵੀਆਂ ਦੀ ਸੋਸ਼ਲ-ਡੈਮੋਕਰੈਟਕ ਪਾਰਟੀ, ਲਿਥੂਏਨੀਆ ਦੀ ਸੋਸ਼ਲ-ਡੈਮੋਕ੍ਰੈਟਿਕ

ਪਾਰਟੀ, ਪੋਲੈਂਡ ਦੇ ਸੋਸ਼ਲ-ਡੈਮੋਕਰੈਟਿਕ ਵਿਰੋਧ, ਅਤੇ ਪੋਲੈਂਡ ਦੀ ਸੋਸ਼ਲਿਸਟ ਪਾਰਟੀ (ਖੱਬੇ-ਪੱਖੀ) ਦੇ ਪ੍ਰਤਿਨਿਧ ਸਨ। ਕਾਨਫ਼ਰੰਸ ਤੋਂ ਬਹੁਤ ਪਹਿਲਾਂ ਕੌਮਾਂਤਰੀ ਸੋਸ਼ਲਿਸਟ ਬਿਊਰੋ ਦੇ ਨੇਤਾ ਖ਼ਾਤਮੇਵਾਦੀਆਂ ਨਾਲ਼ ਬਾਲਸ਼ਵਿਕਾਂ ਵਿਰੁੱਧ ਸਾਂਝੀ ਕਾਰਵਾਈ ਸਬੰਧੀ ਸਹਿਮਤ ਹੋ ਚੁੱਕੇ ਸਨ। ਇਸ ਗੱਲ ਦੇ ਬਾਵਜੂਦ ਕਿ ਕਾਨਫ਼ਰੰਸ ਵਿਚਾਰਾਂ ਦੇ ਵਟਾਂਦਰੇ ਤੱਕ ਸੀਮਤ ਰੱਖੀ ਜਾਣੀ ਸੀ ਅਤੇ ਕੋਈ ਅਜਿਹੇ ਪ੍ਰਸਤਾਵ ਪ੍ਰਵਾਨ ਨਹੀਂ ਸਨ ਕੀਤੇ ਜਾਣੇ ਜਿਹੜੇ ਸਭਨਾਂ ਲਈ ਲਾਜ਼ਮੀ ਹੋਣ, ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਵਿੱਚ ਏਕਤਾ ਸਬੰਧੀ ਕਾਊਟਸਕੀ ਦੇ ਪ੍ਰਸਤਾਵ 'ਤੇ ਵੋਟ ਲਏ ਗਏ। ਬਾਲਸ਼ਵਿਕਾਂ ਅਤੇ ਲੈਤਵੀਆਂ ਦੇ ਸੋਸ਼ਲ-ਡੈਮੋਕਰੈਟਾਂ ਨੇ ਵੋਟਾਂ ਵਿੱਚ ਹਿੱਸਾ ਲੈਣ ਤੋਂ ਨਾਂਹ ਕਰ ਦਿੱਤੀ ਅਤੇ ਪ੍ਰਸਤਾਵ ਬਹੁ-ਸਮੰਤੀ ਨਾਲ਼ ਪ੍ਰਵਾਨ ਹੋਇਆ। ਲੈਨਿਨ ਦੀ ਅਗਵਾਈ ਹੇਠ ਬਾਲਸ਼ਵਿਕਾਂ ਨੇ ਪ੍ਰਸਤਾਵ ਅੱਗੇ ਝੁਕਣੋਂ ਨਾਂਹ ਕਰ ਦਿੱਤੀ।

ਬਰਸੇਲਜ਼ ਦੀ ਟੋਲੀ, ਜਿਹੜੀ ਇਹਦੇ ਮੈਂਬਰਾਂ ਲਈ ਧੋਖੇ ਦੀ ਟੱਟੀ ਸੀ, ਥੁੜ-ਜੀਵੀ ਸਾਬਤ ਹੋਇਆ ਅਤੇ ਛੇਤੀ ਹੀ ਟੋਟੇ ਟੋਟੇ ਹੋ ਗਿਆ।

ਸਫ਼ਾ—46

47. ਲੈਨਿਨ ਦਾ ਇਸ਼ਾਰਾ ਲੀਬਕਨੇਖ਼ਤ ਦੇ ਮੈਨੀਫ਼ੈਸਟੋ ´Der Hauptfeind Steht im eigenem Land![a] (ਮੁਖ ਵੈਰੀ ਘਰ ਵਿੱਚ ਹੀ ਹੈ) ਵੱਲ ਹੈ, ਜਿਹੜਾ 31 ਮਈ 1915 ਦੇ ਬਰਨੇਰ ਤਾਗਵਾਚਟ ਨੰ. 123 ਵਿੱਚ "ਈਨ ਕਰਾਫ਼ਟੀਗੇਰ ਮਾਹਨਰੁਫ਼" (ਇੱਕ ਜ਼ਬਰਦਸਤ ਚਿਤਾਉਣੀ) ਦੇ ਨਾਂ ਹੇਠ ਛਪਿਆ।

ਸਫ਼ਾ—47

48. ´Preuflishe Jahrb¸cher[a](**ਪਰਸ਼ੀਆ ਸਾਲਵਾਰ**)—ਰਾਜਨੀਤੀ, ਇਤਿਹਾਸ ਅਤੇ ਸਾਹਿਤ ਦੇ ਪ੍ਰਸ਼ਨਾਂ ਸਬੰਧੀ 1858 ਤੋਂ 1935 ਤੱਕ ਬਰਲਿਨ ਤੋਂ ਛਪਣ ਵਾਲ਼ਾ ਮਾਹਵਾਰ ਰਸਾਲਾ।

ਸਫ਼ਾ—47

**49. ਸੋਸ਼ਲਿਸਟ-ਵਿਰੋਧੀ ਕਾਨੂੰਨ** ਬਿਸਮਾਰਕ ਦੀ ਹਕੂਮਤ ਨੇ ਕਿਰਤੀ ਸ਼੍ਰੇਣੀ ਅਤੇ ਸੋਸ਼ਲਿਸਟ ਲਹਿਰ ਵਿਰੁੱਧ ਲੜਨ ਲਈ 1878 ਵਿੱਚ ਜਰਮਨੀ ਵਿੱਚ ਲਾਗੂ ਕੀਤਾ। ਇਸ ਕਾਨੂੰਨ ਅਧੀਨ ਸਭਨਾਂ ਸੋਸ਼ਲ-ਡੈਮੋਕਰੈਟਕ ਜਥੇਬੰਦੀਆਂ, ਕਿਰਤੀਆਂ ਦੀ ਜਨਤਕ ਜਥੇਬੰਦੀਆਂ ਅਤੇ ਕਿਰਤੀਆਂ ਦੇ ਅਖ਼ਬਾਰਾਂ ਉੱਤੇ ਪਾਬੰਦੀ ਲਾ ਦਿੱਤੀ ਗਈ; ਸੋਸ਼ਲਿਸਟ ਸਾਹਿਤ ਜ਼ਬਤ ਕਰ ਲਿਆ ਗਿਆ ਅਤੇ ਸੋਸ਼ਲ-ਡੈਮੋਕਰੈਟਾਂ ਨੂੰ ਦੇਸ਼-ਨਿਕਾਲਾ ਦਿੱਤਾ ਜਾ ਸਕਦਾ ਸੀ। ਵੱਧ ਰਹੀ ਕਿਰਤੀ ਸ਼੍ਰੇਣੀ ਲਹਿਰ ਦੇ ਅਸਰ ਹੇਠ 1890 ਵਿੱਚ ਇਹ ਕਾਨੂੰਨ ਮਨਸੂਖ਼ ਕਰ ਦਿੱਤਾ ਗਿਆ।

ਸਫ਼ਾ—51

50. ਲੈਨਿਨ ਦਾ ਇਸ਼ਾਰਾ ਚੌਥੀ ਦੂਮਾ ਵਿੱਚ ਬਾਲਸ਼ਵਿਕ ਟੋਲੀ ਵਿਰੁੱਧ ਚਲਾਏ ਮੁਕੱਦਮੇ ਵੱਲ ਹੈ ਜਿਸਦੀ ਸੁਣਵਾਈ 10 (23) ਫ਼ਰਵਰੀ 1915 ਨੂੰ ਹੋਈ। ਚੌਥੀ ਦੂਮਾ ਵਿੱਚ

ਬਾਲਸ਼ਵਿਕ ਮੈਂਬਰਾਂ ਵ. ਆਈ. ਬਦਾਯੇਵ, ਐਨ. ਕੇ. ਮੂਰਾਨੋਵ, ਜੀ. ਆਈ. ਪਿਤਰੋਵਸਕੀ, ਐਫ਼. ਐਨ. ਸਮੋਈਲੋਵ ਅਤੇ ਐਨ. ਆਰ. ਸ਼ਾਗੋਵ ਨੂੰ ਨਵੰਬਰ 1914 ਵਿੱਚ "ਘੋਰ ਦੇਸ਼-ਧਰੋਹ" ਦੇ ਦੋਸ਼ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਉਹਨਾਂ ਵਿਰੁੱਧ ਇੱਕੋ ਇੱਕ ਸਬੂਤ ਲੈਨਿਨ ਦੇ ਥੀਸਿਸ "ਯੂਰਪੀ ਯੁੱਧ ਵਿੱਚ ਇਨਕਲਾਬੀ ਸੋਸ਼ਲ-ਡੈਮੋਕਰੈਸੀ ਦੇ ਫ਼ਰਜ਼" ਅਤੇ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਕੇਂਦਰੀ ਪਾਰਟੀ ਦਾ ਮੈਨੀਫ਼ੈਸਟੋ "ਯੁੱਧ ਅਤੇ ਰੂਸੀ ਸੋਸ਼ਲ-ਡੈਮੋਕਰੈਸੀ" ਸੀ, ਜਿਹੜੇ ਗ੍ਰਿਫ਼ਤਾਰੀ ਸਮੇਂ ਉਹਨਾਂ ਕੋਲੋਂ ਮਿਲੇ। ਉਹਨਾਂ ਦੇ ਸਭ ਸ਼ਹਿਰੀ ਹੱਕ ਖੋਹ ਲਏ ਗਏ ਅਤੇ ਉਹਨਾਂ ਨੂੰ ਪੂਰਬੀ ਸਾਇਬੇਰੀਆ ਵਿਖੇ ਜਲਾਵਤਨ ਕਰ ਦਿੱਤਾ ਗਿਆ।

ਸਫ਼ਾ—55

51. **ਗਾਪੋਨੇਦ—**ਪਾਦਰੀ ਗਾਪੋਨ ਦੇ ਨਾਂ ਪਿੱਛੇ। ਰੂਸੀ ਇਨਕਲਾਬ ਤੋਂ ਕੁਝ ਸਮਾਂ ਪਹਿਲਾਂ ਖ਼ੁਫ਼ੀਆ ਪੁਲਸ ਦੀਆਂ ਹਦਾਇਤਾਂ ਉੱਤੇ ਅਮਲ ਕਰਦੇ ਹੋਏ, ਕਿਰਤੀਆਂ ਨੂੰ ਇਨਕਲਾਬੀ ਘੋਲ਼ ਤੋਂ ਕੁਰਾਹੇ ਪਾਉਣ ਲਈ ਜ਼ੂਬਾਤੋਵ ਵਰਗੀ ਰੂਸੀ ਕਾਰਖ਼ਾਨਿਆਂ ਦੇ ਕਾਮਿਆਂ ਦੀ ਸਭਾ ਕਾਇਮ ਕੀਤੀ। 9 (22) ਜਨਵਰੀ 1905 ਨੂੰ ਉਹਨੇ ਜ਼ਾਰ ਅੱਗੇ ਅਰਜ਼ਦਾਸ਼ਤ ਪੇਸ਼ ਕਰਨ ਲਈ ਸਿਆਲ ਮਹੱਲ ਤੱਕ ਕਿਰਤੀਆਂ ਦਾ ਮਾਰਚ ਜਥੇਬੰਦ ਕੀਤਾ। ਜ਼ਾਰ ਨੇ ਫ਼ੌਜੀਆਂ ਨੂੰ ਮੁਜ਼ਾਹਰੇ ਉੱਤੇ ਗੋਲ਼ੀ ਚਲਾਉਣ ਦਾ ਹੁਕਮ ਦਿੱਤਾ। ਇਸ ਕਤਲਾਮ ਨੇ ਪੱਛੜੇ ਕਿਰਤੀਆਂ ਦਾ ਜ਼ਾਰ ਵਿੱਚ ਭਰੋਸਾ ਖ਼ਤਮ ਕਰ ਦਿੱਤਾ। 9 ਜਨਵਰੀ ਦੀਆਂ ਘਟਨਾਵਾਂ ਨੇ, ਜਿਨ੍ਹਾਂ ਨਾਲ਼ ਪਹਿਲੇ ਰੂਸੀ ਇਨਕਲਾਬ ਦਾ ਮੁੱਢ ਬਝਦਾ ਹੈ, ਰੂਸੀ ਪ੍ਰੋਲੇਤਾਰੀ ਦੀ, ਜਿਸਨੇ ਸਾਰੇ ਰੂਸ ਵਿੱਚ ਰੋਸ ਦੀਆਂ ਹੜਤਾਲਾਂ ਦੀ ਲਹਿਰ ਚਲਾਈ, ਰਾਜਸੀ ਚੇਤੰਨਤਾ ਨੂੰ ਉਭਾਰਿਆ।

ਸਫ਼ਾ—57

52. **ਆਰਥਕਤਾਵਾਦ**—ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲਹਿਰ ਵਿੱਚ ਮੌਕਾ-ਪ੍ਰਸਤ ਮੁਹਾਣ; ਕੌਮਾਂਤਰੀ ਮੌਕਾ-ਪ੍ਰਸਤੀ ਦੀ ਇੱਕ ਰੂਸੀ ਵੰਨਗੀ। ਆਰਥਕਤਾਵਾਦੀ ਕਿਰਤੀਆਂ ਦੇ ਕਾਰਜ ਨੂੰ ਉਚੇਰੀਆਂ ਉਜਰਤਾਂ, ਕੰਮ ਦੀਆਂ ਚੰਗੇਰੀਆਂ ਪ੍ਰਸਥਿਤੀਆਂ, ਆਦਿ ਲਈ ਆਰਥਕ ਘੋਲ਼ ਤੱਕ ਸੀਮਤ ਰੱਖਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਰਾਜਸੀ ਘੋਲ਼ ਉਦਾਰ-ਪੰਥੀ ਬੁਰਜੂਆਜ਼ੀ ਦਾ ਕੰਮ ਹੋਣਾ ਚਾਹੀਦਾ ਹੈ ਅਤੇ ਕਿਰਤੀ ਸ਼੍ਰੇਣੀ ਲਹਿਰ ਦੇ ਆਗੂ ਰੋਲ ਤੋਂ ਇਨਕਾਰੀ ਸਨ। ਉਹਨਾਂ ਕਿਰਤੀ ਸ਼੍ਰੇਣੀ ਦੀ ਆਪ-ਮੁਹਾਰੀ ਲਹਿਰ ਨੂੰ ਅੰਧ-ਵਿਸ਼ਵਾਸ ਬਣਾ ਲਿਆ ਅਤੇ ਕਿਰਤੀ-ਸ਼੍ਰੇਣੀ ਲਹਿਰ ਵਿੱਚ ਸੋਸ਼ਲਿਸਟ ਚੇਤੰਨਤਾ ਪੈਦਾ ਕਰਨ ਲਈ ਮਾਰਕਸਵਾਦੀ ਪਾਰਟੀਆਂ ਦੀ ਲੋੜ ਤੋਂ ਇਨਕਾਰ ਕਰਕੇ ਬੁਰਜੂਆ ਵਿਚਾਰਧਾਰਾ ਲਈ ਰਾਹ ਪੱਧਰਾ ਕਰ ਦਿੱਤਾ। ਆਰਥਕਤਾਵਾਦੀ ਸੋਸ਼ਲ-ਡੈਮੋਕਰੈਟਿਕ ਲਹਿਰ ਦੀ ਫ਼ੁੱਟ ਅਤੇ ਅਸੰਗਠਨ ਨੂੰ ਕਾਇਮ ਰੱਖਣ ਉੱਤੇ ਤੁਲੇ ਹੋਏ ਸਨ ਅਤੇ ਕਿਰਤੀਆਂ ਦੀ ਇੱਕ ਕੇਂਦਰਿਤ ਜਥੇਬੰਦੀ ਸਥਾਪਤ ਕਰਨ ਦੇ ਵਿਰੁੱਧ ਸਨ।

ਸਫ਼ਾ—58

53. "**ਰਾਬੋਚਾਯਾ ਮਿਸਲ**" (ਕਿਰਤੀਆਂ ਦੇ ਵਿਚਾਰ)—ਰੂਸ ਵਿੱਚ ਅਕਤੂਬਰ 1897 ਤੋਂ ਦਸੰਬਰ 1902 ਤੱਕ ਆਰਥਕਤਾਵਾਦੀਆਂ ਦੀ ਇੱਕ ਟੋਲੀ ਵੱਲੋਂ ਪ੍ਰਕਾਸ਼ਤ ਕੀਤਾ ਜਾਂਦਾ ਇੱਕ ਅਖ਼ਬਾਰ।

ਸਫ਼ਾ—58

54. "**ਰਾਬੋਚੇਯੇ ਦੇਲੋ**" (ਕਿਰਤੀਆਂ ਦਾ ਕਾਜ਼)—ਵਿਦੇਸ਼ਾਂ ਵਿੱਚ ਵਧਦੇ ਰੂਸੀ ਸੋਸ਼ਲ-ਡੈਮੋਕਰੈਟਾਂ ਦਾ ਤਰਜਮਾਨ, ਜਿਹੜਾ ਅਪ੍ਰੈਲ 1899 ਤੋਂ ਫਰਵਰੀ 1902 ਤੱਕ ਜਨੇਵਾ ਤੋਂ ਛਪਦਾ ਰਿਹਾ। "ਰਾਬੋਚਯੇ ਦੇਲੋ" ਦਾ ਸੰਪਾਦਕੀ ਮੰਡਲ ਵਿਦੇਸ਼ਾਂ ਵਿੱਚ ਆਰਥਕਤਾਵਾਦੀਆਂ ਦੇ ਕੇਂਦਰ ਦਾ ਕੰਮ ਦੇਂਦਾ ਸੀ। ਇਹ ਅਖ਼ਬਾਰ ਮਾਰਕਸਵਾਦ ਉੱਤੇ ਪੜਚੋਲ ਕਰਨ ਦੀ ਬਰਨਸਟਾਈਨਵਾਦੀ "ਅਜ਼ਾਦੀ" ਦੀ ਹਮਾਇਤ ਕਰਦਾ ਸੀ ਅਤੇ ਰੂਸੀ ਸੋਸ਼ਲ-ਡੈਮੋਕਰੈਟਾਂ ਦੇ ਦਾਅ-ਪੇਚਾਂ ਅਤੇ ਜਥੇਬੰਦਕ ਕੰਮਾਂ ਸਬੰਧੀ ਇਹਨੇ ਮੌਕਾ-ਪ੍ਰਸਤ ਦ੍ਰਿਸ਼ਟੀਕੋਣ ਅਪਣਾਇਆ।

ਸਫ਼ਾ—58

# ਨਾਮਾਵਲੀ

**ਅ**

**ਅਲੇਕਸਿੰਸਕੀ, ਗ੍ਰਿਗੋਰੀ ਅਲੈਕਸੇਯੇਵਿਚ** (ਜਨਮ 1879)—1905-07 ਦੇ ਇਨਕਲਾਬ ਸਮੇਂ ਸੋਸ਼ਲ-ਡੈਮੋਕਰੈਟ, ਬਾਲਸ਼ਵਿਕ, ਇਨਕਲਾਬ ਦੀ ਹਾਰ ਪਿੱਛੋਂ—ਓਤਜ਼ੋਵਵਾਦੀ। ਪਹਿਲੇ ਸੰਸਾਰ ਯੁੱਧ ਸਮੇਂ ਜ਼ਾਰਸ਼ਾਹੀ ਦੀ ਲੋਟੂ ਨੀਤੀ ਦੀ ਹਮਾਇਤ ਕਰਨ ਵਾਲ਼ਾ ਅੰਧ-ਰਾਸ਼ਟਰਵਾਦੀ।

ਸਫ਼ਾ—44

**ਐਕਸਲਰੋਦ, ਪਾਵੇਲ ਬੋਰੀਸੋਵਿਚ** (1850-1928)—ਰੂਸੀ ਸੋਸ਼ਲ-ਡੈਮੋਕਰੈਟ। ਰੂਸੀ ਸੋਸ਼ਲ-ਡੈਮੋਕਰੈਟਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ (1903) ਤੋਂ ਪਿੱਛੋਂ ਮੈਨਸ਼ਵਿਕ, ਪਿੱਛੋਂ ਖਾਤਮੇਵਾਦੀ। ਪਹਿਲੇ ਸੰਸਾਰ ਯੁੱਧ (1914-18) ਸਮੇਂ ਕੇਂਦਰਵਾਦੀ ਫ਼ਿਕਰੇ ਵਰਤ ਕੇ ਸਮਾਜੀ ਅੰਧਰਾਸ਼ਟਰਵਾਦੀ ਪੁਜ਼ੀਸ਼ਨਾਂ ਉੱਤੇ ਖੜ੍ਹਾ ਹੋਇਆ।

ਸਫ਼ਾ—6, 8, 13, 37

**ੲ**

**ਏਂਗਲਜ਼, ਫ਼ਰੀਡਰਿਖ਼** (1820-1895)—ਵਿਗਿਆਨਿਕ ਸੋਸ਼ਲਿਜ਼ਮ ਦੇ ਮੋਢੀਆਂ ਵਿੱਚੋਂ ਇੱਕ, ਕੌਮਾਂਤਰੀ ਪ੍ਰੋਲੇਤਾਰੀ ਦਾ ਆਗੂ ਅਤੇ ਅਧਿਆਪਕ, ਕਾਰਲ ਮਾਰਕਸ ਦਾ ਮਿੱਤਰ ਅਤੇ ਨੇੜਲਾ ਸਾਥੀ।

ਸਫ਼ਾ— 16-17

**ਸ**

**ਸ਼ਟਰੇਬੇਲ, ਹੀਨਰਿਖ਼** (1869-1945)—ਜਰਮਨ ਸੋਸ਼ਲ-ਡੈਮੋਕਰੈਟ, ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿੱਚ ਸਾਮਰਾਜੀ ਯੁੱਧ ਦਾ ਵਿਰੋਧ ਕੀਤਾ, ਇੱਕ ਅਜਿਹੀ "ਕੌਮਾਂਤਰੀਵਾਦੀ" ਟੋਲੀ ਦਾ ਮੈਂਬਰ ਸੀ ਜੋ ਕਾਊਟਸਕੀਵਾਦ ਜਿਹੇ ਸੁਭਾਅ ਦੀ ਪ੍ਰਤਿਨਿਧਤਾ ਕਰਦੀ ਸੀ। 1916 ਵਿੱਚ ਅੰਤ ਕਾਊਟਸਕੀਵਾਦੀ ਦ੍ਰਿਸ਼ਟੀਕੋਣ ਅਪਣਾਇਆ, 1917 ਵਿੱਚ ਜਰਮਨੀ ਦੀ ਸੁੰਤਤਰ ਸੋਸ਼ਲ-ਡੈਮੋਕਰੈਟਕ ਪਾਰਟੀ ਦੀ ਸਥਾਪਨਾ ਦਾ ਮੁੱਢ ਬੰਨ੍ਹਣ ਵਾਲ਼ਿਆਂ ਵਿੱਚੋਂ ਇੱਕ ਸੀ।

ਸਫ਼ਾ—47

**ਸਤਰੂਵੇ, ਪਿਓਤਰ ਬਰਨਗਾਰਦੋਵਿਚ** (1870-1944)—ਰੂਸੀ ਬੁਰਜੂਆ

ਅਰਥ-ਸ਼ਾਸਤਰੀ ਅਤੇ ਪ੍ਰਚਾਰਕ, ਕਾਨਸਟੀਚਿਊਸ਼ਨਲ-ਡੈਮੋਕਰੈਟਕ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। 1890 ਤੋਂ 1900 ਤੱਕ "ਕਾਨੂੰਨੀ ਮਾਰਕਸਵਾਦ" ਦਾ ਸਭ ਤੋਂ ਉੱਘਾ ਪ੍ਰਤਿਨਿਧ, ਮਾਰਕਸ ਦੇ ਆਰਥਕ ਅਤੇ ਦਾਰਸ਼ਨਿਕ ਸਿਧਾਂਤ ਵਿੱਚ "ਵਾਧੇ" ਅਤੇ "ਪੜਚੋਲਾਂ" ਪੇਸ਼ ਕੀਤੀਆਂ, ਮਾਰਕਸਵਾਦ ਅਤੇ ਕਿਰਤੀਆਂ ਦੀ ਲਹਿਰ ਨੂੰ ਬੁਰਜੂਆਜ਼ੀ ਦੇ ਹਿੱਤਾਂ ਨਾਲ਼ ਸੁਮੇਲਣ ਦਾ ਜਤਨ ਕੀਤਾ।

ਸਫ਼ਾ—9, 19

**ਸਲਾਂਦਰਾ, ਅਨਤੋਨੀਓ** (1853-1931)—ਇਟਲੀ ਦਾ ਰਾਜਨੇਤਾ, ਸਨਅਤੀ ਅਜਾਰੇਦਾਰਾਂ ਅਤੇ ਇਟਲੀ ਦੇ ਵੱਡੇ ਜ਼ਮੀਨ ਮਾਲਕਾਂ ਦੇ "ਉਦਾਰ-ਪੰਥੀ ਗੁੱਟ" ਦੇ ਸੱਜੇ ਪੱਖ ਦੇ ਨੇਤਾਵਾਂ ਵਿੱਚੋਂ ਇੱਕ। 1914 ਤੋਂ 1916 ਤੱਕ ਇਟਲੀ ਦੇ ਮੰਤਰੀ ਪ੍ਰੀਸ਼ਦ ਦਾ ਪ੍ਰਧਾਨ। ਇਟਲੀ ਦੇ ਐਨਤੇਂਤੇ ਦੇ ਪੱਖ ਵਿੱਚ ਪਹਿਲੇ ਸੰਸਾਰ ਯੁੱਧ ਵਿੱਚ ਸ਼ਾਮਲ ਹੋਣ ਦੀ ਨੀਤੀ ਦੇ ਮੋਢੀਆਂ ਵਿੱਚੋਂ ਇੱਕ।

ਸਫ਼ਾ—18

**ਸਾਰਟੋਰੀਅਸ ਵਾਨ ਵਾਲਟੇਰਹਾਊਸਨ, ਆਗਸਤ** (ਜਨਮ 1852)—ਜਰਮਨ ਬੁਰਜੂਆ ਅਰਥ-ਸ਼ਾਸਤਰੀ, ਜਰਮਨ ਸਾਮਰਾਜ ਦਾ ਪੱਖੀ, ਆਰਥਕਤਾ ਅਤੇ ਰਾਜਨੀਤੀ ਸਬੰਧੀ ਕਈ ਪੁਸਤਕਾਂ ਦਾ ਕਰਤਾ।

ਸਫ਼ਾ—42

**ਸਾਵੀਨਕੋਵ, ਬੋਰਿਸ ਵਿਕਤੋਰੋਵਿਚ** (1879-1925)—ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, ਪਿੱਛੋਂ ਜਾਕੇ ਸੋਵੀਅਤ ਲੋਕਾਂ ਵਿਰੁੱਧ ਉਲਟ-ਇਨਕਲਾਬੀ ਘੋਲ਼ ਦਾ ਇੱਕ ਜਥੇਬੰਦਕ।

ਸਫ਼ਾ

**ਸ਼ੀਦੇਮਾਨ, ਫ਼ਿਲਿਪ**- (1865-1939)—ਜਰਮਨ ਸੋਸ਼ਲ-ਡੈਮੋਕਰੈਸੀ ਦੇ ਅਤਿ ਦੇ ਮੌਕਾ-ਪ੍ਰਸਤ ਨੇਤਾਵਾਂ ਵਿੱਚੋਂ ਇੱਕ। 1911 ਤੋਂ ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਬੋਰਡ ਦਾ ਮੈਂਬਰ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—38, 47, 55, 57

**ਸ਼ੁਲਟਜ, ਆਰਨੈਸਟ** (1874-1943)—ਜਰਮਨ ਅਰਥ-ਸ਼ਾਸਤਰੀ ਜਰਮਨ ਸਾਮਰਾਜ ਦਾ ਪੱਖੀ।

ਸਫ਼ਾ—26

**ਸੇਮਬਾਤ, ਮਾਰਸਲ** (1862-1922)—ਫ਼ਰਾਂਸੀਸੀ ਸੋਸ਼ਲਿਸਟ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ ਅੰਧ-ਰਾਸ਼ਟਰਵਾਦੀ। ਅਗਸਤ 1914 ਤੋਂ ਸੰਤਬਰ1917 ਤੱਕ ਫ਼ਰਾਂਸ ਦੀ ਸਾਮਰਾਜੀ "ਕੌਮੀ ਰੱਖਿਆ ਹਕੂਮਤ" ਵਿੱਚ ਸਰਵਜਨਕ ਉਸਾਰੀ ਦਾ ਮੰਤਰੀ।

ਸਫ਼ਾ—46, 55

## ਹ

**ਹਾਈਨੇ ਵੁਲ.ਫਰਾਂਗ** (1861-1944)—ਜਰਮਨ ਰਾਜਸੀ ਨੇਤਾ, ਸੱਜੇ ਪੱਖੀ ਸੋਸ਼ਲ-ਡੈਮੋਕਰੈਟ।

ਸਫ਼ਾ—38

**ਹਾਸ, ਹਿਊਗੋ** (1863-1939)—ਜਰਮਨ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, ਕੇਂਦਰਵਾਦੀ।

ਸਫ਼ਾ—46-47, 59

**ਹਾਰਮਜ਼, ਬਰਨਹਾਰਡ** (1876-1919)—ਜਰਮਨ ਅਰਥ-ਸ਼ਾਸਤਰੀ, ਕਾਥੇਦੇਰ-ਸੋਸ਼ਲਿਜ਼ਮ ਦਾ ਪ੍ਰਤਿਨਿਧ, ਜਰਮਨ ਸਾਮਰਾਜ ਦਾ ਪੱਖੀ।

ਸਫ਼ਾ—23

**ਹਿੰਡਮੈਨ, ਹੈਨਰੀ ਮੇਅਰਜ਼** (1842-1921)—ਬਰਤਾਨਵੀ ਸੋਸ਼ਲਿਸਟ, ਸੁਧਾਰਵਾਦੀ। 1900-10 ਵਿੱਚ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਮੈਂਬਰ। ਬਰਤਾਨਵੀ ਸੋਸ਼ਲਿਸਟ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। 1916 ਵਿੱਚ, ਪਾਰਟੀ ਦੀ ਸਾਲਫੋਰਡ ਕਾਨਫਰੰਸ ਪਿੱਛੋਂ ਉਹਨੇ ਇਹ ਪਾਰਟੀ ਛੱਡ ਦਿੱਤੀ ਅਤੇ ਯੁੱਧ ਸਬੰਧੀ ਆਪਣੀਆਂ ਸਮਾਜੀ ਅੰਧ-ਰਾਸ਼ਟਰਵਾਦੀ, ਪੁਜ਼ੀਸ਼ਨਾਂ ਦੀ ਨਿਖੇਧੀ ਕੀਤੀ।

ਸਫ਼ਾ—4-5,13, 37

**ਹੀਗਲ, ਜਾਰਜ ਵਿਲਹੈਲਮ .ਫਰੀਡਰਿਖ** (1770-1831)—ਸਭ ਤੋਂ ਮਹਾਨ ਜਰਮਨ ਦਾਰਸ਼ਨਿਕ-ਯਥਾਰਥਵਾਦੀ ਆਦਰਸ਼ਵਾਦੀ। ਦਵੰਦਵਾਦ ਦੇ, ਜੋ ਦਵੰਦਵਾਦੀ ਪਦਾਰਥਵਾਦ ਦਾ ਸਿਧਾਂਤਕ ਸੋਮਾ ਬਣਿਆ, ਡੂੰਘੇ ਅਤੇ ਸਰਬ-ਪੱਖੀ ਵਿਸਥਾਰਨ ਦਾ ਇਤਿਹਾਸਕ ਸਿਹਰਾ ਹੀਗਲ ਦੇ ਸਿਰ ਬੱਝਦਾ ਹੈ। ਪਰ ਹੀਗਲ ਦਾ ਦਵੰਦਵਾਦ ਆਦਰਸ਼ਵਾਦੀ ਖ਼ਾਸੇ ਵਾਲ਼ਾ ਸੀ।

ਸਫ਼ਾ—14, 16

**ਹੇਗਲੁੰਡ, ਕਾਰਲ ਜ਼ੈਟ ਕਨਸਟਨਟਿਨ** (1884-1956)—ਸਵੀਡਨ ਵਿੱਚ ਖੱਬੇ-ਪੱਖੀ ਸੋਸ਼ਲ-ਡੈਮੋਕਰੈਟਿਕ ਅਤੇ ਜਵਾਨਾਂ ਦੀ ਸੋਸ਼ਲ-ਡੈਮੋਕਰੈਟਿਕ ਲਹਿਰ ਦਾ ਨੇਤਾ। ਪਹਿਲੇ ਸੰਸਾਰ ਯੁੱਧ (1914-18) ਸਮੇਂ ਕੌਮਾਂਤਰੀਵਾਦੀ। 1917-24 ਵਿੱਚ ਸਵੀਡਨ ਦੀ ਕਮਿਊਨਿਸਟ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ, 1924 ਵਿੱਚ ਮੌਕਾ-ਪ੍ਰਸਤੀ ਕਾਰਨ ਕਮਿਊਨਿਸਟ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਸਫ਼ਾ—44

**ਹੈਂਡਰਸਨ, ਆਰਥਰ** (1863-1935)—ਬਰਤਾਨਵੀ ਰਾਜਸੀ ਨੇਤਾ, ਲੇਬਰ ਪਾਰਟੀ ਦੇ ਟਰੇਡ ਯੂਨੀਅਨ ਕੌਂਸਲ ਦਾ ਇੱਕ ਸੱਜੇ-ਪੱਖੀ ਨੇਤਾ, ਸਮਾਜੀ -ਅੰਧਰਾਸ਼ਟਰਵਾਦੀ, 1915 ਤੋਂ 1931 ਤੱਕ ਕਈ ਵਾਰ ਬਰਤਾਨਵੀ ਹਕੂਮਤ ਦਾ ਮੈਂਬਰ ਰਿਹਾ।

ਸਫ਼ਾ—55

**ਹੈਇਸ਼ਿ, ਕੋਨਰਡ,** (1876-1925)—ਜਰਮਨ ਸੋਸ਼ਲ-ਡੈਮੋਕਰੈਟਕ, ਪਹਿਲੇ ਸੰਸਾਰ ਯੁੱਧ (1914-1918) ਦੇ ਵਰ੍ਹਿਆਂ ਵਿੱਚ ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—38

**ਕਲਾਊਜ਼ੇਵਿਤਜ਼ ਕਾਰਲ** (1780-1831)—ਪਰੂਸ਼ੀਆ ਦਾ ਜਰਨੈਲ, ਸਭ ਤੋਂ ਵੱਡਾ ਫ਼ੌਜੀ ਸਿਧਾਂਤਕਾਰ, ਨੈਪੋਲੀਅਨ ਦੇ ਯੁੱਧਾਂ ਅਤੇ ਹੋਰਨਾਂ ਯੁੱਧਾਂ ਦੇ ਇਤਿਹਾਸ ਸਬੰਧੀ ਪੁਸਤਕਾਂ ਦਾ ਕਰਤਾ।

ਸਫ਼ਾ—16

**ਕਾਊਟਸਕੀ, ਕਾਰਲ** (1854-1938)—ਜਰਮਨ ਸੋਸ਼ਲ-ਡੈਮੋਕਰੈਸੀ ਅਤੇ ਦੂਜੀ ਇੰਟਰਨੈਸ਼ਲ ਦੇ ਨੇਤਾਵਾਂ ਵਿੱਚੋ ਇੱਕ, ਪਹਿਲਾਂ ਮਾਰਕਸਵਾਦੀ, ਪਿੱਛੋਂ ਭਗੌੜਾ, ਆਦਰਸ਼ਵਾਦੀ ਅਤੇ ਸਭ ਤੋਂ ਵੱਧ ਖ਼ਤਰਨਾਕ ਅਤੇ ਹਾਨੀਕਾਰਕ ਕਿਸਮ ਦੀ ਇੱਕ ਮੌਕਾ-ਪ੍ਰਸਤੀ-ਕੇਂਦਰਵਾਦ (ਕਾਊਟਸਕੀਵਾਦ) ਦਾ ਵਿਚਾਰਧਾਰਕ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ ਅੰਧਰਾਸ਼ਟਰਵਾਦੀ। ਪਰਾ-ਸਾਮਰਾਜਵਾਦ ਦਾ ਪਿੱਛਾਂਹ-ਖਿੱਚੂ ਸਿਧਾਂਤ ਘੜਨ ਵਾਲ਼ਾ। ਰੂਸ ਵਿੱਚ ਸੋਸ਼ਲਿਸਟ ਇਨਕਲਾਬ ਅਤੇ ਸੋਵੀਅਤ ਰਿਆਸਤ ਦਾ ਵਿਰੋਧ ਕੀਤਾ।

ਸਫ਼ਾ— 5-8, 16, 18, 20, 40, 46-47, 49, 53, 55, 59

**ਕਾਇਓ, ਜੋਜ਼ਫ** (1863-1944)—ਫ਼ਰਾਂਸੀਸੀ ਰਾਜਨੇਤਾ, ਰੈਡੀਕਲ ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ (1914-18) ਤੋਂ ਪਹਿਲਾਂ ਵਿੱਤ ਮੰਤਰੀ, ਮੰਤਰੀ ਪ੍ਰੀਸ਼ਦ ਦਾ ਪ੍ਰਧਾਨ ਅਤੇ ਗ੍ਰਹਿ ਮੰਤਰੀ। ਉਹ ਜਰਮਨ-ਪੱਖੀ ਨੀਤੀ ਉੱਤੇ ਚੱਲਿਆ।

ਸਫ਼ਾ—15

**ਕੁਨੋਵ, ਹੀਨਰਿਖ਼** (1862-1936)—ਜਰਮਨ ਸੋਸ਼ਲ-ਡੈਮੋਕਰੈਟ, ਇਤਿਹਾਸਕਾਰ, ਸਮਾਜ-ਵਿਗਿਆਨੀ ਅਤੇ ਨਸਲ-ਵਿਗਿਆਨੀ। ਪਹਿਲਾਂ ਉਹ ਮਾਰਕਸਵਾਦੀਆਂ ਦੇ ਨੇੜੇ ਸੀ ਪਰ ਫ਼ੇਰ ਸੋਧਵਾਦੀ ਅਤੇ ਮਾਰਕਸਵਾਦ ਨੂੰ ਤੋੜ ਮੋਰੜ ਕੇ ਪੇਸ਼ ਕਰਨ ਵਾਲ਼ਾ ਬਣ ਗਿਆ। ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ ਸਮਾਜੀ-ਸਾਮਰਾਜ ਦਾ ਸਿਧਾਂਤਕਾਰ ਬਣ ਗਿਆ।

ਸਫ਼ਾ—8, 11, 18, 58

**ਕੋਸੋਵਸਕੀ, ਵ.** (1870-1941)—ਰੂਸੀ ਸੋਸ਼ਲ-ਡੈਮੋਕਰੈਟ, ਮੈਨਸ਼ਵਿਕ। ਪਹਿਲੇ ਸੰਸਾਰ ਯੁੱਧ ਦੇ ਦਿਨੀਂ ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—3, 55

**ਗ**

**ਗਥੇ, ਜੋਹਾਨ ਵਲਫ਼ਰਾਂਗ** (1749-1832)—ਮਹਾਨ ਜਰਮਨ ਕਵੀ ਅਤੇ ਵਿਚਾਰਕ।

ਸਫ਼ਾ—29

**ਗਰਿਮ, ਰਾਬਰਟ** (1881-1958)—ਸਵਿਟਜ਼ਰਲੈਂਡ ਦੀ ਸੋਸ਼ਲ-ਡੈਮੋਕਰੈਟਿਕ,

ਪਾਰਟੀ ਦੇ ਨੇਤਾਵਾਂ ਵਿੱਚੋਂ ਇੱਕ। ਪਹਿਲੇ ਸੰਸਾਰ ਯੁੱਧ ਸਮੇਂ—ਕੇਂਦਰਵਾਦੀ, ਜ਼ਿਮਰਵਾਲਡ ਅਤੇ ਕਿਏਥਾਲ ਕਾਨਫ਼ਰੰਸਾਂ ਵਿੱਚ ਸ਼ਾਮਲ ਹੋਇਆ। ਕੌਮਾਂਤਰੀ ਸੋਸ਼ਲਿਸਟ ਕਮਿਸ਼ਨ ਦਾ ਸਭਾ-ਪਤੀ।

ਸਫ਼ਾ—45

**ਗਾਰਦੇਨਿਨ, ਯੂ—** ਵੇਖੋ ਚੇਰਨੋਵ, ਵ. ਸ.

ਸਫ਼ਾ

**ਗੇਦ ਜੂਲ, (ਬਾਸਿਲ, ਮੈਥਿਊ)** (1845-1922)—ਫ਼ਰਾਸੀਸੀ ਸੋਸ਼ਲਿਸਟ ਲਹਿਰ ਤੇ ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਵਿੱਚੋਂ ਇੱਕ। ਉਹਨੇ ਮਾਰਕਸਵਾਦੀ ਵਿਚਾਰ ਦਾ ਪ੍ਰਚਾਰ ਕਰਨ ਅਤੇ ਫ਼ਰਾਂਸ ਵਿੱਚ ਸੋਸ਼ਲਿਸਟ ਲਹਿਰ ਵਿਕਸਿਤ ਕਰਨ ਲਈ ਬਹੁਤ ਕੁਝ ਕੀਤਾ। ਪਰ ਸੱਜੇ-ਪੱਖੀ ਸੋਸ਼ਲਿਸਟਾਂ ਦੀਆਂ ਨੀਤੀਆਂ ਦਾ ਵਿਰੋਧ ਕਰਦੇ ਹੋਏ ਉਹਨੇ ਸੰਕਰੀਣ ਖ਼ਾਸੇ ਵਾਲ਼ੀਆਂ ਗ਼ਲਤੀਆਂ ਕੀਤੀਆਂ। ਪਹਿਲੇ ਸੰਸਾਰ ਯੁੱਧ ਦੇ ਮੁੱਢ ਤੋਂ ਉਹਨੇ ਸਮਾਜੀ ਅੰਧ-ਰਾਸ਼ਟਰਵਾਦੀ ਪੁਜ਼ੀਸ਼ਨਾਂ ਅਪਣਾਈਆਂ ਅਤੇ ਫ਼ਰਾਂਸ ਦੀ ਬੁਰਜੂਆ ਹਕੂਮਤ ਦਾ ਮੈਂਬਰ ਸੀ।

ਸਫ਼ਾ—5, 37-38, 49

**ਗੁਚਕੋਵ, ਅਲੈਕਸਾਂਦਰ ਈਵਾਨੋਵਿਚ** (1862-1936)—ਰੂਸੀ ਸਰਮਾਏਦਾਰ, ਅਕਤੂਬਰਵਾਦੀ ਪਾਰਟੀ ਦਾ ਮੋਢੀ ਅਤੇ ਲੀਡਰ।

ਸਫ਼ਾ—18

**ਗਰੈਲਿਖ, ਹਰਮਨ** (1842-1925)—ਸਵਿਟਜ਼ਰਲੈਂਡ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ ਅਤੇ ਇਹਦੇ ਸੱਜੇ-ਪੱਖ ਦਾ ਨੇਤਾ। ਪਹਿਲੇ ਸੰਸਾਰ ਯੁੱਧ ਸਮੇਂ-ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—45

**ਗ਼ੋਰਟਰ, ਹਰਮਨ** (1864-1927)—ਹਾਲੈਂਡ ਦਾ ਖੱਬੇ-ਪੱਖੀ ਸੋਸ਼ਲ-ਡੈਮੋਕਰੈਟ ਅਤੇ ਪ੍ਰਚਾਰਕ, ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ ਕੌਮਾਂਤਰੀਵਾਦੀ, ਜ਼ਿਮਰਵਾਲਡ ਦੀ ਖੱਬੇ-ਪੱਖ ਦੀ ਕਾਨਫ਼ਰੰਸ ਤਜਵੀਜ਼ ਕਰਨ ਵਾਲ਼ਾ।

ਸਫ਼ਾ—44

**ਗੈਰੀਬਾਲਡੀ, ਜੂਜ਼ੇਪੇ** (1807-1882)— ਇਟਲੀ ਦਾ ਕੌਮੀ ਹੀਰੋ, ਇਟਲੀ ਦੀ ਇਨਕਲਾਬੀ ਜਮੂਹਰੀਅਤ ਦਾ ਨੇਤਾ, ਉੱਘਾ ਫ਼ੌਜੀ ਨੇਤਾ। 1847-67 ਵਿੱਚ ਇਟਲੀ ਦੀ ਇੱਕਮੁੱਠਤਾ ਲਈ, ਵਿਦੇਸ਼ੀ ਗ਼ੁਲਾਮੀ ਵਿਰੁੱਧ, ਸਾਮੰਤੀ-ਨਿਰੰਕੁਸ਼ ਹਕੂਮਤ ਅਤੇ ਪਾਦਰੀਵਾਦ ਪਿਛਾਖੜ ਵਿਰੁੱਧ ਘੋਲ ਦੀ ਅਗਵਾਈ ਕੀਤੀ।

ਸਫ਼ਾ—18

**ਚ**

**ਚੇਰਨੋਵ, ਵਿਰਤੋਰ ਮਿਖਾਈਲੋਵਿਚ** (ਗਾਰਦੇਨਿਨ ਯ.) (1876-1952)—ਸੋਸ਼ਲਿਸਟ-ਇਨਕਲਾਬੀ ਪਾਰਟੀ ਦੇ ਨੇਤਾਵਾਂ ਅਤੇ ਸਿਧਾਂਤਕਾਰਾਂ ਵਿੱਚੋਂ ਇੱਕ; ਮਾਰਕਸਵਾਦ

ਵਿਰੁੱਧ ਲੇਖਾਂ ਦਾ ਕਰਤਾ।

ਸਫ਼ਾ—17

### ਜ

**ਜ਼ਿਫਨ, ਰਾਬਰਟ** (1837–1910)—ਬਰਤਾਨਵੀ ਬੁਰਜੂਆ ਅਰਥ-ਸ਼ਾਸਤਰੀ ਅਤੇ ਅੰਕ-ਵਿਗਿਆਨੀ, ਸਰਮਾਏਦਾਰੀ ਦਾ ਪੱਖੀ।

ਸਫ਼ਾ—15

**ਜ਼ੂਦੇਕੁਮ, ਐਲਬਰਟ** (1871–1944)—ਜਰਮਨ ਸੋਸ਼ਲ-ਡੈਮੋਕਰੈਸੀ ਦੇ ਮੌਕਾ-ਪ੍ਰਸਤ ਨੇਤਾਵਾਂ ਵਿੱਚੋਂ ਇੱਕ, ਸੋਧਵਾਦੀ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—11, 31, 35, 46, 55, 57, 59

**ਜ਼ੇਲਿਯਾਬੋਵ, ਆਂਦਰੇਈ ਈਵਾਨੋਵਿਚ** (1850–1881)—ਉੱਘਾ ਰੂਸੀ ਇਨਕਲਾਬੀ, "ਨਾਰੋਦਨਾਯਾ ਵੋਲੀਆ" (ਜਨਤਕ ਇੱਛਾ) ਪਾਰਟੀ ਦਾ ਜਥੇਬੰਦਕ ਅਤੇ ਨੇਤਾ। ਉਹ ਜ਼ਾਰਸ਼ਾਹੀ ਵਿਰੁੱਧ ਇਨਕਲਾਬੀ ਘੋਲ਼ ਦੀ ਲੋੜ ਅਨੁਭਵ ਕਰਨ ਵਾਲ਼ੇ ਪਹਿਲੇ ਨਰੋਦਵਾਦੀਆਂ ਵਿੱਚੋਂ ਸੀ। ਉਹਨੇ ਅਲੈਕਸਾਂਦਰ ਦੂਜੇ ਉੱਤੇ ਕਈ ਕਾਤਲਾਨਾ ਹਮਲੇ ਜਥੇਬੰਦ ਕੀਤੇ। ਪਹਿਲੀ ਮਾਰਚ 1881 ਨੂੰ ਜ਼ਾਰ ਦਾ ਕਤਲ ਜਥੇਬੰਦ ਕਰਨ ਦੇ ਦੋਸ਼ ਵਿਚ ਜ਼ੇਲਿਯਾਬੋਵ ਨੂੰ ਫ਼ਾਂਸੀ ਲਾ ਦਿੱਤਾ ਗਿਆ।

ਸਫ਼ਾ—18

**ਡੇਵਿਡ, ਐਦੂਆਰਦ** (1863–1930)—ਸੱਜੇ-ਪੱਖੀ ਜਰਮਨ ਸੋਸ਼ਲ-ਡੈਮੋਕਰੈਸੀ ਦੇ ਨੇਤਾਵਾਂ ਵਿੱਚੋਂ ਇੱਕ, ਸੋਧਵਾਦੀ, ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ—ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—6, 38, 52

### ਤ

**ਤ੍ਰੋਏਲਸਤਰਾ, ਪੀਟਰ ਜੇਲੇਜ਼** (1860–1930)—ਹਾਲੈਂਡ ਦੀ ਕਿਰਤੀ ਲਹਿਰ ਦਾ ਇੱਕ ਪ੍ਰਤਿਨਿਧ, ਸੱਜੇ-ਪੱਖੀ ਸੋਸ਼ਲਿਸਟ। ਨੀਦਰਲੈਂਡ ਸੋਸ਼ਲ-ਡੈਮੋਕਰੈਟਿਕ ਕਿਰਤੀ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ (1894), ਮੌਕਾ-ਪ੍ਰਸਤ। ਪਹਿਲੇ ਸੰਸਾਰ ਯੁੱਧ ਸਮੇਂ ਜਰਮਨ ਹਿਮਤੀ ਝੁਕਾਅ ਵਾਲ਼ਾ ਸਮਾਜੀ ਅੰਧਰਾਸ਼ਟਰਵਾਦੀ।

ਸਫ਼ਾ—44

**ਦੀਲਾਇਸੀ, ਫਰਾਂਸਿਸ** (ਜਨਮ 1873)—ਫਰਾਂਸੀਸੀ ਨਿੱਕ-ਬੁਰਜੂਆ ਅਰਥ-ਸ਼ਾਸਤਰੀ, ਸੰਘਵਾਦੀ ਅਤੇ ਸ਼ਾਂਤੀਵਾਦੀ।

ਸਫ਼ਾ—7

**ਦੂਮਾ, ਚਾਰਲਸ** (ਜਨਮ 1883)—ਫ਼ਰਾਂਸੀਸੀ ਸੋਸ਼ਲਿਸਟ, ਪੱਤਰਕਾਰ ਅਤੇ ਪ੍ਰਚਾਰਕ। ਪਹਿਲੇ ਸੰਸਾਰ ਯੁੱਧ ਦੇ ਵਰ੍ਹਿਆਂ ਵਿੱਚ ਸਮਾਜੀ-ਅੰਧਰਾਸ਼ਟਰਵਾਦੀ।

ਸ.ਫ਼ਾ—5

**ਨ**

**ਨਿਕੋਲਸ ਦੂਜਾ** (1868-1918)—ਰੂਸ ਦਾ ਆਖਰੀ ਸ਼ਹਿਨਸ਼ਾਹ (1894-1917)

ਸ.ਫ਼ਾ—16, 30

**ਨੈਪੋਲੀਅਨ ਤੀਜਾ (ਲੂਈ ਬੋਨਾਪਰਾਟ)** (1808-1873)—1852 ਤੋਂ 1870 ਤੱਕ ਫਰਾਂਸ ਦਾ ਸ਼ਹਿਨਸ਼ਾਹ।

ਸ.ਫ਼ਾ—17

**ਪ**

**ਪਲੈਖ਼ਾਨੋਵ, ਗਿਆਰਗੀ ਵਾਲੈਨਤੀਨੋਵਿਚ** (1856-1918)—ਰੂਸੀ ਅਤੇ ਕੌਮਾਂਤਰੀ ਕਿਰਤੀ ਲਹਿਰ ਦਾ ਉੱਘਾ ਨੇਤਾ, ਰੂਸ ਵਿੱਚ ਮਾਰਕਵਾਦ ਦਾ ਪਹਿਲਾ ਪ੍ਰਚਾਰਕ। ਪਹਿਲੇ ਰੂਸੀ ਮਾਰਕਸਵਾਦੀ ਟੋਲੀ "ਕਿਰਤੀ ਦੀ ਮੁਕਤੀ" ਦਾ ਜਥੇਬੰਦਕ (1883)। 1903 ਵਿੱਚ ਰੂਸੀ ਸੋਸ਼ਲ-ਡੈਮੋਕਰੈਟਿਕ ਲੇਬਰ ਪਾਰਟੀ ਦੀ ਦੂਜੀ ਕਾਂਗਰਸ ਤੋਂ ਪਿੱਛੋਂ ਮੈਨਸ਼ਵਿਕ। ਪਹਿਲੇ ਸੰਸਾਰ ਯੁੱਧ (1914-18) ਦੇ ਸਮੇਂ ਸਮਾਜੀ ਅੰਧਰਾਸ਼ਟਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1917 ਤੋਂ ਫਰਵਰੀ ਬੁਰਜੂਆ-ਜਮਹੂਰੀ ਇਨਕਲਾਬ ਤੋਂ ਪਿੱਛੋਂ ਰੂਸ ਪਰਤ ਆਇਆ। ਅਕਤੂਬਰ ਸੋਸ਼ਲਿਸਟ ਇਨਕਲਾਬ ਵੱਲ ਉਹਦਾ ਵਤੀਰਾ ਨਾਂਹ-ਪੱਖੀ ਸੀ ਪਰ ਉਹਨੇ ਸੋਵੀਅਤ ਸੱਤਾ ਵਿਰੁੱਧ ਘੋਲ਼ ਵਿੱਚ ਹਿੱਸਾ ਨਾ ਲਿਆ।

ਸ.ਫ਼ਾ—5-7, 11, 13-14, 16, 37, 44-46, 49, 58

**ਪਾਨੇਕੁਕ, ਅਨਟੋਨੀ** (1873-1960)—ਹਾਲੈਂਡ ਦਾ ਸੋਸ਼ਲ-ਡੈਮੋਕਰੈਟਕ, 1907 ਵਿੱਚ ਅਖ਼ਬਾਰ ´Die Tribune[a] ਦੇ ਜਥੇਬੰਦਕਾਂ ਵਿੱਚੋਂ ਇੱਕ ਸੀ। ਇਹ ਅਖ਼ਬਾਰ ਹਾਲੈਂਡ ਦੀ ਸੋਸ਼ਲ-ਡੈਮੋਕਰੈਸੀ ਦੇ ਖੱਬੇ ਪੱਖ ਦਾ ਤਰਜਮਾਨ ਸੀ, ਪਹਿਲੇ ਸੰਸਾਰ ਯੁੱਧ ਦੇ ਦਿਨਾਂ ਵਿੱਚ ਕੌਮਾਂਤਰੀਵਾਦੀ।

ਸ.ਫ਼ਾ—9, 44

**ਪੈਸ਼, ਜਾਰਜ** (1867-1957)—ਬਰਤਾਨਵੀ ਬੁਰਜੂਆ ਅਰਥ-ਸ਼ਾਸਤਰੀ, ਸੰਸਾਰ ਆਰਥਕਤਾ ਅਤੇ ਨੀਤੀ ਸਬੰਧੀ ਕਈ ਪੁਸਤਕਾਂ ਦਾ ਕਰਤਾ।

ਸ.ਫ਼ਾ—15, 24

**ਪੋਤਰੇਸੋਵ, ਅਲੈਕਸਾਂਦਰ ਨਿਕੋਲਾਏਵਿਚ** (ਸਤਾਰੋਵਰ) (1896-1934)—ਮੈਨਸ਼ਵਿਕਵਾਦ ਦੇ ਨੇਤਾਵਾਂ ਵਿੱਚੋਂ ਇੱਕ। ਪਿਛਾਖੜ ਦੇ ਵਰ੍ਹਿਆਂ (1907-10) ਵਿੱਚ-ਖ਼ਾਤਮੇਵਾਦੀ। ਪਹਿਲੇ ਸੰਸਾਰ ਯੁੱਧ ਸਮੇਂ -ਸਮਾਜੀ ਅੰਧਰਾਸ਼ਟਰਵਾਦੀ।

ਸ.ਫ਼ਾ—15, 55

**ਫ**

**ਫ਼ਿਊਰਬਾਖ਼, ਲੁਡਵਿਗ ਆਂਦਰੀਆਸ** (1804-1872)—ਉੱਘਾ ਜਰਮਨ ਦਾਰਸ਼ਨਿਕ—ਪਾਦਰਥਵਾਦੀ ਅਤੇ ਨਾਸਤਕ, ਮਾਰਕਸਵਾਦ ਦੇ ਪਹਿਲਕਿਆਂ ਵਿਚੋਂ ਇੱਕ।

ਸਫ਼ਾ—29

**ਬ**

**ਬਰਨਸਟਾਈਨ, ਏਡੂਆਰਡ** (1850-1932)—ਜਰਮਨ ਸੋਸ਼ਲ-ਡੈਮੋਕਰੈਸੀ ਤੇ ਦੂਜੀ ਇੰਟਰਨੈਸ਼ਨਲ ਦੇ ਅਤਿ ਸੱਜੇ ਪੱਖ ਦਾ ਨੇਤਾ, ਸੋਧਵਾਦ ਅਤੇ ਸੁਧਾਰਵਾਦ ਦਾ ਸਿਧਾਂਤਕਾਰ।

ਸਫ਼ਾ—59

**ਬਰਾਂਟਿੰਗ, ਕਾਰਲ ਯਾਲਮਾਰ** (1860-1925)—ਸਵੀਡਨ ਦੀ ਸੋਸ਼ਲ-ਡੈਮੋਕਰੈਟਿਕ ਪਾਰਟੀ ਦਾ ਇੱਕ ਨੇਤਾ, ਮੌਕਾ-ਪ੍ਰਸਤ। ਪਹਿਲੇ ਸੰਸਾਰ ਯੁੱਧ ਸਮੇਂ ਸਮਾਜੀ-ਅੰਧਰਾਸ਼ਟਰਵਾਦੀ। 1917 ਵਿੱਚ ਈਡਨ ਦੀ ਕੁਲੀਸ਼ਨ ਹਕੂਮਤ ਵਿੱਚ ਸ਼ਾਮਲ ਹੋ ਗਿਆ।

ਸਫ਼ਾ—44

**ਬਿਸੋਲਾਤੀ, ਲਿਓਨਦਾ** (1857-1920)—ਇਟਲੀ ਦੀ ਸੋਸ਼ਲਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ, ਸੁਧਾਰਵਾਦੀ ਪੱਖ ਦਾ ਨੇਤਾ। 1912 ਵਿੱਚ ਇਟਲੀ ਦੀ ਸੋਸ਼ਲਿਸਟ ਪਾਰਟੀ ਤੋਂ ਕੱਢ ਦਿੱਤਾ ਗਿਆ ਅਤੇ "ਸੋਸ਼ਲ-ਸੁਧਾਰਵਾਦੀ ਪਾਰਟੀ" ਬਣਾਈ। ਪਹਿਲੇ ਸੰਸਾਰ ਯੁੱਧ (1914-18) ਸਮੇਂ ਸਮਾਜੀ ਅੰਧਰਾਸ਼ਟਰਵਾਦੀ ਐਨਤੇਂਤੇ ਦੇ ਹੱਕ ਵਿੱਚ ਇਟਲੀ ਦੇ ਯੁੱਧ ਵਿੱਚ ਹਿੱਸਾ ਲੈਣ ਦੀ ਹਮਾਇਤ ਕੀਤੀ।

ਸਫ਼ਾ—44

**ਬ੍ਰੇਲਜ਼ਫੋਰਡ, ਹੈਨਰੀ ਨੋਇਲ** (ਜਨਮ 1873) — ਬਰਤਾਨਵੀ ਬੁਰਜੂਆ ਪ੍ਰਚਾਰਕ ਅਤੇ ਸ਼ਾਂਤੀਵਾਦੀ।

ਸਫ਼ਾ—14

**ਬੈਲਗਰ, ਅਰਵਿਨ** (1875-ਮੌਤ 1919 ਅਤੇ 1922 ਦੇ ਵਿਚਕਾਰ)—ਜਰਮਨ ਬੁਰਜੂਆ ਰਾਜਸੀ ਨੇਤਾ, ਪ੍ਰਚਾਰਕ, ਸ਼ਾਹ-ਪ੍ਰਸਤ ਅਤੇ ਅੰਧ-ਰਾਸ਼ਟਰਵਾਦੀ, ਜਰਮਨ ਸਾਮਰਾਜ ਦਾ ਪੱਖੀ।

ਸਫ਼ਾ—42

**ਮ**

**ਮਾਨੀਟਰ—**ਇੱਕ ਮੌਕਾ-ਪ੍ਰਸਤ, ਜਰਮਨ ਸੋਸ਼ਲ-ਡੈਮੋਕਰੈਟ ਦਾ ਫ਼ਰਜੀ ਨਾਂ ਜਿਸਨੇ ਅਪ੍ਰੈਲ 1915 ਵਿੱਚ ਪੁਰਾਤਨਤਾਵਾਦੀ ਅਖ਼ਬਾਰ ´Preuflische Jahrb¸cherª ਵਿੱਚ ਇੱਕ ਲੇਖ ਛਪਵਾਇਆ। ਲੇਖਕ ਨੇ ਸੋਸ਼ਲ-ਡੈਮੋਕਰੇਸੀ ਦੇ ਕੇਂਦਰਵਾਦੀ ਖ਼ਾਸੇ ਦੀ, ਜਿਸਨੇ ਮੌਕਾ-ਪ੍ਰਸਤਾਂ ਨੂੰ ਇਸ ਯੋਗ ਬਣਾਇਆ ਕਿ ਉਹ "ਖੱਬੂ" ਫ਼ਿਕਰਿਆਂ ਪਿੱਛੇ ਬੁਰਜੂਆਜ਼ੀ ਨਾਲ਼ ਸ਼੍ਰੇਣੀ ਮਿਲਵਰਤਨ ਦੀ ਨੀਤੀ ਨੂੰ ਲੁਕਾ ਸਕਣ, ਜਿਸਤੋਂ ਮੌਕ-

ਪ੍ਰਸਤਾਂ ਅਤੇ ਬੁਰਜੂਆਜ਼ੀ ਨੂੰ ਲਾਭ ਹੋਇਆ, ਖੁੱਲ੍ਹ ਕੇ ਹਮਾਇਤ ਕੀਤੀ ਅਤੇ ਇਹਨੂੰ ਕਾਇਮ ਰੱਖਣ ਦੀ ਤਜਵੀਜ਼ ਕੀਤੀ।

ਸਫ਼ਾ—47

**ਮਾਰਕਸ, ਕਾਰਲ** (1818–1883)—ਵਿਗਿਆਨਕ ਕਮਿਊਨਿਜ਼ਮ ਦਾ ਮੋਢੀ, ਇੱਕ ਮਹਾਨ ਵਿਚਾਰਵਾਨ, ਕੌਮਾਂਤਰੀ ਪ੍ਰੋਲੇਤਾਰੀ ਦਾ ਆਗੂ ਅਤੇ ਅਧਿਆਪਕ।

ਸਫ਼ਾ—6, 16, 17, 19, 33

**ਮਾਰਤੋਵ, ਲ. (ਤਸੇਦੇਰਬਾਊਮ, ਯੂਲੀ ਓਸੀਪੋਵਿਚ)** (1873–1923)—ਮੈਨਸ਼ਵਿਕਵਾਦ ਦੇ ਨੇਤਾਵਾਂ ਵਿੱਚੋਂ ਇੱਕ, ਪਹਿਲੇ ਸੰਸਾਰ ਯੁੱਧ ਸਮੇਂ ਕੇਂਦਰਵਾਦੀ ਦ੍ਰਿਸ਼ਟੀਕੋਣ ਅਪਣਾਇਆ। 1917 ਵਿੱਚ ਮੈਨਸ਼ਵਿਕ–ਕੌਮਾਂਤਰੀਵਾਦੀਆਂ ਦੀ ਇੱਕ ਟੋਲੀ ਦੀ ਅਗਵਾਈ ਕੀਤੀ। ਅਕਤੂਬਰ ਇਨਕਲਾਬ ਤੋਂ ਪਿੱਛੋਂ ਸੋਵੀਅਤ ਸੱਤਾ ਦਾ ਵਿਰੋਧ ਕੀਤਾ।

ਸਫ਼ਾ—37, 39

**ਮਿਲੇਰਾਂਦ, ਅਲੈਕਸਾਂਦਰ ਏਤੀਨ** (1859–1943)—ਫ਼ਰਾਂਸੀਸੀ ਰਾਜਸੀ ਨੇਤਾ। ਉਨ੍ਹੀਵੀਂ ਸਦੀ ਦੇ ਅਖ਼ੀਰੀ ਦਹਾਕੇ ਵਿੱਚ ਸੋਸ਼ਲਿਸਟਾਂ ਵਿੱਚ ਸ਼ਾਮਲ ਹੋ ਗਿਆ। 1899 ਵਿੱਚ ਉਹਨੇ ਸੋਸ਼ਲਿਜ਼ਮ ਨਾਲ਼ ਗ਼ੱਦਾਰੀ ਕੀਤੀ ਅਤੇ ਵਾਲਦੇਕ–ਰੂਸੋ ਹਕੂਮਤ ਵਿੱਚ ਸ਼ਾਮਲ ਹੋ ਗਿਆ, ਜਿਸ ਨੇ ਪੈਰਿਸ ਕਮਿਊਨ ਦੇ ਬੁੱਚੜ ਜਨਰਲ ਗਾਲਿਫ਼ੇ ਨਾਲ਼ ਮਿਲਵਰਤਨ ਕੀਤਾ। 1904 ਵਿੱਚ ਸੋਸ਼ਲਿਸਟ ਪਾਰਟੀ ਵਿੱਚੋਂ ਕੱਢੇ ਜਾਣ ਪਿੱਛੋਂ ਬਰਾਇਨ ਅਤੇ ਵਿਵੀਆਨੀ ਨਾਲ਼ ਮਿਲਕੇ "ਸੁਤੰਤਰ ਸੋਸ਼ਲਿਸਟਾਂ" ਦੀ ਇੱਕ ਟੋਲੀ ਸਥਾਪਤ ਕੀਤੀ। 1909–10, 1912–13, ਅਤੇ 1914–15 ਵਿੱਚ ਕਈ ਵਜ਼ਾਰਤੀ ਪਦਵੀਆਂ ਉੱਤੇ ਰਿਹਾ। 1920–24 ਵਿੱਚ ਫ਼ਰਾਂਸ ਦਾ ਪ੍ਰਧਾਨ ਰਿਹਾ।

ਸਫ਼ਾ—18

**ਮੁਰਾਨੋਵ, ਮਾਤਵੇਈ ਕਨਸਤਨਤੀਨੋਵਿਚ** (1873–1959)—ਰੂਸੀ ਸੋਸ਼ਲ–ਡੈਮੋਕਰੈਟ, ਬਾਲਸ਼ਵਿਕ, ਚੌਥੀ ਰਾਜ ਦੂਮਾ ਦਾ ਮੈਂਬਰ। ਨਵੰਬਰ 1914 ਵਿੱਚ ਸਾਮਰਾਜੀ ਯੁੱਧ ਵਿਰੁੱਧ ਸਰਗਰਮੀ ਕਾਰਨ ਗ੍ਰਿਫ਼ਤਾਰ ਕੀਤਾ ਅਤੇ ਸਾਇਬੇਰੀਆ ਵਿਖੇ ਜਲਾਵਤਨ ਕਰ ਦਿੱਤਾ ਗਿਆ।

ਸਫ਼ਾ—55

**ਮੇਹਰਿੰਗ, ਫ਼ਰਾਂਜ਼** (1846–1919) — ਜਰਮਨ ਕਿਰਤੀਆਂ ਦੀ ਲਹਿਰ ਦਾ ਉੱਘਾ ਨੇਤਾ, ਜਰਮਨ ਸੋਸ਼ਲ–ਡੈਮੋਕਰੈਸੀ ਦੇ ਖੱਬੇ ਪੱਖ ਦਾ ਨੇਤਾ ਅਤੇ ਸਿਧਾਂਤਕਾਰ, ਇਨਕਲਾਬੀ "ਸਪਾਰਟਾਕਸ ਏਕੇ" ਦੇ ਨੇਤਾਵਾਂ ਵਿੱਚੋਂ ਇੱਕ, ਜਰਮਨ ਕਮਿਊਨਿਸਟ ਪਾਰਟੀ ਦੀ ਸਿਰਜਣਾ ਵਿੱਚ ਹਿੱਸਾ ਲਿਆ।

ਸਫ਼ਾ—7, 30, 36

**ਰ**

**ਰਾਦੇਕ, ਕਾਰਲ ਬਰਨਗਾਰਦੋਵਿਚ** (1885–1939)—ਗੈਲੀਸੀਆ, ਪੋਲੈਂਡ ਅਤੇ

ਜਰਮਨੀ ਵਿੱਚ ਸੋਸ਼ਲ-ਡੈਮੋਕਰੈਟ ਲਹਿਰ ਵਿੱਚ ਹਿੱਸਾ ਲੈਣ ਵਾਲ਼ਾ। ਪਹਿਲੇ ਸੰਸਾਰ ਯੁੱਧ ਦੇ ਦਿਨੀਂ ਕੌਮਾਂਤਰੀਵਾਦੀ। ਕੌਮਾਂ ਦੇ ਆਤਮ-ਨਿਰਣੇ ਦੇ ਹੱਕ ਸਬੰਧੀ ਗ਼ਲਤ ਦ੍ਰਿਸ਼ਟੀਕੋਣ ਅਪਣਾਇਆ। 1917 ਤੋਂ ਪਿਛੋਂ ਬਲਸ਼ਵਿਕ। 1923 ਤੋਂ ਪਿਛੋਂ ਟਰਾਟਸਕੀਵਾਦੀ ਵਿਰੋਧ ਦਾ ਸਰਗਰਮ ਮੈਂਬਰ। ਆਪਣੀਆਂ ਪਾਰਟੀਆਂ ਵਿਰੋਧੀ ਸਰਗਰਮੀਆਂ ਕਾਰਨ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਸਫ਼ਾ—9

**ਰਿਟਜ਼ਲਰ, ਕੁਰਟ (ਰੂਦੋਰਫ਼ੇਰ)** (1882-1955)—ਜਰਮਨ ਕੂਟ ਨੀਤੀਵਾਨ, ਦਾਰਸ਼ਨਕ, ਪ੍ਰਚਾਰਕ, ਜਰਮਨ ਸਾਮਰਾਜੀ ਬੁਰਜੂਆਜ਼ੀ ਦੇ ਉਦਾਰਪੰਥੀ-ਸ਼ਾਹ-ਪ੍ਰਸਤ ਪੱਖ ਦਾ ਪ੍ਰਤਿਨਿਧ। ਸੰਸਾਰ ਨੀਤੀ ਸਬੰਧੀ ਕਈ ਪੁਸਤਕਾਂ ਦਾ ਕਰਤਾ।

ਸਫ਼ਾ—42

**ਰੂਦੋਰਫ਼ੇਰ—**ਵੇਖੋ ਰਿਟਜ਼ਲਰ, ਕੁਰਟ।

ਸਫ਼ਾ

**ਰੋਪਸ਼ਿਨ, ਵ.—**ਵੇਖੋ ਸਾਵੀਨਕੋਵ, ਬ. ਵ.

ਸਫ਼ਾ

**ਰੋਬਸਪੀਅਰ, ਮੈਕਸਮਿਲੀਅਨ ਮਾਰੀ ਇਸੀਦੋਰ** (1758-1794)—ਅਠਾਰਵੀਂ ਸਦੀ ਦੇ ਅੰਤ ਉੱਤੇ ਮਹਾਨ ਫ਼ਰਾਂਸੀਸੀ ਬੁਰਜੂਆ ਇਨਕਲਾਬ ਦਾ ਇੱਕ ਨੇਤਾ, ਜੈਕੋਬਿਨਾਂ ਦਾ ਨੇਤਾ, 1793-94 ਵਿੱਚ ਇਨਕਲਾਬੀ ਹਕੂਮਤ ਦਾ ਅਸਲੀ ਮੁਖੀ।

ਸਫ਼ਾ—18

**ਲ**

**ਲਾਇਡ ਜਾਰਜ, ਡੇਵਿਡ** (1863-1945)—ਬਰਤਾਨਵੀ ਰਾਜਨੇਤਾ, ਲਿਬਰਲ ਪਾਰਟੀ ਦਾ ਨੇਤਾ। 1919-22 ਵਿੱਚ ਬਰਤਾਨੀਆ ਦਾ ਪ੍ਰਧਾਨ ਮੰਤਰੀ।

ਸਫ਼ਾ—15, 24

**ਲਾਸਾਲ ਫ਼ਰਡੀਨਾਂਡ** (1825-1864)—ਜਰਮਨ ਸੋਸ਼ਲਿਸਟ, ਕੁੱਲ-ਜਰਮਨ ਕਿਰਤੀ ਏਕੇ ਦਾ ਮੋਢੀ। ਕਈ ਅਤਿ-ਅੰਤ ਮਹੱਤਵਪੂਰਨ ਮਸਲਿਆਂ ਉੱਤੇ ਮੌਕਾ-ਪ੍ਰਸਤ ਦ੍ਰਿਸ਼ਟੀਕੋਣ ਅਪਣਾਇਆ ਜਿਸ ਕਾਰਨ ਮਾਰਕਸ ਅਤੇ ਏਂਗਲਜ਼ ਨੇ ਉਹਦੀ ਕਰੜੀ ਅਲੋਚਨਾ ਕੀਤੀ।

ਸਫ਼ਾ—29

**ਲੀਬਕਨੇਖ਼ਤ, ਕਾਰਲ** (1871-1919)—ਜਰਮਨ ਅਤੇ ਸੰਸਾਰ ਕਿਰਤੀ ਲਹਿਰ ਦਾ ਉੱਘਾ ਨੇਤਾ। ਪਹਿਲੇ ਸੰਸਾਰ ਯੁੱਧ ਦੇ ਸਮੇਂ (1914-1918) ਇਨਕਲਾਬੀ ਕੌਮਾਂਤਰੀਵਾਦੀ ਦ੍ਰਿਸ਼ਟੀਕੋਣ ਅਪਣਾਇਆ। ਇਨਕਲਾਬੀ "ਸਪਾਰਟਾਕਸ ਏਕੇ" ਦੇ ਜਥੇਬੰਦਕਾਂ ਅਤੇ ਨੇਤਾਵਾਂ ਵਿੱਚੋਂ ਇੱਕ। ਜਰਮਨ ਕਮਿਊਨਿਸਟ ਪਾਰਟੀ ਦੇ ਮੋਢੀਆਂ ਵਿੱਚੋਂ ਇੱਕ ਅਤੇ ਜਨਵਰੀ 1919 ਵਿੱਚ ਬਰਲਿਨ ਵਿੱਚ ਮਜ਼ਦੂਰਾਂ ਦੀ ਬਗ਼ਾਵਤ ਦਾ ਨੇਤਾ।

ਬਗ਼ਾਵਤ ਦੇ ਕੁਚਲੇ ਜਾਣ ਪਿੱਛੋਂ ਉਲਟ-ਇਨਕਲਾਬੀਆਂ ਹੱਥੋਂ ਬੜੀ ਨਿਰਦੈਤਾ ਨਾਲ਼ ਕਤਲ ਕੀਤਾ ਗਿਆ।

ਸਫ਼ਾ—52

**ਲੁਕਸਮਬਰਗ, ਰੋਜ਼ਾ** (1871-1919)—ਜਰਮਨ, ਪੋਲਿਸ਼ ਅਤੇ ਕੌਮਾਂਤਰੀ ਕਿਰਤੀ ਲਹਿਰ ਦੀ ਉੱਘੀ ਨੇਤਾ, ਦੂਜੀ ਇੰਟਰਨੈਸ਼ਨਲ ਦੇ ਖੱਬੇ ਪੱਖ ਦੇ ਨੇਤਾਵਾਂ ਵਿੱਚੋਂ ਇੱਕ, ਜਰਮਨ ਕਮਿਊਨਿਸਟ ਪਾਰਟੀ ਦੀ ਇੱਕ ਮੋਢੀ। ਜਨਵਰੀ 1919 ਵਿੱਚ ਉਲਟ-ਇਨਕਲਾਬੀਆਂ ਨੇ ਕਤਲ ਕਰ ਦਿੱਤੀ।

ਸਫ਼ਾ—7, 30, 36

**ਲੂਕਾਸ, ਚਾਰਲਸ ਪ੍ਰੇਸਟਵੁਡ** (1853-1931)—ਬਰਤਾਨਵੀ ਬਸਤੀਵਾਦੀ ਅਫ਼ਸਰ, ਇਤਿਹਾਸਕਾਰ ਅਤੇ ਬਰਤਾਨਵੀ ਸਾਮਰਾਜ ਦਾ ਪੱਖੀ। ਬਰਤਾਨੀਆ ਦੀ ਬਸਤੀਵਾਦੀ ਸਲਤਨਤ ਦੇ ਇਤਿਹਾਸ ਸਬੰਧੀ ਕਈ ਪੁਸਤਕਾਂ ਦਾ ਲੇਖਕ।

ਸਫ਼ਾ—42

**ਲੇਗੀਨ, ਕਾਰਲ** (1861-1920)—ਜਰਮਨ ਸੋਸ਼ਲ-ਡੈਮੋਕਰੈਟ, ਜਰਮਨ ਟਰੇਡ ਯੂਨੀਅਨਾਂ ਦਾ ਨੇਤਾ, ਸੁਧਾਰਵਾਦੀ। ਪਹਿਲੇ ਸੰਸਾਰ ਯੁੱਧ ਸਮੇਂ—ਸਮਾਜੀ ਅੰਧ-ਰਾਸ਼ਟਰਵਾਦੀ।

ਸਫ਼ਾ—38, 47, 50, 53, 55

**ਲੈਨਿਨ, ਵ. ਇ** (1870-1924)

ਸਫ਼ਾ—11, 12, 59

**ਵ**

**ਵਾਇਯਾਂ, ਐਦੂਆਰਦ ਮਾਰੀ** (1840-1915)—ਫਰਾਂਸੀਸੀ ਸੋਸ਼ਲਿਸਟ, ਦੂਜੀ ਇੰਟਰਨੈਸ਼ਨਲ ਦੇ ਨੇਤਾਵਾਂ ਵਿੱਚੋਂ ਇੱਕ। 1905 ਵਿੱਚ ਫ਼ਰਾਂਸ ਦੀ ਸੋਸ਼ਲਿਸਟ ਪਾਰਟੀ ਸੁਧਾਰਵਾਦੀ ਫਰਾਂਸੀਸੀ ਪਾਰਟੀ ਵਿੱਚ ਸ਼ਾਮਲ ਹੋ ਜਾਣ ਤੋਂ ਪਿਛੋਂ ਵਾਇਯਾਂ ਨੇ ਮੁੱਖ ਮਸਲਿਆਂ ਸਬੰਧੀ ਮੌਕਾ-ਪ੍ਰਸਤ ਦ੍ਰਿਸ਼ਟੀਕੋਣ ਅਪਣਾਇਆ। ਪਹਿਲੇ ਸੰਸਾਰ ਯੁੱਧ ਸਮੇਂ—ਸਮਾਜੀ-ਅੰਧਰਾਸ਼ਟਰਵਾਦੀ।

ਸਫ਼ਾ—37, 38, 45

**ਵਾਂਡਰਵੇਲਡੇ, ਐਮਿਲ** (1866-1938)—ਬੈਲਜੀਅਮ ਦੀ ਕਿਰਤੀਆਂ ਦੀ ਪਾਰਟੀ ਦਾ ਨੇਤਾ, ਦੂਜੀ ਇੰਟਰਨੈਸ਼ਨਲ ਦੇ ਕੌਮਾਂਤਰੀ ਸੋਸ਼ਲਿਸਟ ਬਿਊਰੋ ਦਾ ਸਭਾ-ਪਤੀ, ਮੌਕਾ-ਪ੍ਰਸਤ। ਪਹਿਲੇ ਸੰਸਾਰ ਯੁੱਧ ਸਮੇਂ—ਸਮਾਜੀ ਅੰਧ-ਰਾਸ਼ਟਰਵਾਦੀ; ਬੁਰਜੂਆ ਹਕੂਮਤ ਦਾ ਮੈਂਬਰ ਸੀ, ਕਈ ਵਜ਼ਾਰਤੀ ਪਦਵੀਆਂ ਉੱਤੇ ਰਿਹਾ।

ਸਫ਼ਾ—7, 46, 55

**ਵਿਲਹੈਲਮ ਦੂਜਾ, (ਹੋਹਿਨਜ਼ੋਲਰਨ)—**(1859-1941), ਜਰਮਨ ਸ਼ਹਿਨਸ਼ਾਹ ਅਤੇ ਪਰੂਸ਼ੀਆ ਦਾ ਬਾਦਸ਼ਾਹ (1888-1918)

ਸਫ਼ਾ—16

# ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | | |
|---|---|---|
| 1. | ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) | 20.00 |
| 2. | ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) | 30.00 |
| 3. | ਲੂਈ ਬੋਨਾਪਾਰਟ ਦਾ ਅਠਾਰ੍ਹਵਾਂ ਬਰੂਮੇਰ (ਕਾ. ਮਾਰਕਸ) | 50.00 |
| 4. | ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) | 35.00 |
| 5. | ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) | 65.00 |
| 6. | ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) | 05.00 |
| 7. | ਲੁਡਵਿਗ ਫ਼ਿਉਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) | 30.00 |
| 8. | ਕਾਰਲ ਮਾਰਕਸ ਅਤੇ ਉਨ੍ਹਾਂ ਦੀ ਸਿੱਖਿਆ (ਲੈਨਿਨ) | 35.00 |
| 9. | ਰਾਜ ਅਤੇ ਇਨਕਲਾਬ (ਲੈਨਿਨ) | 50.00 |
| 10. | ਰਾਜ (ਲੈਨਿਨ) | 10.00 |
| 11. | ਖੇਤੀ ਵਿੱਚ ਪੂੰਜੀਵਾਦ (ਲੈਨਿਨ) | 15.00 |
| 12. | ਆਰਥਿਕ ਰੋਮਾਂਚਵਾਦ ਦਾ ਚਰਿੱਤਰ ਚਿਤਰਣ (ਲੈਨਿਨ) | 50.00 |
| 13. | ਰਿਹਾਇਸ਼ੀ ਘਰਾਂ ਦਾ ਸਵਾਲ (ਫ਼. ਏਂਗਲਜ਼) | 35.00 |
| 14. | ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) | 40.00 |
| 15. | ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ | 75.00 |
| 16. | ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) | 40.00 |
| 17. | ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) | 60.00 |
| 18. | ਦਵੰਦਵਾਦ ਜਰੀਏ ਲੋਕਾਂ ਦੀ ਸੇਵਾ (ਸੱਭਿਆਚਾਰਕ ਇਨਕਲਾਬ ਦੌਰਾਨ ਚੀਨ ਵਿੱਚ ਹੋਏ ਨਵੇਂ ਪ੍ਰਯੋਗਾਂ ਦੀ ਕਹਾਣੀ) | 10.00 |
| 19. | ਮਾਓ-ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਅਵੇਕੀਅਨ) | 100.00 |
| 20. | ਇਨਕਲਾਬ ਅੰਦਰ ਇਨਕਲਾਬ (ਆਇਰਿਸ ਹੰਟਰ) | 20.00 |
| 21. | ਸੋਵੀਅਤ ਯੂਨੀਅਨ ਦੇ ਇਤਿਹਾਸ ਸਬੰਧੀ ਪ੍ਰਚਾਰੇ ਜਾਂਦੇ ਝੂਠ | 10.00 |
| 22. | ਚੋਰ, ਭ੍ਰਿਸ਼ਟ ਤੇ ਅੱਯਾਸ਼ ਨੇਤਾਸ਼ਾਹੀ | 3.00 |
| 23. | ਨਵ-ਉਦਾਰਵਾਦੀ ਨੀਤੀਆਂ ਦੇ ਅਠਾਰਾਂ ਸਾਲ | 3.00 |
| 24. | ਫਿਲਾਸਫੀ ਕੋਈ ਗੋਰਖਧੰਦਾ ਨਹੀਂ (ਇਕ ਚੀਨੀ ਕਿਤਾਬ ਦਾ ਅਨੁਵਾਦ) | 10.00 |
| 25. | ਗ਼ਦਰੀ ਸੂਰਬੀਰ (ਰਣਧੀਰ ਸਿੰਘ) | 10.00 |
| 26. | ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) | 10.00 |

27. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਹੌਰ) 10.00
28. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10.00
29. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15.00
30. ਜੰਗਲਨਾਮਾ – ਇੱਕ ਸਿਆਸੀ ਪੜਚੋਲ 10.00
31. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ 10.00
32. ਸਮਾਜਵਾਦ ਦੀਆਂ ਸਮੱਸਿਆਵਾਂ, ਪੂੰਜੀਵਾਦੀ ਮੁੜ ਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20.00
33. ਕਿਉਂ ਮਾਓਵਾਦ ? 10.00
34. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰ) 10.00
35. ਮਜ਼ਦੂਰਾਂ ਦੇ ਖ਼ੂਨ ਨਾਲ ਲਿਖੀ ਪੇਰਿਸ ਕਮਿਊਨ ਦੀ ਅਮਰ ਕਹਾਣੀ 10.00
36. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10.00
37. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10.00
38. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 25.00
39. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ ਪੋਲੀਟੀਕਲ ਇਕਾਨਮੀ) 60.00
40. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ) 10.00
41. ਰਿਜ਼ਰਵੇਸ਼ਨ (ਪੱਖ, ਵਿਪੱਖ ਅਤੇ ਤੀਸਰਾ ਪੱਖ) 5.00
42. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ 20.00
43. ਭਗਤ ਸਿੰਘ ਨੇ ਕਿਹਾ... 5.00
44. ਸ਼ਹੀਦ ਕਰਤਾਰ ਸਿੰਘ ਸਰਾਭਾ 5.00
45. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10.00
46. ਫ਼ਲਸਫ਼ਾਨਾ ਲਿਖ਼ਤਾਂ (ਮਾਓ-ਜ਼ੇ-ਤੁੰਗ) 25.00
47. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10.00
48. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20.00
49. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20.00
50. ਨੌਜਵਾਨਾਂ ਨਾਲ਼ ਦੋ ਗੱਲਾਂ (ਪੀਟਰ ਕ੍ਰੋਪੋਟਕਿਨ) 10.00
51. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ ਅਤੇ ਲੈਨਿਨ ਵਲੋਂ ਸੁਤੰਤਰ ਵਪਾਰ ਸੰਬੰਧੀ ਵਿਚਾਰ) 10.00

| | | |
|---|---|---|
| 52. | ਆਈਨਸਟੀਨ ਦੇ ਸਮਾਜਿਕ ਸਰੋਕਾਰ | 10.00 |
| 53. | ਫਾਸੀਵਾਦ ਕੀ ਹੈ ? ਅਤੇ ਇਸ ਨਾਲ਼ ਕਿਵੇਂ ਲੜੀਏ ? | 15.00 |
| 54. | ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) | 50.00 |
| 55. | ਫ਼ਿਉਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) | 60.00 |
| 56. | ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) | 60.00 |
| 57. | ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) | 125.00 |
| 58. | ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) | 20.00 |
| 59. | ਪੂੰਜੀ ਦੀ ਉਤਪਤੀ (ਮਾਰਕਸ) | 45.00 |
| 60. | ਦੂਜੀ ਇੰਟਰਨੈਸ਼ਨਲ ਦਾ ਪਤਣ (ਲੈਨਿਨ) | 45.00 |
| 61. | ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) | 70.00 |
| 62. | ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) | 125.00 |
| 63. | ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) | 65.00 |
| 64. | ਸਾਹਿਤ ਅਤੇ ਕਲਾ ਬਾਰੇ (ਲੈਨਿਨ) | 150.00 |
| 65. | ਸਮਾਜਵਾਦ ਤੇ ਜੰਗ (ਲੈਨਿਨ) | 45.00 |
| 66. | ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) | 65.00 |
| 67. | ਅਸੀਂ ਜਿਹੜਾ ਵਿਰਸਾ ਤਿਆਗਦੇ ਹਾਂ (ਲੈਨਿਨ) | 25.00 |
| 68. | ਪ੍ਰੋਲੇਤਾਰੀ ਇਨਕਲਾਬ ਅਤੇ ਭਗੌੜਾ ਕਾਊਟਸਕੀ (ਲੈਨਿਨ) | 70.00 |
| 69. | ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) | 100.00 |
| 70. | ਅਡੋਲ ਬਾਲਸ਼ਵਿਕ ਨਤਾਸ਼ਾ | 30.00 |
| 71. | ਸੋਵੀਅਤ ਅਰਥ-ਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) | 60.00 |
| 72. | ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) | 60.00 |
| 73. | ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) | 60.00 |
| 74. | ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਾਕੰਮਾ) | 15.00 |
| 75. | ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) | 20.00 |
| 76. | ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) | 10.00 |

## ਦਸਤਕ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

| | |
|---|---|
| 1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ) | 80.00 |
| 2. ਮੇਰੇ ਸ਼ਗਿਰਦੀ ਦੇ ਦਿਨ (ਨਾਵਲ) (ਮੈਕਸਿਮ ਗੋਰਕੀ) | 100.00 |
| 3. ਮੇਰੇ ਵਿਸ਼ਵ-ਵਿਦਿਆਲੇ (ਨਾਵਲ) (ਮੈਕਸਿਮ ਗੋਰਕੀ) | 70.00 |
| 4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ) | 20.00 |
| 5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖਤ) | 15.00 |
| 6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ | 15.00 |
| 7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ | 10.00 |
| 8. ਪਹਿਲਾ ਅਧਿਆਪਕ (ਨਾਵਲੈੱਟ—ਚੰਗੀਜ਼ ਆਇਤਮਾਤੋਵ) | 20.00 |
| 9. ਸ਼ੋਲੋਖੋਵ ਦੀਆਂ ਕਹਾਣੀਆਂ | 30.00 |
| 10. ਸ਼ਾਂਤ ਸਰਘੀ ਵੇਲਾ (ਨਾਵਲ—ਬੋਰਿਸ ਵਾਸੀਲਿਯੇਵ) | 30.00 |
| 11. ਭਾਂਜ (ਨਾਵਲ—ਐਲੈਗਜ਼ਾਂਦਰ ਫ਼ਦੇਯੇਵ) | 100.00 |
| 12. ਫ਼ੌਲਾਦੀ ਹੜ੍ਹ (ਨਾਵਲ—ਅਲੈਗਜ਼ਾਂਦਰ ਸਰਾਫ਼ੀਮੋਵਿਚ) | 100.00 |
| 13. ਇਕਤਾਲ਼ੀਵਾਂ (ਨਾਵਲੈੱਟ—ਬੋਰਿਸ ਲਵਰੇਨਿਓਵ) | 30.00 |



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

ਕੀਮਤ — 45. ਰੁਪਏ